# ਮੌਨ ਵਾਰਤਾ

# ਮੌਨ ਵਾਰਤਾ

ਗੁਰੂਬਚਨ ਸਿੰਘ ਨਾਮਧਾਰੀ

*ਪ੍ਰਕਾਸ਼ਕ*
ਗੁਰਦੁਆਰਾ
ਸ੍ਰੀ ਭੈਣੀ ਸਾਹਿਬ

**Gurdwara**
**Shri Bhaini Sahib**
**Price - 200/-**

# Moun Vaarta

*by*

## Gurubachan Singh Namdhari

2025
printed & bound by
Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429, 4027552

*© Author 2025*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਾਦਰ ਸਮਰਪਿਤ

ਹਜੂਰ ਸਤਿਗੁਰੂ ਉਦੇ ਸਿੰਘ ਜੀ ਨੂੰ,
ਜਿਨ੍ਹਾਂ ਤੋਂ ਇਕ ਵਾਰ ਆਗਿਆ ਲੈ ਲਈ,
ਤਾਂ
ਆਕਾਸ਼ੋਂ ਅੱਖਰ ਉਤਰਦੇ ਰਹੇ
ਔਰ ਉਨ੍ਹਾਂ ਅੱਖਰਾਂ ਨੇ ਜੁੜ ਕੇ
ਕਿਤਾਬ ਦਾ ਰੂਪ ਲੈ ਲਿਆ.....

# ਤਤਕਰਾ


- ਨਾਮਧਾਰੀ ਸਰਨਿ ਤੇਰੀ 1
- ਮੁਕਤ ਜਨ 7
- ਸਮਾਜਿਕ ਨਿਆਂ 13
- ਮੌਤ ਦੇ ਸੰਦਰਭ ਵਿਚ... 20
- ਮੈਂ ਵਕਤ ਹਾਂ 27
- ਜ਼ਿੰਦਗੀ ਦਾ ਸਫ਼ਰ 33
- ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ 39
- ਜਿਨ੍ਹਾਂ ਨੈਣ ਨੀਂਦ੍ਰਾਵਲੇ 46
- ਹਰ ਦਿਲ ਅੰਦਰ ਦੁਖੜੇ 53
- ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ 61
- ਸਿੱਖੀ 65
- ਲਾਗੀ ਪ੍ਰੀਤ ਸੁਜਾਨ ਸਿਉ 72
- ਸਿੱਖੀ ਸਿਰਜਣਾ 77
- ਸ਼ਾਹ ਦਰਵੇਸ਼—ਸਤਿਗੁਰ ਪ੍ਰਤਾਪ ਸਿੰਘ 85
- ਇਹੁ ਜਗੁ ਤਾਗੋ ਸੂਤ ਕੋ ਭਾਈ 91
- ਵਿਸਾਖੀ : ਇਕ ਕ੍ਰਾਂਤੀ 96
- ਸਿੱਖ ਧਰਮ ਦਰਸ਼ਨ 100
- "ਗੁਰੂ ਪੁੰਨਿਆ" 106
- ਪੰਚ ਮਨਾਏ ਪੰਚ ਰੁਸਾਏ 114
- ਅਚਰਜ ਕਥਾ 119
- ਫਿਰਤੀ ਮਾਲਾ ਬਹੁ ਬਿਧਿ ਭਾਇ 125
- ਹਰਿ ਅੰਮ੍ਰਿਤ ਭਿੰਨੇ ਲੋਇਣਾ 130
- ਵਿਚਿ ਦੁਨੀਆ ਸੇਵ ਕਮਾਈਐ 136
- ਗੁਰੁ ਸਰਵਰ ਹਮ ਹੰਸ ਪਿਆਰੇ 140

# ਮੁਖ-ਬੰਧ

ਹਰ ਪਾਸੇ ਰੌਲਾ ਪਿਆ ਹੈ, ਬਾਹਰ ਭੀ ਅੰਦਰ ਭੀ। ਬਾਹਰ ਸੰਸਾਰ ਦਾ ਸ਼ੋਰ ਹੈ, ਅੰਦਰ ਮਨ ਦੀਆਂ ਮੰਗਾਂ। ਮੌਨ ਦੁਰਲੱਭ ਹੋ ਗਿਆ। ਰੂਹ ਅਤੇ ਰੱਬ, ਵਰ੍ਹਿਆਂ ਤੋਂ ਕਿਸੇ ਮੌਨ ਪਲ ਦੀ ਤਲਾਸ਼ ਵਿਚ ਹਨ। ਕਿਸੇ ਸੁਲੱਖਣੀ ਘੜੀ...ਕਿਸੇ ਸੁਨਹਿਰੇ ਪਲ, ਮੌਨ ਘਿਰ ਆਵੇ। ਮੌਨ ਦੇ ਖਿਣ, ਆਤਮਾ-ਪਰਮਾਤਮਾ ਦਾ ਸੰਵਾਦ ਹੋ ਸਕੇ...**"ਮੌਨ ਵਾਰਤਾ"** ਸਥਾਪਿਤ ਹੋ ਸਕੇ।

ਭਗਤ ਕਬੀਰ ਜੀ ਕਹਿੰਦੇ ਹਨ, ਕਾਸ਼ੀ ਨਗਰੀ ਦੀਆਂ ਮੜ੍ਹੀਆਂ ਵਿਚ ਇਕ ਸੁੰਨਸਾਨ ਮੁਰਦਾ-ਘਾਟ ਮੈਂ ਢੂੰਡ ਲਿਆ। ਦਸਾਸਮੇਧ ਘਾਟ ਤੋਂ ਪਰ੍ਹੇ, ਆਮ ਲੋਕਾਂ ਦੀ ਆਵਾਜਾਈ ਤੋਂ ਦੂਰ, "ਕਬੀਰ ਘਾਟ"। ਪਰ ਇਥੇ ਮੇਰੇ ਅੰਦਰ ਦਾ ਸ਼ੋਰ ਪ੍ਰਗਟ ਹੋਣ ਲੱਗਾ। ਮੇਰੇ ਹੀ ਪੰਜ ਪੁੱਤਰ—ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ, ਝਗੜਣ ਲੱਗ ਪਏ। ਇਹ ਪੰਜ ਪੁੱਤਰ ਅਤੇ ਇਨ੍ਹਾਂ ਦੀ ਮਾਂ ਤ੍ਰਿਸ਼ਨਾ, ਰਾਤ-ਦਿਨ ਬੇਚੈਨ ਰੱਖਦੇ।

"ਕਬੀਰ ਘਰ ਮਹਿ ਝਗਰਾ ਭਾਰੀ
"ਰਾਤ ਦਿਵਸ ਮਿਲ ਉਠ ਉਠ ਬੈਠਤ
"ਪੰਚ ਢੋਟਾ ਇਕ ਨਾਰੀ॥"

ਮੌਨ ਮਾਨਸ ਵਿਵਸਥਾ ਦੀ ਇਕ ਵਿਸਮਾਦੀ ਘਟਨਾ ਹੈ, ਜਦੋਂ ਅੰਦਰ ਭੀ, ਬਾਹਰ ਭੀ 'ਸੁੰਨ' ਪਸਰ ਜਾਂਦਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ, ਸੁੰਨ ਦਾ ਭਾਵ ਪ੍ਰਗਟ ਕਰਦੇ ਹਨ—

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ॥

ਇਹ ਪਰਮ ਮੌਨ ਦਾ ਖਿਣ ਹੁੰਦਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ, ਇਸ ਮੌਨ ਨੂੰ, ਸੁੰਨ ਨੂੰ ਸਿਰਜਣਹਾਰ ਘੋਸ਼ਤ ਕਰਦੇ ਹਨ। ਸ੍ਰਿਸ਼ਟੀ ਦੇ ਸਿਰਜਕ, ਪੰਜ-ਤੱਤ ਇਸ ਸੁੰਨ 'ਚੋਂ ਉਤਪੰਨ ਹੁੰਦੇ ਹਨ—

"ਪੰਚ ਤਤੁ ਸੁੰਨਹੁ ਪਰਗਾਸਾ॥
"ਦੇਹ ਸੰਜੋਗੀ ਕਰਮ ਅਭਿਆਸਾ॥"

ਇਹ 'ਮੌਨ' ਪਰਮਾਤਮਾ ਹੈ। ਰੂਹ ਨੂੰ ਸਦੀਆਂ ਤੋਂ ਤਲਾਸ਼ ਰਹੀ ਹੈ, ਇਸ ਘੜੀ ਦੀ।

ਤਾਂ **ਮੌਨ ਵਾਰਤਾ**, ਰੂਹ ਅਤੇ ਰੱਬ ਦਾ ਸੰਵਾਦ, ਅੱਖਰਾਂ-ਲਫ਼ਜ਼ਾਂ ਵਿਚ ਦਰਜ ਕਰ ਕੇ ਪੇਸ਼ ਕਰਨ ਦੀ ਕੋਸ਼ਿਸ਼, ਸਤਿਗੁਰ ਨੇ ਕਰਵਾਈ ਹੈ।

ਧਿਆਨ ਨਾਲ ਸੁਣੋ, ਅੱਖਰ ਬੋਲਦੇ ਹਨ।

**ਗੁਰੂਬਚਨ ਸਿੰਘ ਨਾਮਧਾਰੀ**

# ਨਾਮਧਾਰੀ ਸਰਨਿ ਤੇਰੀ

ਨਾਮ, ਕੁਝ ਅੱਖਰਾਂ ਦਾ ਸੁਮੇਲ ਹੈ। ਹਰ ਵਿਅਕਤੀ ਜਾਂ ਵਸਤੂ ਦਾ ਇਕ ਨਾਮ ਹੈ। ਇਹ ਨਾਮ, ਉਸ ਵਿਅਕਤੀ ਜਾਂ ਵਸਤੂ ਦਾ ਸੰਪਰਕ ਬੋਧਕ ਵੀ ਹੁੰਦਾ ਹੈ ਅਤੇ ਪ੍ਰੀਚੈਯਾਤਮਕ ਵੀ ਹੁੰਦਾ ਹੈ। ਧਰਮ ਗ੍ਰੰਥਾਂ ਵਿਚ ਪ੍ਰਯੋਗ ਹੋਇਆ 'ਨਾਮ', ਪਰਮੇਸ਼ਰ ਦਾ ਬਿੰਬ ਹੈ। ਕੋਈ ਸੱਜਣ ਮਿੱਤਰ ਤੁਹਾਨੂੰ ਆਵਾਜ਼ ਦਿੰਦਾ ਹੈ...ਤੁਹਾਡੇ ਨਾਂ ਨਾਲ ਪੁਕਾਰਦਾ ਹੈ ਤਾਂ ਇਹੋ 'ਨਾਂ' ਤੁਸੀਂ ਹੁੰਦੇ ਹੋ, ਜੀਂਵਦਾ ਜਾਗਦਾ ਮਨੁੱਖ। ਇਹ ਤੁਹਾਡਾ 'ਨਾਂ' ਅੱਖਰ ਨਹੀਂ ਰਹਿ ਜਾਂਦਾ। ਇਹ 'ਨਾਂ' ਤੁਹਾਡਾ ਸੰਪਰਕ ਸੂਤਰ ਬਣ ਜਾਂਦਾ ਹੈ। ਧਰਮ ਗ੍ਰੰਥਾਂ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਵੇਦ-ਸ਼ਾਸ੍ਰਤਾਂ ਵਿਚ ਪ੍ਰਯੋਗ ਕੀਤਾ ਗਿਆ 'ਨਾਮ', ਪਰਮਾਤਮਾ ਦਾ ਸੰਪਰਕ ਸੂਤਰ ਹੈ, ਪਰਮਾਤਮਾ ਦਾ ਬਿੰਬ ਹੈ।

ਪੰਜਵੇਂ ਪਾਤਸ਼ਾਹ, ਕਲਿਆਣ ਰਾਗ ਵਿਚ ਉਚਾਰੇ ਹੋਏ ਮਹਾਂਵਾਕ ਵਿਚ ਕਹਿੰਦੇ ਹਨ—

"ਨਾਮਧਾਰੀ ਸਰਣਿ ਤੇਰੀ॥
ਪ੍ਰਭ ਦਇਆਲ ਟੇਕ ਮੇਰੀ॥"

ਹੇ ਪ੍ਰਮਾਤਮਾ! ਮੈਂ ਤੇਰਾ ਨਾਮ ਧਾਰਨ ਕੀਤਾ ਹੈ...ਤੇਰੀ ਸ਼ਰਣ ਵਿਚ ਆਇਆ ਹਾਂ...ਮੇਰੀ ਲਾਜ ਰੱਖ! 'ਨਾਮਧਾਰੀ', ਆਤਮ-ਬੋਧ ਦੀ ਜਮਾਤ ਹੈ। ਧਰਮ ਸਿੱਖਿਆ ਦੀ ਸਿਖਰ ਜਮਾਤ! ਆਤਮ ਚੇਤਨਾ ਦਾ, ਕਰਮ ਦੇ ਸਿਖਰ ਤੇ ਉਪਸਥਿਤ ਹੋ ਜਾਣਾ! ਇਹ ਤਲ, ਕਿਸੇ ਪੰਥ ਜਾਂ ਸੰਪਰਦਾ ਦਾ ਤਲ ਨਹੀਂ ਹੁੰਦਾ...ਇਹ ਤਲ, ਪਰਮ ਚੇਤਨਾ ਦਾ ਜਾਗ੍ਰਿਤ ਤਲ ਹੁੰਦਾ ਹੈ। ਇਥੇ ਪਰਿਵਾਰ, ਵਾਪਾਰ, ਸੰਸਾਰ, ਆਪਣੀ ਦੇਹ ਭੀ ਥੱਲੇ ਰਹਿ ਜਾਂਦੀ ਹੈ। ਸਾਧਕ ਦੇ ਅੰਦਰ, ਸਿੱਖ ਦੇ ਅੰਦਰ, ਮਾਤਰ 'ਪਰਮਾਤਮਾ' ਰਹਿ ਜਾਂਦਾ ਹੈ....

"ਸੋ ਅੰਤਰਿ ਸੋ ਬਾਹਰ ਅਨੰਤ॥
"ਘਟਿ ਘਟਿ ਬਿਆਪਿ ਰਹਿਆ ਭਗਵੰਤ॥" (**ਸੁਖਮਨੀ**)

ਤਾਂ, ਦੇਹ ਬੋਧ ਨੂੰ ਤਿਆਗ ਕੇ, ਆਤਮ ਬੋਧ ਤੇ ਬਿਰਾਜਮਾਨ ਹੋ ਕੇ, ਤੱਤੀ ਲੋਹ 'ਤੇ ਬੈਠ ਜਾਣ ਦੇ ਜਿਗਰੇ ਵਾਲੇ ਪੰਚਮ ਪਾਤਸ਼ਾਹ ਕਹਿੰਦੇ ਹਨ, "ਮੈਂ ਨਾਮਧਾਰੀ...ਸਰਨਿ ਤੇਰੀ!"

ਨਾਮਧਾਰੀ ਹੋਣਾ, ਇਕ ਘਟਨਾ ਹੈ। ਹਿਰਦਾ ਕਾਮ ਨਾਲ ਭਰਿਆ ਹੈ। ਦੇਹ, ਪਰਿਵਾਰ ਨਾਲ ਜੁੜੀਆਂ ਕਾਮਨਾਵਾਂ ਨਾਲ ਭਰਿਆ ਹੋਇਆ ਭਾਂਡਾ। ਨੌਵੇਂ ਪਾਤਸ਼ਾਹ, ਮਨੁੱਖ ਦੀ ਦਸ਼ਾ ਪ੍ਰਗਟ ਕਰਦੇ ਹਨ, ਬਸੰਤ ਰਾਗ ਵਿਚ:

"ਪਾਪੀ ਹੀਐ ਮੈ ਕਾਮੁ ਬਸਾਇ॥"

ਉਸ ਹੀਐ ਵਿਚ, ਉਸ ਹਿਰਦੇ ਵਿਚ "ਨਾਮ" ਸਥਾਪਿਤ ਹੋ ਜਾਣ ਦੀ ਘਟਨਾ, ਗੁਰੂ ਕ੍ਰਿਪਾ ਨਾਲ ਕਾਮਨਾ ਘੱਟ ਹੋ ਜਾਏ ਤਾਂ ਮਨੁੱਖ "ਨਾਮਧਾਰੀ" ਹੁੰਦਾ ਹੈ।

ਮੈਨੂੰ, ਕਈ ਵਾਰ ਲੋਕ ਪੁੱਛਦੇ ਹਨ, ਨਾਮਧਾਰੀ ਕੌਣ ਹਨ ? ਦੂਸਰਿਆਂ ਸਿੱਖਾਂ ਨਾਲੋਂ ਕੀ ਭੇਦ ਹੈ ?

ਮੈਂ ਉਨ੍ਹਾਂ ਜਗਿਆਸੂ ਸੱਜਣਾਂ ਦਾ ਹੱਥ ਫੜ ਕੇ, ਤਿੰਨ ਸੌ ਸੋਲਾਂ ਸਾਲ ਪਹਿਲਾਂ ਦੇ ਅਤੀਤ ਵਿਚ, ਸੰਨ 1708 ਵਿਚ ਲੈ ਜਾਂਦਾ ਹਾਂ। ਕੱਤਕ ਦੀ ਪੰਚਮੀ ਦਾ ਦਿਨ ਹੈ। ਉਹ ਸਾਹਵੇਂ, ਗੋਦਾਵਰੀ ਰੋਜ਼ ਵਾਂਗ ਕਲਕਲ ਕਰਦੀ ਵਗ ਰਹੀ ਹੈ। ਨਾਂਦੇੜ, ਇਕ ਖੁੱਲ੍ਹੇ ਜਿਹੇ ਥਾਂ 'ਤੇ ਦਸਮੇਸ਼ ਪਿਤਾ ਦੇ ਵਿਸ਼ੇਸ਼ ਹੁਕਮ ਨਾਲ, ਸੰਗਤ ਬਹੁ-ਗਿਣਤੀ ਵਿਚ ਇਕੱਠੀ ਹੋਈ ਹੈ। ਬਾਅਦ ਦੁਪਹਿਰ ਦੇ ਦੀਵਾਨ ਵਿਚ, ਦੂਰੋਂ ਦੂਰੋਂ ਸੰਗਤਾਂ ਆਈਆਂ ਸਨ। ਸਤਿਗੁਰ ਜੀ ਹੁਕਮ ਕੀਤਾ—

ਤਨਹੁ ਕਨਾਤ ਚੁਗਿਰਦੇ ਭਲੇ॥
ਤਿਸ ਤੇ ਦੂਰ ਹੋਇ ਨਰ ਖਲੇ॥

ਭਲੀਭਾਂਤ ਚਹੁੰ ਪਾਸੇ, ਕਨਾਤ ਤਾਣ ਦਿਉ। ਕੋਈ ਵਿੱਥ ਨਾ ਰਹੇ। ਚੰਦਨ ਦੀ ਲੱਕੜਾਂ ਦੀ ਚਿਖਾ ਤਿਆਰ ਕੀਤੀ ਜਾਵੇ।

ਚਿਖਾ ਚੰਦਨ ਦੀ ਤਿਆਰ ਹੋ ਗਈ। ਹੁਕਮ ਅਨੁਸਾਰ ਚਹੁੰ ਪਾਸਿਓਂ ਭਲੀਭਾਂਤ ਕਨਾਤ ਲੱਗ ਗਈ। ਭਾਈ ਸੰਤੋਖ ਸਿੰਘ ਜੀ **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਪੰਨਾ ਨੰ. 6327 ਤੋਂ 6334 ਤਕ, ਕਲਗੀਧਰ ਪਿਤਾ ਦਾ ਇਹ ਪ੍ਰਸੰਗ ਲਿਖਦੇ ਹਨ—

"ਤਨੀ ਕਨਾਤ ਪੌਰ ਜਿਹ ਥਾਨਾ। ਤਿਹ ਥਿਰ ਹ੍ਵੈ ਕਰ ਬਾਕ ਬਖਾਨਾ।
"ਜਾਇ ਚਿਖਾ ਪਰ ਬੈਠੇਂ ਜਬੈ। ਤੁਰਤ ਪ੍ਰਦੱਖਣਾ ਦੇ ਕਰ ਤਬੈ।
"ਬਹੁਰਿ ਹੁਤਾਸਨ ਕੋ ਜ੍ਵਲਤਾਵਹੁ। ਨਮਨ ਕਰਤ ਹੀ ਵਹਿਰ ਸਿਧਾਵਹੁ।"

ਜਿਸ ਥਾਂ ਕਨਾਤ ਲੱਗ ਗਈ, ਉਸ ਥਾਂ ਖੜ੍ਹੇ ਹੋ ਕੇ ਪਾਤਸ਼ਾਹ ਨੇ ਦੂਜਾ ਹੁਕਮ ਜਾਰੀ ਕੀਤਾ—ਜਿਵੇਂ ਹੀ ਮੈਂ ਚਿਖਾ 'ਤੇ ਬੈਠਾਂ, ਉਸੇ ਖਿਣ ਪਰਦੱਖਣਾ ਦੇ ਕੇ ਅਗਨੀ ਲਾ ਦਿਉ ਅਤੇ ਨਮਸਕਾਰ ਕਰਦਿਆਂ, ਸਾਰੇ ਬਾਹਰ ਨਿਕਲ ਜਾਉ।

ਉਵੇਂ ਹੀ ਹੋਇਆ। ਪਰਦੱਖਣਾ ਦੇ ਕੇ, ਚਿਖਾ ਨੂੰ ਲੰਬੂ ਲਾ ਕੇ ਅਤੇ ਨਮਨ ਕਰ ਕੇ ਤਤਖਿਣ ਸਾਰੇ ਕਨਾਤ 'ਚੋਂ ਬਾਹਰ ਹੋ ਗਏ। ਸਿੱਖ ਬਾਹਰ, ਸਤਿਗੁਰ ਕਨਾਤ

ਦੇ ਅੰਦਰ! ਚਿਖਾ 'ਚੋਂ ਉੱਠਦੀਆਂ ਲਪਟਾਂ ਵਾਂਗ, ਸਿੱਖ ਜਨ ਮਾਨਸ ਦੇ ਅੰਦਰ ਇਕ ਪ੍ਰਸ਼ਨਵਾਚਕ ਚਿੰਨ੍ਹ ਭੀ ਉੱਠ ਖਲੋਤਾ। ਕਨਾਤ ਅੰਦਰ ਘੱਟ ਰਹੀ ਘਟਨਾ ਦੇ ਦੁੱਖ ਤੋਂ ਵੱਧ, ਸਿੱਖ ਜਨਮਾਨਸ ਵਿਚ ਹੈਰਾਨੀ ਸੀ। ਪਾਤਸ਼ਾਹ! ਇਹ ਕੇਹਾ ਭਾਣਾ ਵਰਤਾ ਰਹੇ ਹੋ...ਆਪਣਾ ਹੀ ਕੌਲ, ਆਪਣਾ ਹੀ ਸੰਕਲਪ ਪਲਟਾ ਰਹੇ ਹੋ! ਤੁਸਾਂ ਤਾਂ ਜਗ ਦੇ ਅਦੁੱਤੀ ਯੋਧਾ ਵਾਂਗ, ਸੂਰਜ, ਚੰਦ, ਅਕਾਲ ਪੁਰਖ ਨੂੰ ਸਾਖੀ ਰੱਖ ਕੇ, ਸੰਕਲਪ ਲਿਆ ਸੀ—

> ਹੇ ਰਵਿ ਹੇ ਸਸਿ ਹੇ ਕਰਣਾਨਿਧ ਮੇਰੀ ਅਬੈ ਬਿਨਤੀ ਸੁਨਿ ਲੀਜੈ॥
> ਅਉਰ ਨ ਮਾਂਗਤ ਹਉ ਤੁਮ ਤੇ ਕਛੁ ਚਾਹਤ ਹਉ ਚਿਤ ਮੈਂ ਸੋਈ ਕੀਜੈ॥
> ਸਸਤ੍ਰਨ ਸੋਂ ਅਤਿ ਹੀ ਰਨ ਭੀਤਰ ਜੂਝਿ ਮਰੋਂ ਤਉ ਸਾਚ ਪਤੀਜੈ॥
> ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰ ਸਯਾਮ ਇਹੈ ਬਰ ਦੀਜੈ॥

"ਹੇ ਸੂਰਜ, ਚੰਦ, ਹੇ ਅਕਾਲ ਪੁਰਖ! ਧਰਤੀ ਦੇ ਸੰਪੂਰਨ ਪ੍ਰਾਣੀ ਜਗਤ ਦੀ ਖੁਸ਼ਹਾਲੀ ਲਈ, ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਪ੍ਰਤੀਬੱਧਤਾ, ਸੰਤ ਦਾ ਦ੍ਰਿੜ੍ਹ ਸੰਕਲਪ ਹੁੰਦਾ ਹੈ। ਜਦੋਂ ਮੈਂ ਇਸ ਪਵਿੱਤਰ ਕਾਰਜ ਲਈ ਵੈਰੀਆਂ ਨਾਲ ਜੂਝਦਾ ਹੋਇਆ, ਸ਼ਸਤ੍ਰਾਂ ਨਾਲ ਵਿੰਨ੍ਹਿਆ ਹੋਇਆ ਪ੍ਰਾਣ ਤਿਆਗਾਂ, ਉਦੋਂ ਮੇਰੀ ਇਹ ਸਹੁੰ, ਮੇਰੀ ਸ਼ਪਥ ਸੱਚ ਹੋਈ ਜਾਣੀ।" ਫਿਰ ਇਹੁ ਕੌਤਕ ਕੈਸਾ ? ਕਨਾਤੋਂ ਬਾਹਰ ਸਿੱਖ ਬਿਹਬਲ ਹਨ, ਵਾਪਰ ਰਹੀ ਘਟਨਾ ਤੋਂ ਦ੍ਰਵਿਤ ਪਰ ਅਚੰਭਿਤ ਹਨ। ਹੌਲੀ-ਹੌਲੀ ਗੱਲਾਂ ਭੀ ਕਰ ਰਹੇ ਹਨ, ਅੱਜ ਪਾਤਸ਼ਾਹ ਆਪਣੇ ਚਿਰ-ਪਰੀਚਿਤ ਸੁਭਾਅ ਤੋਂ ਉਲਟ ਕਾਜ ਕਿਉਂ ਕਰ ਰਹੇ ਹਨ ?

ਚਮਕੌਰ ਦੀ ਗੜ੍ਹੀ ਬਾਹਰ ਦਸ ਲੱਖ ਦੁਸ਼ਮਣਾਂ ਦਾ ਘੇਰਾ...ਗੜ੍ਹੀ ਅੰਦਰ ਕੁਲ ਅੱਠ ਸਿੱਖ ਤੇ ਇਕ ਸਤਿਗੁਰ ਜੀ ਆਪ ਰਹਿ ਗਏ। ਸਿੱਖਾਂ ਨੇ ਪਹਿਲਾਂ ਅਰਜ਼ ਕੀਤੀ, ਨਹੀਂ ਮੰਨੇ ਤਾਂ ਪੰਜ ਸਿੰਘਾਂ ਨੇ ਹੁਕਮ ਸੁਣਾਇਆ, "ਗੜ੍ਹੀ ਛੱਡ ਕੇ ਨਿਕਲ ਜਾਉ।"

ਅੱਧੀ ਰਾਤ ਸਤਿਗੁਰ ਬਾਹਰ ਨਿਕਲੇ। ਦੁਸ਼ਮਣ ਫ਼ੌਜ, ਨੀਂਦ ਵਿਚ ਸੁੱਤੀ ਪਈ ਹੈ। ਤਾੜੀ ਮਾਰ ਦੁਸ਼ਮਣ ਨੂੰ ਸੁਚੇਤ, ਸਾਵਧਾਨ ਕਰਦੇ ਹਨ—

> ਯੌਂ ਕਹਿ ਊਚੀ ਧੁਨਿ ਤੇ ਬੋਲੈ ਦੇਹ ਤਾੜੀ ਭਗਵਾਨ॥
> ਹਿੰਦੁਨ ਪੀਰ ਜਾਇ ਅਬ ਨਿਕਸਯੋ, ਘੇਰ ਲੇਹੁ ਜੋ ਹੋਇ ਬਲਵਾਨ॥

ਦਸ ਲੱਖ ਦੁਸ਼ਮਣਾਂ ਵਿਚ ਵੀ ਬਹਾਦਰ ਸੂਰਮੇ ਦਾ ਧਰਮ ਨਿਭਾਉਂਦੇ ਹਨ। ਪਰ ਅੱਜ ? ਬੰਦ ਕਨਾਤ ਅੰਦਰ, ਓਹਲਾ ਕਰ ਕੇ, ਸੰਸਾਰ 'ਚੋਂ ਜਾ ਰਹੇ ਹਨ ? ਹੈਰਾਨ, ਪ੍ਰਿਸ਼ਾਨ ਸਿੱਖ, ਨਾਲ ਦੇ ਕੰਨ ਵਿਚ ਕਹਿੰਦੇ—ਗੱਲ ਕੁਝ ਹਜ਼ਮ ਨਹੀਂ ਹੋ ਰਹੀ।

ਫਿਰ, ਸਤਾਰਾ ਦੇ ਕਿਲ੍ਹੇ ਵਿਚ, ਮਹਾਂਰਾਸ਼ਟਰ ਦੇ ਜਨਵਾਰਾ ਰਿਆਸਤ ਦੇ ਰਾਜੇ ਭਾਈ ਰੁਸਤਮ ਰਾਵ ਅਤੇ ਬਾਲਾ ਰਾਵ, ਕਈ ਸਾਲਾਂ ਤੋਂ ਕੈਦ ਸਨ। ਬੱਚ ਕੇ ਨਿਕਲ ਜਾਣ ਦੀ ਕੋਈ ਆਸ ਨਹੀਂ ਸੀ। ਉਸ ਵੇਲੇ ਇਹ ਕਥਨ ਆਮ ਪ੍ਰਚਲਤ ਸੀ ਕਿ ਸਤਾਰਾ ਅਤੇ ਗਵਾਲੀਅਰ ਦੇ ਕਿਲ੍ਹੇ 'ਚੋਂ ਬੰਦਿਆਂ ਦੀਆਂ ਲਾਸ਼ਾਂ ਹੀ ਬਾਹਰ ਆਉਂਦੀਆਂ ਹਨ।

ਇਕ ਦਿਨ , ਚੰਗੇ ਭਾਗਾਂ ਦੇ ਯੋਗ ਨਾਲ, ਗੁਰੂ ਦਾ ਇਕ ਸਿੱਖ ਸੰਤਰੀ, ਭਾਈ ਦੁਰਗ ਸਿੰਘ, ਨਵਾਂ ਪਹਿਰੇਦਾਰ ਬਣ ਕੇ ਆਇਆ। ਤੜਕੇ ਇਸ਼ਨਾਨ, ਸਿਮਰਨ ਮਗਰੋਂ ਜਪੁਜੀ ਦਾ ਪਾਠ, ਮਿੱਠੇ ਸੁਰ ਵਿਚ ਕਰਨ ਲੱਗਾ। ਕਈ ਵਰ੍ਹਿਆਂ ਮਗਰੋਂ ਅੱਜ ਦੋਹਾਂ ਭਾਈਆਂ ਦੇ ਹਿਰਦੇ ਵਿਚ ਠੰਢ ਵਰਤਦੀ ਜਾਪੀ। ਪਾਠ ਦੀ ਸਮਾਪਤੀ ਉਪਰੰਤ, ਰੁਸਤਮ ਰਾਵ ਅਰਜ਼ ਕੀਤੀ, ਹੇ ਦਿੱਵ ਪੁਰਖ! ਇਹ ਕਿਹੜੀ ਬਾਣੀ ਤੁਸੀਂ ਪੜ੍ਹਦੇ ਸੀ ? ਜੀ, ਇਹ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਹੈ। ਇਸ ਵੇਲੇ ਗੁਰੂ ਨਾਨਕ ਦੇ ਦਸਮ ਅਵਤਾਰ, ਸ੍ਰੀ ਗੁਰੂ ਗੋਬਿੰਦ ਸਿੰਘ ਸਤਿਗੁਰ ਨਾਂਦੇੜ ਵਾਸ ਕਰ ਰਹੇ ਹਨ—ਭਾਈ ਦੁਰਗ ਸਿੰਘ!

ਸਾਡੇ ਤੇ ਦਇਆ ਕਰੋ...ਗੁਰੂ ਨਾਨਕ ਸਤਿਗੁਰ ਅੱਗੇ ਅਰਦਾਸ ਕਰੋ...ਸਾਡੀ ਇਸ ਮੌਤ ਦੇ ਖੂਹ ਤੋਂ ਬੰਦ ਖਲਾਸੀ ਹੋਵੇ—ਬੰਦੀ ਰਾਜੇ ਨੇ ਅਰਜ਼ ਕੀਤੀ।

"ਜ਼ਰੂਰ, ਮੇਰੇ ਸਤਿਗੁਰ ਮੇਹਰ ਕਰਨਗੇ।" ਗੁਰੂ ਦੇ ਸਿੱਖ ਨੇ ਅਰਦਾਸ ਕੀਤੀ। ਉਸੇ ਰਾਤ ਕਿਲ੍ਹੇ ਦੀ ਉੱਚੀ ਦੀਵਾਰ ਤੋਂ ਕੁਮੈਤ ਘੋੜਾ ਟਪਾਅ, ਸਤਿਗੁਰ ਹਾਜ਼ਰ ਹੋ ਗਏ।

ਆਓ ਭਾਈ ਚਲੀਏ—ਸਤਿਗੁਰ ਜੀ ਬਚਨ ਕੀਤਾ। ਰੁਸਤਮ ਰਾਵ, ਬਾਲਾ ਰਾਵ ਨੇ ਘੋੜੇ ਦੀਆਂ ਰਕਾਬਾਂ ਫੜ ਲਈਆਂ। ਸਤਿਗੁਰ ਜੀ ਹੁਕਮ ਕੀਤਾ,

"ਦ੍ਵਾਰਪਾਲਨ ਦੇਹੁ ਜਗਾਏ। ਘੇਰ ਲੇਹੁ ਅਬ ਹਮ ਚਲੀ ਜਾਏ॥"

ਕੇਹਾ ਦਿਲੇਰ! ਕੇਹਾ ਸੂਰਮਾ! ਕੇਹਾ ਨਿਡਰ ਸਤਿਗੁਰੂ! ਪਰ ਅੱਜ, ਇਹ ਉਲਟੀ ਗੰਗਾ ਕਿਉਂ ਵਗਾ ਰਹੇ ਹਨ। ਕਨਾਤਾਂ ਓਹਲੇ, ਚੁੱਪ ਚੁਪੀਤੇ, ਛੁਪ ਕੇ ਜਾ ਰਹੇ ਹਨ ?

ਆਪ ਕਹਿੰਦੇ ਸੀ ਸਤਿਗੁਰ, "ਆਤਮ ਘਾਤੀ ਜਗਤ ਕਸਾਈ"। ਆਤਮ ਘਾਤ, ਮਹਾਂ ਪਾਪ ਹੈ।

ਅੱਜ ਆਪ ਚਿਖਾ ਬਾਲ ਕੇ ਜੀਉਂਦਿਆਂ "ਆਤਮ ਦਾਹ" ਕਰ ਰਹੇ ਹਨ। ਗੱਲ, ਕੁਝ ਸਮਝ ਨਹੀਂ ਆਉਂਦੀ। ਉਸ ਵੇਲੇ, ਸੰਨ 1708, ਕੱਤਕ ਸੁਦੀ ਪੰਚਮੀ ਦੀ ਰਾਤ, ਗੋਦਾਵਰੀ ਤੱਟ 'ਤੇ, ਸਤਿਗੁਰੂ ਜਿਹੜੀ ਖੇਡ ਖੇਡੀ, ਉਸ ਵਿਸਮਾਦੀ ਘਟਨਾ ਨੇ ਸਿੱਖੀ ਸਰਿਤਾ ਦੇ ਵਿਚਾਰ ਪ੍ਰਵਾਹ ਨੂੰ ਦੋ ਧਾਰਾਵਾਂ ਵਿਚ ਵੰਡ ਦਿੱਤਾ। ਉਸੇ ਰਾਤ, ਦੋ ਵੱਖ-ਵੱਖ ਵਿਚਾਰ-ਵਿਕਸਤ ਹੋਏ। ਇਕ ਵਰਗ ਨੇ ਮੰਨ ਲਿਆ, ਸਤਿਗੁਰਾਂ

ਨੇ ਚਿਖਾ ਵਿਚ ਆਤਮਦਾਹ ਕਰ ਕੇ ਜੀਵਨ ਲੀਲ੍ਹਾ ਸਮਾਪਤ ਕਰ ਲਈ। ਇਕ ਦੂਜਾ ਵਰਗ, ਜਿਹੜਾ ਗੁਰੂ ਦੇ ਪ੍ਰਤੀ ਪੂਰਨ ਭਰੋਸੇ ਵਿਚ ਰਿਹਾ, ਮੇਰੇ ਸਤਿਗੁਰ ਆਤਮ ਹੱਤਿਆ ਨਹੀਂ ਕਰ ਸਕਦੇ। ਗੁਰੂ ਦੀ ਕੋਈ ਖੇਡ ਹੈ, ਕੋਈ ਰਮਜ਼ ਹੈ। ਗੁਰਾਂ ਨੇ ਸਾਂਗ ਵਰਤਾਇਆ ਹੈ, ਸਿੱਖ ਸਿਦਕ ਰੱਖੇ।

ਸ੍ਰੀ ਆਨੰਦਪੁਰ ਸਾਹਿਬ, ਪਹਾੜੀ ਰਾਜਿਆਂ ਵੱਲੋਂ ਜਾਂ ਮੁਗ਼ਲ ਫ਼ੌਜਾਂ ਵੱਲੋਂ ਸ਼ਰਾਰਤਾਂ ਸ਼ੁਰੂ ਹੋਈਆਂ ਸਨ। ਸ੍ਰੀ ਆਨੰਦਪੁਰ ਦੇ ਆਕਾਸ਼ ’ਤੇ ਜੰਗ ਦੇ ਛਿਟ-ਪੁਟ ਬੱਦਲ ਕਦੇ-ਕਦੇ ਆ ਜਾਂਦੇ। ਇਕ ਸਵੇਰ ਆਸਾ ਕੀ ਵਾਰ ਦੇ ਭੋਗ ਉਪਰੰਤ, ਮਾਤਾ ਜੀਤੋ ਜੀ ਚਿੰਤਤ ਜਿਹੇ ਮਿਲੇ। ਕਹਿਣ ਲੱਗੇ, “ਰਾਤ ਬਹੁਤ ਭੈੜਾ ਸੁਪਨਾ ਵੇਖਿਆ ਹੈ।”

“ਕੀ ਵੇਖਿਆ ?” ਸਤਿਗੁਰ ਜੀ ਪੁੱਛਿਆ।

“ਜੀ, ਵੇਖਿਆ ਕਿ ਆਨੰਦਪੁਰ ਦੁਸ਼ਮਣਾਂ ਨੇ ਘੇਰ ਲਿਆ ਹੈ। ਅੰਨ ਪਾਣੀ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਹਨ। ਪਿਆਰਾ ਪਰਸਾਦੀ ਹਾਥੀ, ਸਾਡੇ ਕਈ ਸੂਰਮੇ ਭੁੱਖ ਤੋਂ ਬੇਹਾਲ ਹੋ ਕੇ ਸਾਥ ਛੱਡ ਗਏ...ਕਈ ਬੇਦਾਵਾ ਲਿਖ ਚਲੇ ਗਏ। ਭਿਆਨਕ ਜੰਗ ਵਿਚ ਇਕ ਇਕ ਕਰ ਕੇ ਸਾਹਿਬਜ਼ਾਦੇ ਸ਼ਹੀਦ ਹੋ ਗਏ।”

“ਹਾਂ ਜੀਤੋ ਜੀ, ਇਵੇਂ ਹੀ ਭਾਣਾ ਵਰਤਣਾ ਹੈ” ਸਤਿਗੁਰ ਜੀ ਸਹਿਜ ਭਾਵ ਕਿਹਾ।

“ਮੈਂ ਇਹ ਨਹੀਂ ਵੇਖ ਸਕਦੀ”, ਮਾਤਾ ਜੀ ਉਦਾਸ ਹੋ ਕੇ ਕਿਹਾ।

ਸਤਿਗੁਰ ਜੀ ਦੇ ਮੁੱਖ ’ਤੇ ਹਿਮਾਲਾ ਜਿਹੀ ਅਡੋਲਤਾ ਸੀ। ਬਚਨ ਹੋਇਆ, ਜੀਤੋ ਜੀ, ਤੁਹਾਨੂੰ ਯੋਗ ਸਿੱਖਿਆ ਦਿੱਤੀ ਸੀ। ‘ਪ੍ਰਾਣ ਨਿਸ਼ਕਾਸ਼ਨ ਯੋਗ’ ਦੁਆਰਾ ਜਦੋਂ ਚਾਹੋ ਪ੍ਰਾਣ ਸਰੀਰ ’ਚੋਂ ਬਾਹਰ ਕਰ ਦਿਉ।

ਮਾਤਾ ਜੀਤੋ ਜੀ ਉਵੇਂ ਹੀ ਕੀਤਾ। ਸਤਿਗੁਰ ਦਾ ਧਿਆਨ ਧਰ, ਯੋਗ ਮੁਦਰਾ ਵਿਚ ਬੈਠ ਗਏ, ਸਵਾਸ ਪਹਿਲਾਂ ਦਸਮ ਦੁਆਰ ਤੇ ਅਤੇ ਫਿਰ ਪ੍ਰਾਣ ਬ੍ਰਹਮਰੰਧਰ ’ਚੋਂ ਬਾਹਰ ਕਰ ਦਿੱਤੇ।

ਜਿਹੜੇ ਯੋਗ ਵਿਸ਼ਾਰਦ ਸਤਿਗੁਰ, ਮਾਤਾ ਜੀ ਨੂੰ ਇਵੇਂ ਦੀ ਸਿੱਖਿਆ ਦਿੱਤੀ... ਉਹ ਅੱਜ ਆਪ ਕਨਾਤਾਂ ਦੇ ਪੜਦੇ ਵਿਚ, ਆਤਮ ਦਾਹ ਕਰ ਰਹੇ ਹਨ ?

ਇਹ ਕਦਾਚਿਤ ਸੰਭਵ ਨਹੀਂ ਹੋ ਸਕਦਾ।

ਉਹ ਜਿਹੜੀ ਭਰੋਸੇ ਵਾਲੀ ਵਿਚਾਰ ਪ੍ਰੰਪਰਾ, ਸੰਨ 1708 ਦੀ ਕੱਤਕ ਪੰਚਮੀ ਦੀ ਰਾਤ, ਨਾਂਦੇੜ ਵਗੀ, ਅੱਗੇ ਚੱਲ ਕੇ ਇਸੇ ਵਿਚਾਰਧਾਰਾ ਦਾ ਨਾਂ ‘ਨਾਮਧਾਰੀ’ ਪਿਆ।

ਸਿੱਖ ਮੱਤ ਦੇ ਪ੍ਰਮੁੱਖ ਵਿਦਵਾਨ ਪਿਆਰਾ ਸਿੰਘ ਪਦਮ, ਆਪਣੀ ਕ੍ਰਿਤੀ “**ਗੁਰੂਸਰ**” ਦੇ ਪੰਨਾ 140 ’ਤੇ ਲਿਖਦੇ ਹਨ—ਦਸਮ ਪਾਤਸ਼ਾਹ ਸ੍ਰੀ ਅਨੰਦਪੁਰ

ਸਾਹਿਬ, ਰਾਮ ਕੁੰਵਰ ਜੀ ਨੂੰ ਸੌ ਸਾਖੀ ਸੁਣਾ ਰਹੇ ਹਨ। ਭਵਿੱਖਤ ਵਾਕ ਉਚਾਰਦੇ ਹਨ, ਮੁਗਲ ਸਲਤਨਤ ਖ਼ਤਮ ਹੋ ਜਾਏਗੀ...ਫਿਰੰਗੀਆਂ ਦਾ ਰਾਜ ਇਸ ਦੇਸ਼ 'ਤੇ ਹੋਵੇਗਾ...ਉਦੋਂ, "ਦੇਸ ਬੇਚ ਜਬ ਜਾਹਿ ਫਿਰੰਗੀ॥ ਗਾਜੇਂਗੇ ਤਬ ਮੋਰ ਭੁਜੰਗੀ॥" ਫਿਰੰਗੀ, ਭਾਵ ਬ੍ਰਿਟਿਸ਼ ਹਕੂਮਤ, ਜਦੋਂ ਇਸ ਮੁਲਕ ਦੀ ਧਨ ਸੰਪਦਾ ਦੇ ਨਾਲ ਨਾਲ ਬੇਸ਼ਕੀਮਤੀ, ਰਹੁਰੀਤਾਂ, ਸਭਿਆਚਾਰ, ਧਰਮ ਪ੍ਰਤੀ ਆਸਥਾ ਤੇ ਸੱਟ ਮਾਰਨਗੇ, ਉਦੋਂ ਮੇਰੇ ਪੁੱਤ ਅੰਗਰੇਜ਼ਾਂ ਦੇ ਖ਼ਿਲਾਫ਼, ਹਰ ਮੋਰਚੇ 'ਤੇ ਚੁਣੌਤੀ ਦੇਣਗੇ..."ਗਾਜੇਂਗੇ ਤਬ ਮੋਰ ਭੁਜੰਗੀ"। ਉਹ, ਦਸਮੇਸ਼ ਪਿਤਾ ਦੇ ਭੁਜੰਗੀ 'ਨਾਮਧਾਰੀ' ਹਨ। ਸਾਰੀ ਦੁਨੀਆਂ ਨੇ ਵੇਖਿਆ ਬ੍ਰਿਟਿਸ਼ ਹਕੂਮਤ ਸਮੇਂ, ਪੰਜਾਬ ਦੇ ਰਾਜੇ, ਮਹਾਰਾਜੇ, ਲੀਡਰ, ਆਪਣੀਆਂ ਪੈਂਸ਼ਨਾਂ ਦੇ ਲੋਭ ਵਿਚ, ਝੋਲਾ ਚੁੱਕ, ਅੰਗਰੇਜ਼ਾਂ ਦੇ ਮਗਰ-ਮਗਰ ਫਿਰ ਰਹੇ ਸਨ, ਉਦੋਂ ਸਤਿਗੁਰ ਦੇ ਇਹੋ ਨਾਮਧਾਰੀ ਸਿੰਘ, ਆਪ ਫਾਹਿਆਂ ਦੇ ਰੱਸੇ ਗਲ ਵਿਚ ਪਾ ਕੇ ਝੂਲਦੇ ਰਹੇ...ਤੋਪਾਂ ਅੱਗੇ ਨਿਰਭੀਕ ਨਿਰਭੈਅ ਗੱਜਦੇ ਰਹੇ, ਫ਼ੀਤਾ ਫ਼ੀਤਾ ਹੁੰਦੇ ਰਹੇ।

ਮੇਰੇ ਤੋਂ ਕਈ ਪੁੱਛਦੇ ਹਨ, ਨਾਮਧਾਰੀ ਕੌਣ ਹਨ ਤਾਂ ਮੈਂ 1947 ਤੋਂ ਪਹਿਲਾਂ ਪੰਜਾਬ ਦੇ ਕਿਸੇ ਥਾਣੇ ਵਿਚ ਟੰਗੇ ਹੋਏ ਨਕਸ਼ੇ ਅੱਗੇ ਜਾ ਖੜ੍ਹਾ ਕਰਦਾ ਹਾਂ। ਉਹ ਵੇਖੋ, ਜਿਹੜੇ ਪਿੰਡ ਲਾਲ ਘੇਰੇ ਵਿਚ ਹਨ, ਉਹ ਨਾਮਧਾਰੀਆਂ ਦੇ ਪਿੰਡ ਹਨ। ਇਨ੍ਹਾਂ ਦੇ ਰਿਕਾਰਡ ਵੇਖੋ, ਸਭ ਤੋਂ ਖ਼ਤਰਨਾਕ ਬਾਗ਼ੀਆਂ ਵਿਚ, ਜਿਹੜੇ ਨਾਂ ਸਭ ਤੋਂ ਉਪਰ ਹਨ, ਉਹ 'ਨਾਮਧਾਰੀ' ਹਨ।

ਸੰਨ 1880 ਵਿਚ ਦੋ ਬਹੁ-ਚਰਚਿਤ ਪੁਸਤਕਾਂ ਪ੍ਰਕਾਸ਼ਤ ਹੋਈਆਂ। ਇਕ ਸ਼ਰਤਚੰਦਰ ਚਟੋਪਾਧਿਆਇ ਲਿਖਤ **ਆਨੰਦ ਮਠ** ਅਤੇ ਦੂਸਰੀ ਸਤਿਗੁਰ ਰਾਮ ਸਿੰਘ ਜੀ ਦੇ ਸਮਕਾਲੀ ਅਤੇ ਫ਼ੌਜੀ ਜੀਵਨ ਦੇ ਸਾਥੀ, ਸ੍ਰ. ਇੰਦਰ ਸਿੰਘ ਮੁਲਤਾਨੀ ਕ੍ਰਿਤ, **ਜਗਦਾ ਦੀਵਾ**।

**ਆਨੰਦ ਮਠ** ਦੇ ਅਖੀਰਲੇ ਦੋ ਪੰਨਿਆਂ ਤੇ ਨਾਟਕ ਦੇ ਮੁੱਖ ਨਾਇਕ, ਸੰਨਿਆਸੀ ਅਤੇ ਨਾਟਕ ਦੇ ਸੂਤਰਧਾਰ, ਮਹਾਂਪੁਰਖ ਵਿਚ ਸੰਵਾਦ ਦਰਜ ਹੈ। ਮਹਾਂਪੁਰਖ, ਸੰਨਿਆਸੀ ਨੂੰ ਕਹਿੰਦਾ ਹੈ, ਸਾਡੇ ਮੁੱਖ ਦੁਸ਼ਮਣ, ਮੁਗਲ ਰਾਜ ਦਾ ਖਾਤਮਾ ਹੋ ਚੁੱਕਿਆ ਹੈ। ਸਭਿਅ ਅਤੇ ਸ਼ਾਲੀਨ ਅੰਗਰੇਜ਼ਾਂ ਤੋਂ ਸਾਨੂੰ ਕੋਈ ਖ਼ਤਰਾ ਨਹੀਂ ਹੈ... ਲਿਹਾਜ਼ਾ ਹੁਣ ਵਿਦਰੋਹ ਨੂੰ ਵਿਰਾਮ ਦੇ ਦਿੱਤਾ ਜਾਵੇ।

**ਜਗਦਾ ਦੀਵਾ** ਵਿਚ ਲਿਖਾਰੀ ਲਿਖਦਾ ਹੈ, "ਗੁਰੂ ਰਾਮ ਸਿੰਘ ਦਾ ਦ੍ਰਿੜ੍ਹ ਸੰਕਲਪ 'ਸੰਪੂਰਨ ਆਜ਼ਾਦੀ' ਪ੍ਰਾਪਤੀ ਤੋਂ ਪਹਿਲਾਂ ਸੰਘਰਸ਼ ਵਿਰਾਮ ਨਹੀਂ ਹੋ ਸਕਦਾ। ਗ਼ੁਲਾਮੀ ਮੁਗ਼ਲਾਂ ਦੀ ਹੈ ਸੀ ਤਾਂ ਗੁਰੂ ਦੇ ਸਿੱਖ ਜੂਝਦੇ ਰਹੇ...ਹੁਣ ਅੰਗਰੇਜ਼ੀ ਗ਼ੁਲਾਮੀ ਦੇ ਖਿਲਾਫ਼ ਜੰਗ ਜਾਰੀ ਰਹੇਗੀ...ਸੰਪੂਰਨ ਆਜ਼ਾਦੀ ਤਕ।"

ਇਹ ਨਾਮਧਾਰੀ ਹਨ, ਗੁਰੂ ਪ੍ਰਤੀ, ਸਮੁੰਦਰ ਤੋਂ ਗਹਿਰੀ ਆਸਥਾ ਵਾਲੇ...ਪਹਾੜ ਜਿਹੇ...ਅਡੋਲ ਜਿਗਰੇ ਵਾਲੇ।

# ਮੁਕਤ ਜਨ

ਆਜ਼ਾਦੀ, ਮੁਕਤੀ ਜਾਂ ਮੋਖ਼ਸ਼ ਦੀ ਚਰਚਾ, ਤਕਰੀਬਨ ਹਰ ਧਾਰਮਿਕ ਸਮਾਗਮ ਵਿਚ ਹੁੰਦੀ ਹੈ। ਮੁਕਤ ਤਾਂ ਆਤਮਾ ਹੁੰਦੀ ਹੈ, ਸਰੀਰ ਦੇ ਤੱਤ ਆਪਣੇ ਆਪਣੇ ਸ੍ਰੋਤ ਵਿਚ ਮਿਲ ਜਾਂਦੇ ਹਨ। ਦੇਹ ਅਤੇ ਆਤਮਾ ਦੋਹਾਂ ਦਾ ਸੁਮੇਲ ਲਾਜ਼ਮੀ ਹੈ। ਇਕੱਲੀ ਦੇਹ ਨੂੰ ਤਾਂ ਮਿਰਤਕ ਸਰੀਰ ਕਿਹਾ ਜਾਂਦਾ ਹੈ ਅਤੇ ਦੇਹ ਤੋਂ ਵੱਖ ਹੋਈ ਆਤਮਾ ਜਾਂ ਤਾਂ ਪਰਮੇਸ਼ਰ ਦੀ ਜੋਤਿ ਵਿਚ ਲੈਅ ਹੋ ਜਾਂਦੀ ਹੈ ਜਾਂ ਫਿਰ ਭੂਤ, ਪ੍ਰੇਤ ਜਾਂ ਭਟਕਦੀ ਹੋਈ ਆਤਮਾ ਕਹੀ ਜਾਂਦੀ ਹੈ। ਸਰੀਰ, ਧਰਮ ਕਰਮ ਜਾਂ ਭਗਤੀ ਲਈ ਉਪਯੋਗੀ ਹੈ। ਸਰੀਰ ਦੀਆਂ ਇੰਦ੍ਰੀਆਂ, ਹੱਥ, ਪੈਰ, ਰਸਨਾ, ਨੇਤਰ, ਕੰਨ, ਮੁਕਤ ਹੋਣ ਲਈ ਸਹਿਯੋਗੀ ਹੁੰਦੇ ਹਨ। ਸਿਮਰਨ, ਸੇਵਾ, ਦਾਨ, ਯੱਗ, ਤਪ...ਜਿੰਨੇ ਭੀ ਧਰਮ ਕਰਮ ਹਨ, ਉਹ ਸਾਰੇ ਸਰੀਰ ਦੇ ਤਲ ’ਤੇ ਹੀ ਸੰਪਾਦਤ ਹੁੰਦੇ ਹਨ। ਆਤਮਾ, ਭਜਨ ਨਹੀਂ ਕਰਦੀ, ਪਾਠ ਨਹੀਂ ਕਰਦੀ, ਕਰਮ ਨਹੀਂ ਕਰਦੀ। ਬਸ, ਮੌਨ...ਸਾਖੀ ਭਾਵ ਵਿਚ ਦੇਹ ਅੰਦਰ ਮੌਜੂਦ ਰਹਿੰਦੀ ਹੈ। ਨਾਮ ਜਪਦੀ ਰਸਨਾ, ਮਾਲਾ ’ਤੇ ਚਲਦੇ ਹੱਥ...! ਜਦੋਂ ਸਿਮਰਨ ਅੰਤਰਮੁਖੀ ਹੁੰਦਾ ਹੈ...ਆਤਮਿਕ ਅਦਾਰੇ ਵਿਚ...ਰੂਹ ਦੀ ਘਾਟੀ ਵਿਚ ਪਹੁੰਚ ਕੇ, ਸਾਰੇ ਮੌਨ ਹੋ ਜਾਂਦੇ ਹਨ...ਉਹ ‘ਸ਼ਾਂਤ ਖੇਤਰ’ ਹੁੰਦਾ ਹੈ। ਇਸ ਮੌਨ ਤੱਕ ਪੁੱਜੀ ਹੋਈ ਸੂਰਤ, ਸਰੀਰਕ ਇੰਦ੍ਰੀਆਂ ਦੇ ਸਹਿਯੋਗ ਨਾਲ ਹੱਥਾਂ ਪੈਰਾਂ ਦੀ ਸੇਵਾ, ਸਿਮਰਨ, ਮਨ ਦੀ ਕਰੁਣਾ, ਜਪ, ਤਪ, ਚਿੰਤਨ...ਇਹ ਸਭ ਕੁਝ ਬਾਹਰਲੇ ਤਲ ’ਤੇ ਘਟਦਾ ਹੈ ਅਤੇ ਉਨ੍ਹਾਂ ਸ਼ੁਭ ਕਰਮਾਂ ਦੇ ਸਹਿਯੋਗ ਅਤੇ ਸੰਕਲਪ ਨਾਲ ਹੀ ਸੁਰਤਿ ਨਿਰੰਤਰ ਵਿਕਸਤ ਹੁੰਦੀ ਹੋਈ, ਆਤਮ-ਜੋਤਿ ਦੇ ਖਿੱਤੇ ਵਿਚ ਪ੍ਰਵਿਸ਼ਟ ਹੁੰਦੀ ਹੈ। ਕਰਮ ਭੋਗ ਦੇ ਸਿਧਾਂਤ ਅਨੁਸਾਰ, ਦੇਹ ਅਤੇ ਆਤਮਾ ਇਕ ਰਿਸ਼ਤੇ ਵਿਚ ਬੱਧੇ ਹਨ।

ਭਗਤ ਕਬੀਰ ਜੀ ਕਹਿੰਦੇ ਹਨ—ਨੇਤਰ, ਨੱਕ, ਕੰਨ, ਰਸਨਾ ਅਤੇ ਇੰਦਰੀ...ਇਹ ਕਰਮ ਕਰਦੇ ਰਹੇ। ਮਾੜੇ ਕਰਮ ਕਰ ਕੇ ਇਹ ਤਾਂ ਭੱਜ ਗਏ। ਧਰਮਰਾਜ ਦੇ ਦੂਤ, ਵਿਚਾਰੀ ਜੀਵਾਤਮਾ ਨੂੰ ਫੜ ਕੇ ਦਰਬਾਰ ਵਿਚ ਪੇਸ਼ ਕਰ ਦਿੰਦੇ ਹਨ—ਕਹਿੰਦੇ ਹਨ,

> ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ॥
> ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ॥

ਚਾਰ ਸਤਰਾਂ ਹਨ...ਚਾਰ ਸੋਮੇਸਟਰ ਵਿਚ ਪੂਰੀ ਸਿੱਖਿਆ ਸੰਪੂਰਨ ਹੁੰਦੀ ਹੈ।

ਪਹਿਲੇ ਸਿੱਖਿਆ ਸਤਰ ਵਿਚ, ਸ਼ਰਧਾ ਤੇ ਫੋਕਸ ਕੀਤਾ ਜਾਂਦਾ ਹੈ। ਦੂਜੇ ਸਤਰ ਵਿਚ ਗਿਆਨ, ਤੀਜੇ ਵਿਚ ਵੈਰਾਗ ਅਤੇ ਅੰਤਮ ਸੋਮੇਸਟਰ ਵਿਚ ਸਿਖਿਆਰਥੀ 'ਸਹਜ' ਵਿਚ ਪ੍ਰਵੇਸ਼ ਕਰਦਾ ਹੈ। ਇਸੇ ਤਲ 'ਤੇ ਸਹਿਜ ਅਵਸਥਾ ਵਿਚ, ਸੁਰਤਿ ਪ੍ਰਕਾਸ਼ਮਈ ਕੋਸ਼ਠ ਵਿਚ, ਸ਼ਬਦ ਨਾਲ, ਜੋਤਿ ਨਾਲ ਜਾਂ ਪਿਰ ਨਾਲ ਮਿਲਨ ਹੁੰਦਾ ਹੈ। ਕਬੀਰ ਜੀ ਇਸ ਸੁਲੱਖਣੀ ਘੜੀ ਨੂੰ ਵਿਆਹ ਦੀ ਸ਼ੁਭ ਘੜੀ ਕਹਿੰਦੇ ਹਨ...'ਮੰਗਲਚਾਰ' ਦਾ ਖਿਣ!

ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥

'ਮੁਕਤੀ' ਦੇ ਇਨ੍ਹਾਂ ਚੋਹਾਂ ਜਮਾਤਾਂ ਦੀ ਸਿੱਖਿਆ, ਸਿੱਖ ਧਰਮ ਦਰਸ਼ਨ ਵਿਚ, ਚੌਥੇ ਪਾਤਸ਼ਾਹ, ਧੰਨ ਗੁਰੂ ਰਾਮਦਾਸ ਜੀ, ਚਾਰ ਲਾਵਾਂ ਨੂੰ ਬਿੰਬ ਬਣਾ ਕੇ ਪੜ੍ਹਾਉਂਦੇ ਹਨ—

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥

ਪਹਿਲੀ ਜਮਾਤ ਦੀ ਸੰਥਿਆ, ਗੁਰੂ ਪਰਮੇਸ਼ਰ ਪ੍ਰਤੀ ਗਹਿਰੀ ਸ਼ਰਧਾ ਹੋਣੀ ਲਾਜ਼ਮੀ ਹੈ। ਇਸ ਜਮਾਤ ਵਿਚ, ਆਤਮ ਅਨੁਸ਼ਾਸਨ ਦ੍ਰਿੜ੍ਹ ਕਰਵਾਇਆ ਜਾਂਦਾ ਹੈ। ਆਤਮ-ਪ੍ਰਕਾਸ਼ ਦੀ ਲੋਅ ਵਿਚ ਪਾਪ ਕਰਮਾਂ ਦਾ ਤਿਆਗ, ਧਰਮ ਸ਼ਾਸਤਰ, ਵੇਦ, ਗੁਰਬਾਣੀ ਪਾਠ ਜਿਹੇ ਨਿਰੰਤਰ ਅਭਿਆਸ ਦੁਆਰਾ, ਧਰਮ ਪ੍ਰਤੀ ਦ੍ਰਿੜ੍ਹ ਕਰਵਾਇਆ ਜਾਂਦਾ ਹੈ।

ਦੂਜੀ ਜਮਾਤ ਵਿਚ ਪ੍ਰਵੇਸ਼ ਹੋਇਆ ਤਾਂ ਸੰਥਿਆ ਮਿਲੀ—

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ॥

ਦੂਜੀ ਜਮਾਤ ਗਿਆਨ ਅਰਜਨ ਦੀ ਕਲਾਸ ਹੁੰਦੀ ਹੈ। ਗੁਰੂ ਗਿਆਨ ਦਾ ਪੁੰਜ ਹੁੰਦਾ ਹੈ। ਸੌ, ਚੰਦ ਅਤੇ ਹਜ਼ਾਰ ਸੂਰਜ ਭੀ ਜਿਸ ਆਂਤਰਕ ਹਨੇਰੇ ਨੂੰ ਦੂਰ ਨਹੀਂ ਕਰ ਸਕਦੇ, ਗੁਰੂ ਉਥੇ ਭੀ ਪਹੁੰਚਦਾ ਹੈ...ਹਨੇਰਾ ਕਟਦਾ ਹੈ। ਸਾਰਾ ਭੈਅ, ਸਰੀਰ ਨੂੰ, ਮਨ ਅਤੇ ਬੁੱਧੀ ਦੇ ਅਨੁਭਵ ਵਿਚ ਹੁੰਦਾ ਹੈ। ਗੁਰੂ ਇਸ ਤਲ ਦੇ ਸਿਖਿਆਰਥੀ ਨੂੰ ਦੇਹ-ਬੋਧ 'ਚੋਂ ਬਾਹਰ ਕੱਢ ਕੇ ਆਤਮ-ਬੋਧ ਦੇ ਸਿਖਰ 'ਤੇ ਬਿਠਾ ਦਿੰਦਾ ਹੈ। ਇਸ ਤਲ 'ਤੇ ਜੀਵਾਤਮਾ ਦੇ ਨਾਲ ਨਾਲ ਮਨ ਭੀ ਨਿਰਭੈਅ ਹੋ ਜਾਂਦਾ ਹੈ।

ਤੀਸਰੀ ਜਮਾਤ ਵਿਚ ਅਭਿਲਾਸ਼ੀ ਦਾਖਲ ਹੋਇਆ।

"ਹਰਿ ਤੀਜੜੀ ਲਾਵ ਮਨਿ ਚਾਉ ਭਇਆ
ਬੈਰਾਗੀਆ ਬਲਿਰਾਮ ਜੀਉ॥

ਇਸ ਜਮਾਤ ਦੇ ਸਿਖਿਆਰਥੀ, ਸੰਸਾਰ ਦੇ ਮੋਹ ਮਾਇਆ, ਰਾਗ-ਪਿਆਰ ਦੇ

ਬੰਧਨ ਤੋਂ ਮੁਕਤ ਹੋ ਕੇ ਬੈਰਾਗ ਅਵਸਥਾ ਵਿਚ ਪਹੁੰਦ ਜਾਂਦੇ ਹਨ। ਇਹ ਬੀਤਰਾਗ ਦਾ ਤਲ ਹੁੰਦਾ ਹੈ। ਲੋਭ ਨਹੀਂ...ਭੈਅ ਨਹੀਂ। ਪੰਜਵੇਂ ਪਾਤਸ਼ਾਹ ਇਸ ਤਲ ਦੇ ਸਿੱਖ ਦੀ ਮਨੋਦਸ਼ਾ ਵਿਅਕਤ ਕਰਦੇ ਹਨ :—

ਤੈਸਾ ਹਰਖੁ ਤੈਸਾ ਉਸੁ ਸੋਗੁ॥
ਸਦਾ ਅਨੰਦੁ ਤਹ ਨਹੀ ਬਿਓਗੁ॥

ਤਿੰਨੇ ਸੋਮੇਸਟਰ ਪਾਸ ਹੋਇਆ ਸਾਧਕ 'ਸਹਜ' ਵਿਚ ਪ੍ਰਵੇਸ਼ ਕਰਦਾ ਹੈ। ਇਹ ਚੌਥੀ ਜਮਾਤ ਹੈ...ਪ੍ਰਭੂ ਮਿਲਨ ਦਾ ਤਲ! ਹੁਣ ਮੋਖ਼ਸ਼ ਦਾ ਦਰ ਖੁੱਲ੍ਹ ਜਾਂਦਾ ਹੈ—

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ
ਹਰਿ ਪਾਇਆ ਬਲਿ ਰਾਮ ਜੀਉ॥

ਜਾੱਨ ਸਟੁਅਰਡ ਮਿਲ, ਅੰਗਰੇਜ਼ ਦਾਰਸ਼ਨਿਕ ਨੇ 1840 ਈ. ਵਿਚ ਲਿਖਿਆ ਸੀ ਕਿ "ਮਨੁੱਖ, ਆਜ਼ਾਦੀ ਲਈ ਅਭਿਸ਼ਪਤ ਹੈ।"

ਮਨੁੱਖ ਸਰਾਪ ਗ੍ਰਿਸਤ ਹੈ। ਕਦੇ ਆਜ਼ਾਦ ਨਹੀਂ ਹੋ ਸਕਦਾ...ਮੁਕਤ ਨਹੀਂ ਹੋ ਸਕਦਾ। ਮਨੁੱਖ ਜ਼ਰੂਰਤਾਂ ਦਾ ਗੁਲਾਮ ਹੈ ਅਤੇ ਜ਼ਰੂਰਤਾਂ ਅਨੰਤ ਹਨ। ਧਨ ਦੀ, ਸਮਾਜਕ ਪ੍ਰਭੂਤਾ ਦੀ, ਪਰਿਵਾਰ ਦੀ, ਸਿਹਤ ਦੀਆਂ ਮੰਗਾਂ। ਕੁਝ ਪੂਰੀਆਂ ਹੋਈਆਂ ਤਾਂ ਹੰਕਾਰ ਹੇਠ ਦੱਬ ਗਿਆ, ਅਧੂਰੀਆਂ ਰਹਿ ਗਈਆਂ ਤਾਂ ਹੀਣਤਾ ਨੇ ਗ਼ਲਬਾ ਪਾ ਲਿਆ। ਤਾਂ ਜਾੱਨ ਸਟੁਅਰਟ ਮਿਲ ਕਹਿੰਦਾ, ਮਨੁੱਖ ਆਜ਼ਾਦ ਨਹੀਂ ਹੋ ਸਕਦਾ। ਪਰ ਸਿੱਖ ਧਰਮ ਦਰਸ਼ਨ ਕਹਿੰਦਾ ਹੈ, ਸਿੱਖ ਘਰ ਜੰਮਦੇ ਬੱਚੇ ਨੂੰ ਇਸ਼ਨਾਨ ਕਰਵਾ ਕੇ, ਸਵੱਛ ਬਸਤਰ ਪਵਾ ਕੇ, ਕੋਈ ਸਾਧ ਮਹਾਂਪੁਰਖ ਜਾਂ ਪਰਿਵਾਰ ਦਾ ਕੋਈ ਵਡੇਰਾ, ਬੱਚੇ ਦੇ ਮੂੰਹ, ਨੇਤਰ ਅਤੇ ਕੇਸਾਂ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਪਾਉਂਦੇ ਹਨ ਅਤੇ ਕੰਨ ਵਿਚ ਸਤਿਗੁਰ ਦਾ 'ਨਾਮ', ਮੰਤਰ ਰੂਪ ਦਿੱਤਾ ਜਾਂਦਾ ਹੈ...'ਵਾਹਿਗੁਰੂ'! 'ਵਾਹਿਗੁਰੂ' ਉਹ ਹੈ ਜੋ, ਸਾਰਿਆਂ ਵਿਚ ਸਮਾਇਆ ਹੋਇਆ ਹੈ। 'ਵਾਹਿਗੁਰੂ' ਉਹ ਹੈ ਜੋ ਸਾਰੀ ਸ੍ਰਿਸ਼ਟੀ ਨੂੰ ਰਿਜ਼ਕ ਦੇ ਰਿਹਾ ਹੈ...'ਵਾਹਿਗੁਰੂ' ਉਹ ਹੈ, ਜਿਸ ਨੂੰ ਸਤਿਗੁਰ ਨੇ ਦਿਖਾਇਆ ਹੈ ਅਤੇ ਉਹ 'ਵਾਹਿਗੁਰੂ', ਮੁਕਤ ਪੁਰਖ ਤੇਰੇ ਅੰਦਰ ਹੈ...ਉਹ ਤੇਰੀ ਜੀਵਾਤਮਾ ਹੈ...ਉਹ ਤੂੰ ਹੈਂ। ਤੂੰ ਜੀਵਨ ਮੁਕਤ ਹੋਣਾ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸਿੱਖ ਜਗਤ ਦੇ ਮਹਾਨ ਵਿਦਵਾਨ ਨੇ ਲਿਖਿਆ ਹੈ— ਮੈਂ ਇਕ ਭਿੰਨੀ ਸਵੇਰ, ਸ੍ਰੀ ਭੈਣੀ ਸਾਹਿਬ ਪੁੱਜਾ। ਰੱਬੀ ਬਾਣੀ 'ਆਸਾ ਕੀ ਵਾਰ' ਦਾ ਆਤਮ-ਆਨੰਦਮਈ ਕੀਰਤਨ ਸੁਣਦਾ ਰਿਹਾ। ਸਿੱਧੇ, ਸਰਲ ਅਤੇ ਸਫੇਦ ਬਸਤਰਾਂ ਵਿਚ ਕਿਸੇ 'ਦੇਵ ਸਮਾਜ' ਨੂੰ ਵੇਖ ਕੇ ਮਨ ਮੁਗਧ ਹੋ ਰਿਹਾ ਸੀ। ਗੁਰੂ ਰਾਮ ਸਿੰਘ ਨੇ ਇਨ੍ਹਾਂ ਨੂੰ ਵਹਿਮਾਂ-ਭਰਮਾਂ, ਵਿਖਾਵਿਆਂ ਅਤੇ ਜੀਵਨ ਦੀਆਂ ਜ਼ਰੂਰਤਾਂ ਘਟਾ ਕੇ, ਮੁਕਤ ਕਰ ਦਿੱਤਾ ਹੈ। ਇਹ 'ਮੁਕਤ ਜਨ' ਹਨ।

ਭਾਰਤ ਵਿਚ ਦੋ ਮੁੱਖ ਦਰਸ਼ਨ ਪ੍ਰਚਲਿਤ ਹੋਏ। ਅਧਿਆਤਮਵਾਦੀ ਦਰਸ਼ਨ, ਜੋ ਵੇਦਾਂਤ ਨੇ ਦਿੱਤਾ। ਬ੍ਰਹਮਅਰਣਿਅਕ ਉਪਨਿਸ਼ਦ ਵਿਚ ਕਹਿੰਦੇ ਹਨ—

ਅਸਤੋ ਮਾ ਸਦਗਮਯ:॥
ਮ੍ਰਿਤਯੂ ਮਾ ਅੰਮ੍ਰਿਤ ਗਮਯ:॥
ਤਮਸੋ ਮਾ ਜਯੋਤਿਰ ਗਮਯ:॥

ਹੇ ਪਰਮਾਤਮਾ ਸੰਸਾਰ ਝੂਠ ਹੈ, ਮੈਨੂੰ ਸੱਚ ਵੱਲ ਲੈ ਚੱਲ॥ ਇਹ ਸੰਪੂਰਨ ਜਗਤ ਮਰਨ ਗਾਮੀ ਹੈ, ਮੈਨੂੰ ਅਮਰਤਵ ਵੱਲ ਲੈ ਚੱਲ॥ ਅਗਿਆਨਤਾ ਹੈ, ਹਨੇਰਾ ਹੈ, ਮੈਨੂੰ ਚਾਨਣ ਵੱਲ ਲੈ ਚੱਲ॥

ਅਧਿਆਤਮ ਦਰਸ਼ਨ, ਭੌਤਿਕ ਜਗਤ ਦੇ ਪਦਾਰਥਾਂ ਨੂੰ ਨਾਸ਼ਵਾਨ ਕਹਿ ਕੇ ਸਦੀਵੀ ਜੀਵਨ ਦੀ ਗੱਲ ਕਰਦਾ ਹੈ, ਵੈਰਾਗ ਦੀ ਗੱਲ ਕਰਦਾ ਹੈ, ਮੁਕਤੀ ਦੀ ਗੱਲ ਕਰਦਾ ਹੈ।

ਦੂਜਾ ਭੌਤਿਕਵਾਦੀ ਦਰਸ਼ਨ, ਜੋ ਚਾਰਵਾਕ ਦਰਸ਼ਨ ਕਿਹਾ ਜਾਂਦਾ ਹੈ। ਇਹ ਭੋਗ ਦੀ ਗੱਲ ਕਰਦਾ ਹੈ, ਜੀਵਨ ਲਈ ਸੁਖ ਸਾਧਨ ਦੀ ਗੱਲ ਕਰਦਾ ਹੈ। ਰਿਸ਼ੀ ਚਾਰਵਾਕ ਕਹਿੰਦਾ ਹੈ, ਜਦੋਂ ਤਕ ਜੀਓ...ਸੁਖ ਭੋਗ ਭਰਿਆ ਜੀਵਨ ਜੀਓ...ਭਾਵੇਂ ਕਰਜ਼ ਲੈਣਾ ਪਵੇ, ਘਿਓ ਪੀਓ।

ਅੱਜ ਮੰਦਰਾਂ, ਮਸੀਤਾਂ, ਗੁਰਦੁਆਰਿਆਂ ਵਿਚ ਸੰਸਾਰ ਦੀ ਨਸ਼ਵਰਤਾ ਦੇ ਸ਼ਬਦ ਗਾਏ ਜਾਂਦੇ ਹਨ, ਗਰੁੜ ਪੁਰਾਣ ਦੀ ਕਥਾ ਸੁਣਾਈ ਜਾਂਦੀ ਹੈ। ਪਰ ਯਥਾਰਥ ਵਿਚ, ਕਥਾ-ਕੀਰਤਨ ਕਰਨ ਵਾਲੇ...ਸੁਣਨ ਵਾਲੇ, ਅਪਵਾਦ ਰੂਪ ਵਿਚ "ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ..." ਸਾਢੇ ਤਿੰਨ ਸੌ ਸਾਲ ਪਹਿਲਾਂ ਦਾ ਅਨੁਮਾਨ ਹੈ—ਬਹੁਤ ਭਲੇ ਸਮੇਂ ਵਿਚ, ਕਰੋੜਾਂ 'ਚੋਂ ਕੋਈ ਇਕ, ਜਿਸ ਦੇ ਚਿੱਤ ਵਿਚ ਨਾਰਾਇਣ ਹੋਵੇ। ਅੱਜ ਸ਼ਾਇਦ ਅਰਬਾਂ 'ਚੋਂ ਕੋਈ ਇਕ! ਸਾਰੇ ਚਾਰਵਾਕੀ ਬਿਰਤੀ ਵਾਲੇ ਹਨ। ਸਾਰੇ ਘਰ, ਦੁਕਾਨ, ਦਫ਼ਤਰ, ਸਿਹਤ, ਪੁੱਤਰ, ਕਲੱਤਰ ਲਈ 'ਯੋਗਛੇਮ ਹੀ' ਮੰਗਦੇ ਰਹਿੰਦੇ ਹਨ।

ਮੁਕਤੀ ਵਾਦੀ ਦਰਸ਼ਨ ਲਈ, ਇਹ ਦ੍ਰਿਸ਼ ਬਹੁਤ ਹੀ ਨਿਰਾਸ਼ਾਜਨਕ ਹੈ। ਫਿਰ, ਪ੍ਰਾਣੀ ਕਿਵੇਂ ਮੁਕਤਿ ਹੋਵੇਗਾ? ਸਿੱਖ ਧਰਮ ਦਰਸ਼ਨ ਵਿਚ, ਆਸ ਦੀ ਕਿਰਨ ਮਿਲਦੀ ਹੈ। ਸਤਿਗੁਰ ਕਾਲਖ ਭਰੀ ਜਗਤ ਕੋਠਰੀ ਵਿਚ ਭੀ ਮੁਕਤਿ ਹੁੰਦਾ ਹੈ। ਸਤਿਗੁਰ ਮੁਕਤਿ ਕਰੇਗਾ।

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥

ਸੰਨ 1920! ਕੱਤਕ ਦੀ ਪੂਰਨਮਾਸ਼ੀ ਨੂੰ, ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ,

ਮਹਾਰਾਜਾ ਨਾਭਾ ਵੱਲੋਂ ਭੇਂਟ ਹੋਈ ਕਾਰ ਤੇ ਨਨਕਾਣਾ ਸਾਹਿਬ ਪਹੁੰਚੇ। ਡਰਾਈਵਰ ਸਰਮੁਖ ਸਿੰਘ, ਭਾਈ ਵਜ਼ੀਰ ਸਿੰਘ ਅਤੇ ਸੰਤ ਬਹਾਦਰ ਸਿੰਘ ਨਾਲ ਹੈ ਸਨ। ਉਨ੍ਹਾਂ ਦਿਨਾਂ, ਗੁਰਦੁਆਰਾ ਸੁਧਾਰ ਲਹਿਰ ਜ਼ੋਰਾਂ 'ਤੇ ਸੀ। ਸਭ ਤੋਂ ਵੱਡਾ ਮੋਰਚਾ ਅੱਗੇ ਚੱਲ ਕੇ, ਨਨਕਾਣਾ ਸਾਹਿਬ ਹੀ ਲੱਗਾ ਸੀ। ਗੁਰਦੁਆਰੇ ਦਾ ਮਹੰਤ ਨਰੈਣ ਦਾਸ, ਸਤਿਗੁਰ ਜੀ ਪ੍ਰਤੀ ਸ਼ਰਧਾ ਰੱਖਦਾ ਸੀ। ਸੰਤ ਭਗਤ ਸਿੰਘ ਦਾਤੇਵਾਲੀਏ ਅਤੇ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਨਾਲ ਚੰਗਾ ਮੇਲ ਜੋਲ ਹੈ ਸੀ। ਨਨਕਾਣਾ ਸਾਹਿਬ, ਨਾਮਧਾਰੀ ਗੁਰਦੁਆਰੇ ਲਈ ਜਗ੍ਹਾ, ਮਹੰਤ ਨਰੈਣ ਦਾਸ ਨੇ ਹੀ ਦਿੱਤੀ ਸੀ। ਸੱਚੇ ਪਾਤਸ਼ਾਹ, ਸ਼ਾਮ ਦਾ ਦੀਵਾਨ ਲਾਇਆ। ਭਰੀ ਸੰਗਤ ਵਿਚ ਮਹੰਤ ਨਰੈਣ ਦਾਸ ਗੁਰਦੁਆਰੇ ਦੀਆਂ ਚਾਬੀਆਂ ਦਾ ਗੁੱਛਾ ਲੈ ਕੇ, ਪੰਜ ਹੋਰ ਸਾਥੀਆਂ ਨਾਲ ਆਇਆ। ਆਸਣ 'ਤੇ ਬਿਰਾਜਮਾਨ ਸਤਿਗੁਰ ਜੀ ਅੱਗੇ ਮੱਥਾ ਟੇਕ, ਚਾਬੀਆਂ ਦਾ ਗੁੱਛਾ ਅੱਗੇ ਰੱਖ ਦਿੱਤਾ। "ਤੁਸੀਂ ਸੱਚੇ ਸਤਿਗੁਰ ਹੋ। ਸੇਵਾ, ਸਿਮਰਨ, ਬੰਦਗੀ ਕਰਵਾਉਂਦੇ ਹੋ, ਲੰਗਰ ਸਦਾਬਰਤ ਚਲਾਉਂਦੇ ਹੋ...ਇਹ ਗੁਰਦੁਆਰੇ ਦੀਆਂ ਚਾਬੀਆਂ ਹਨ। ਹੋਰ ਕਿਸੇ ਨੂੰ ਨਹੀਂ ਦੇਣੀਆਂ। ਤੁਹਾਡੇ ਪ੍ਰਤੀ ਅਸਾਡੀ ਸ਼ਰਧਾ ਹੈ, ਤੁਸੀਂ ਇਹ ਸੰਭਾਲੋ।"

ਭਾਈ, ਅਸਾਂ ਇਹਨਾਂ ਚਾਬੀਆਂ ਦਾ ਕਿਆ ਕਰਨਾ ਹੈ। ਅਸੀਂ ਤਾਂ ਕਹਿੰਦੇ ਹਾਂ, ਸਾਰੇ ਸਿੱਖ, ਗੁਰੂ ਨਾਨਕ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਦਿੱਤੀ ਸੇਧ 'ਤੇ ਚਲੀਏ...ਲੋਕ ਹਿਤ ਵਿਚ ਕੰਮ ਕਰੀਏ। ਸਾਰੇ ਰਲ਼ ਮਿਲ ਕੇ ਰਹੀਏ। ਸਤਿਗੁਰਾਂ ਚਾਬੀਆਂ ਰੱਖਣ ਤੋਂ ਨਾਂਹ ਕਰ ਦਿੱਤੀ। ਫਰਵਰੀ 1921 ਈ. ਵਿਚ ਇਸੇ ਗੁਰਦੁਆਰੇ ਨੂੰ ਮਹੰਤਾਂ, ਪੁਜਾਰੀਆਂ ਤੋਂ ਮੁਕਤ ਕਰਵਾਉਣ ਲਈ ਸਿੰਘਾਂ, ਸਿੰਘਣੀਆਂ ਦਾ ਮੋਰਚਾ ਲੱਗਾ। ਅੰਦਰ ਕਈ ਦਿਨਾਂ ਤੋਂ ਗੋਲੀ ਬਾਰੂਦ, ਬੰਦੂਕਾਂ, ਬਰਛੀਆਂ, ਮਿੱਟੀ ਦਾ ਤੇਲ ਆਦਿ ਦਾ ਪੁਖ਼ਤਾ ਪ੍ਰਬੰਧ ਚੱਲ ਰਿਹਾ ਸੀ। ਬਾਹਰ ਮੋਰਚਾ ਲੱਗਾ। ਅੰਦਰੋਂ ਦਸ ਨੰਬਰੀ ਗੁੰਡਿਆਂ, ਬਦਮਾਸ਼ਾਂ, ਭਾੜੇ 'ਤੇ ਆਏ ਅਪਰਾਧੀ ਤੱਤਾਂ ਨੇ ਪੂਰਵ ਨਿਯੋਜਿਤ ਤਰੀਕੇ ਨਾਲ ਘੇਰ ਕੇ ਹਮਲਾ ਕੀਤਾ। 195 ਸਿੰਘਾਂ ਸਿੰਘਣੀਆਂ ਨੂੰ ਮਾਰ ਦਿੱਤਾ। ਉਸ ਮੋਰਚੇ ਦੀ ਅਗਵਾਈ ਕਰਨ ਵਾਲੇ ਜਥੇਦਾਰ ਲਛਮਣ ਸਿੰਘ ਧਾਰੋਵਾਲ ਨੂੰ, ਜੰਡ ਦੇ ਦਰਖ਼ਤ ਨਾਲ ਬੰਨ੍ਹ ਕੇ, ਮਿੱਟੀ ਦਾ ਤੇਲ ਪਾ ਕੇ ਜੀਉਂਦਾ ਸਾੜ ਦਿੱਤਾ। ਇਹ ਖ਼ਬਰ ਸਾਰੇ ਪਾਸੇ ਪਹੁੰਚੀ। ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਬਚਨ ਕੀਤਾ, ਵੇਖਿਆ ਉਹਨਾਂ ਚਾਬੀਆਂ ਦੀ ਕਰਾਮਾਤ! ਭਾਈ ਸਤਿਗੁਰਾਂ ਦਾ ਬਚਨ ਹੈ, ਗੁਰੂ ਦਾ ਸਿੱਖ ਜਲ ਦੇ ਕਮਲ ਫੁੱਲ ਵਾਂਗ ਨਿਰਲੇਪ ਰਹੇ।

ਸਤਿਗੁਰ, ਪਰਮੇਸ਼ਰ ਦੇ ਜਨ, ਮੁਕਤ ਹੁੰਦੇ ਹਨ...ਜਗ ਦੇ ਜੀਵਾਂ ਨੂੰ ਭੀ ਮੁਕਤ ਹੋਣ ਦੀ ਤਕਨੀਕ ਦੱਸਦੇ ਹਨ, ਮੁਕਤਿ ਕਰਦੇ ਹਨ।

ਸੰਨ 1952, ਸਤਿਗੁਰ ਜੀ ਦਾ ਬੰਬਈ ਦੌਰਾ ਹੋਇਆ...ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦਾ। ਨਾਲ ਜੱਥੇ ਵਿਚ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਭੀ ਹੈ

ਸਨ। ਸ਼ਾਮ ਦਾ ਕੀਰਤਨ ਹੋ ਰਿਹਾ ਸੀ। ਸਿੱਖ, ਗ਼ੈਰ-ਸਿੱਖ, ਸੰਗਤਾਂ ਨਾਲ ਹਾਲ ਭਰਿਆ ਸੀ। ਅਰਦਾਸ ਹੋਈ...ਭੋਗ ਪਿਆ ਤਾਂ ਇਕ ਗ਼ੈਰ ਸਿੱਖ ਸੱਜਣ, ਹੱਥ ਜੋੜ ਉੱਠ ਖਲੋਤੇ। ਮੇਰੇ ਤੋਂ ਕਈ ਗੁਨਾਹ, ਮਾੜੇ ਕਰਮ ਹੋਏ ਹਨ। ਮੈਨੂੰ ਬਖ਼ਸ਼ ਲਓ...ਅੱਗੋਂ ਹੋਰ ਕੋਈ ਮਾੜਾ ਕਰਮ ਨਾ ਕਰਨ ਦਾ ਸੰਕਲਪ ਲੈਂਦਾ ਹਾਂ। ਸਤਿਗੁਰ ਜੀ ਨੇ ਉਸ ਸੱਜਣ ਵੱਲ ਵੇਖਿਆ...ਨੇਤਰਾਂ ਵਿਚ ਪਸ਼ਚਾਤਾਪ ਦਾ ਜਲ ਭਰ ਆਇਆ ਸੀ। ਸਤਿਗੁਰ ਜੀ ਬਚਨ ਕੀਤਾ, ਪਿਛਲੇ ਅਵਗੁਣ ਤੁਹਾਡੇ ਬਖ਼ਸ਼ੇ ਗਏ...ਅੱਗੋਂ ਹੁਣ ਕੋਈ ਮਾੜਾ ਕਰਮ ਨਾ ਹੋਵੇ...ਪ੍ਰਭੂ ਚਰਨਾਂ ਵਿਚ ਅਰਦਾਸ ਕਰੋ।

ਸੰਗਤ ਵਿਚ ਬੈਠੇ ਇਕ ਪੰਡਤ ਜੀ ਬੋਲ ਉੱਠੇ, ਇਹ ਕਿਵੇਂ ਹੋ ਸਕਦਾ ਹੈ। ਕਰਮਾਂ ਦੇ ਫਲ ਭੋਗਣ ਤੋਂ ਬਗ਼ੈਰ, ਕੋਈ ਕਿਵੇਂ ਬਖਸ਼ਿਆ ਜਾ ਸਕਦਾ ਹੈ। ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਉੱਠ ਕੇ, ਸੰਗਤ ਵਿਚ ਸ੍ਰੀਮਦ ਭਾਗਵਤ ਦਾ ਪ੍ਰਸੰਗ ਸੁਣਾਇਆ। ਸ਼ਿਵਜੀ ਦੀਆਂ ਜਟਾਵਾਂ 'ਚੋਂ ਨਿਕਲੀ ਗੰਗਾ ਵਰ ਲੈ ਕੇ ਆਈ, ਜਿਹੜਾ ਮਨੁੱਖ ਸ਼ਰਧਾ ਸਹਿਤ ਟੁੱਬੀ ਲਾਉਂਦਾ ਹੈ, ਪਿਛਲਿਆਂ ਪਾਪਾਂ ਕਰਮਾਂ ਪ੍ਰਤੀ ਪ੍ਰਾਸ਼ਚਿਤ ਕਰਦਾ ਹੈ...ਅੱਗੋਂ ਹੋਰ ਕੋਈ ਮਾੜੇ ਕਰਮ ਨਾ ਕਰਨ ਦਾ ਸੰਕਲਪ ਕਰਦਾ ਹੈ, ਉਹ ਮੁਕਤਿ ਹੋ ਜਾਂਦਾ ਹੈ। ਗੁਰੂ ਤਾਂ ਉਹ ਹੈ, ਜਿਸ ਬਾਬਤ ਵੇਦ ਮਾਤਾ ਭੀ ਕਹਿੰਦੀ ਹੈ, ਗੁਰੂ ਸਾਖਿਆਤ ਬ੍ਰਹਮਾ ਹੈ, ਵਿਸ਼ਨੂੰ ਹੈ, ਸ਼ਿਵਜੀ ਹੈ। ਗੁਰੂ ਇਕੱਲਾ ਤ੍ਰਿਦੇਵ ਹੈ...ਤੇਤੀ ਕਰੋੜ ਦੇਵਾਂ ਦਾ ਦੇਵ...'ਸਰਵਾਧੀਦੇਵ' ਹੈ। ਜਿਸ ਨੂੰ ਯੋਗ ਸਮਝੇ...ਮੇਹਰ ਦੀ ਨਜ਼ਰ ਕਰੇ ਅਤੇ ਭਵਜਲ ਤੋਂ ਮੁਕਤਿ ਕਰ ਦੇਵੇ। ਗੁਰੂ ਸੰਪੂਰਨ ਹੈ। ਗੁਰੂ ਦੇ ਬਰਾਬਰ ਸ਼ਿਵ ਨਹੀਂ, ਸ਼ਕਤੀ ਨਹੀਂ, ਜਲ ਨਹੀਂ, ਪਉਣ ਨਹੀਂ, ਧਰਤੀ ਨਹੀਂ, ਸ੍ਰਿਸ਼ਟੀ ਦਾ ਆਕਾਰ ਨਹੀਂ—ਗੁਰੂ ਦਾ ਆਸਣ ਤਾਂ ਉਥੇ ਹੈ, ਜਿਥੇ ਨਿਰੰਕਾਰ ਪਰਮਾਤਮਾ, ਅਵਿਗਤ ਨਾਥ ਜਿਸ ਨੂੰ ਜਾਣਿਆ ਨਹੀਂ ਜਾ ਸਕਦਾ...'ਅਗੰਮ' ਜਿਥੇ ਪਹੁੰਚਿਆ ਨਹੀਂ ਜਾ ਸਕਦਾ।

ਤਾਂ ਪੰਜਵੇਂ ਪਾਤਸ਼ਾਹ, ਗੁਰੂ ਬਾਬਤ ਫਰਮਾਉਂਦੇ ਹਨ—

ਨਹ ਸਿਵ ਸਕਤੀ ਜਲੁ ਨਹੀ ਪਵਨਾ ਤਹ ਅਕਾਰੁ ਨਹੀ ਮੇਦਨੀ॥
ਸਤਿਗੁਰ ਜੋਗ ਕਾ ਤਹਾ ਨਿਵਾਸਾ ਜਹ ਅਵਿਗਤ ਨਾਥੁ ਅਗਮ ਧਨੀ॥

# ਸਮਾਜਿਕ ਨਿਆਂ

ਸ੍ਰਿਸ਼ਟੀ ਦਾ ਹਰ ਪ੍ਰਾਣੀ ਨਿਵੇਕਲਾ ਹੈ। ਪਸ਼ੂ, ਪੰਖੀ, ਮਨੁੱਖ, ਰੁੱਖ, ਸਾਰਿਆਂ ਦੀ ਇਕ ਨਿਵੇਕਲੀ ਪਛਾਣ ਹੈ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਇਹ ਕੁਦਰਤ ਦੀ ਵਿਸਮਾਦੀ ਵਿਵਸਥਾ ਹੈ—

ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥
ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥

ਇਹ ਨਿਵਕੇਲਾਪਣ...ਇਹ ਵਿਵਿਧਤਾ, ਸ੍ਰਿਸ਼ਟੀ ਦਾ ਸੁਹੱਪਣ ਹੈ। ਸ਼ੇਰ, ਚੀਤੇ ਜਿਹੇ ਹਿੰਸਕ ਜਾਨਵਰ ਅਤੇ ਬੱਕਰੀ, ਹਿਰਣ ਜਿਹੇ ਭੋਲੇ ਪ੍ਰਾਣੀ! ਜ਼ਹਿਰੀਲੇ ਸੱਪ, ਬਿੱਛੂ ਅਤੇ ਮਾਸੂਮ ਤਿਤਲੀਆਂ, ਧਰਤੀ 'ਤੇ ਮੌਜੂਦ ਹਨ। ਇਨ੍ਹਾਂ ਵਿਚ ਜਾਤੀ ਦੁਸ਼ਮਣੀ ਨਹੀਂ...ਪ੍ਰਤੀਸਪਰਧਾ ਜਾਂ ਹੋੜ ਨਹੀਂ। ਮੋਰ ਨੂੰ ਕੋਈ ਦੁੱਖ ਨਹੀਂ ਕਿ ਕੋਇਲ ਮੇਰੇ ਤੋਂ ਵੱਧ ਸੁਰੀਲੀ ਹੈ। ਗੁਲਾਬ ਦੇ ਫੁੱਲ ਵਿਚ ਕੋਈ ਦਵੇਸ਼-ਭਾਵ ਨਹੀਂ ਕਿ ਚਿੱਕੜ ਵਿਚ ਭੀ ਕਮਲ ਦਾ ਏਨਾ ਸੋਹਣਾ ਫੁੱਲ ਕਿਵੇਂ ਉੱਗ ਪਿਆ। ਸ਼ੇਰ ਪੇਟ ਭਰਿਆ ਹੋਵੇ, ਫਿਰ ਕਿਸੇ ਪ੍ਰਤੀ ਹਿੰਸਾ ਨਹੀਂ ਕਰਦੇ। ਇਹ ਸਾਰੇ ਇਕ ਦੂਜੇ ਦੇ ਪੂਰਕ ਹਨ। ਮਿੱਟੀ, ਪਾਣੀ, ਹਵਾ, ਅਗਨਿ ਅਤੇ ਆਕਾਸ਼। ਵੱਖ-ਵੱਖ ਖਿੱਤਿਆਂ ਦੇ ਤੱਤ...ਇਕੱਠੇ ਹੋਏ ਤਾਂ ਸ੍ਰਿਸ਼ਟੀ ਬਣੀ। ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ— ਹਵਾ, ਪਾਣੀ ਅਤੇ ਅੱਗ! ਤਿੰਨੇ ਵੱਖ ਸੁਭਾਅ ਵਾਲੇ। ਅਗਨ ਜਲੀ...ਹਵਾ ਨੇ ਭਾਂਬੜ ਮਚਾ ਦਿੱਤੀ...ਪਾਣੀ ਆਇਆ ਬੁਝਾ ਦਿੱਤੀ। ਤਿੰਨੇ ਨਿਵੇਕਲੀ ਪ੍ਰਕ੍ਰਿਤੀ ਦੇ। ਪਰ ਪਰਮੇਸ਼ਰ ਦੀ ਖੇਡ ਹੈ, ਮਨੁੱਖ ਦੇ ਪੇਟ ਤੋਂ ਸੀਨੇ ਤਕ ਮਹਿਜ਼ ਦੋ ਕੁ ਫੁੱਟ ਥਾਂ ਵਿਚ, ਆਂਤਾਂ, ਭੋਜਨ ਪ੍ਰਣਾਲੀ, ਜਿਗਰ, ਗੁਰਦਾ, ਫੇਫੜੇ...ਸਾਰੇ ਸਮਾਏ ਹੋਏ ਹਨ। ਇਸੇ ਥਾਂ ਪਾਤਸ਼ਾਹ ਕਹਿੰਦੇ ਹਨ, ਮਾਰੂ ਰਾਗ ਵਿਚ—

ਪਉਣ ਪਾਣੀ ਅਗਨੀ ਇਕ ਵਾਸਾ॥
ਆਪੇ ਕੀਤੋ ਖੇਲੁ ਤਮਾਸਾ॥

ਜੰਗਲ ਵਿਚ ਬਿੱਛੂ ਬੂਟੀ ਹੁੰਦੀ ਹੈ, ਹੱਥਾਂ ਪੈਰਾਂ ਨੂੰ ਛੂਹ ਲਏ ਤਾਂ ਬਹੁਤ ਜਲਨ ਹੁੰਦੀ ਹੈ। ਧਿਆਨ ਕਰਨਾ, ਇਸ ਦੇ ਨਾਲ ਹੀ ਪਾਲਕ ਭੀ ਜ਼ਰੂਰ ਹੋਵੇਗੀ। ਬਿੱਛੂ ਬੂਟੀ ਲੱਗ ਗਈ, ਜਲਨ ਹੋਣ ਲੱਗੀ...ਪਾਲਕ ਦੇ ਪੱਤੇ ਦੋ ਤਿੰਨ ਉਸ ਥਾਂ 'ਤੇ ਲਾ

ਦਿਓ, ਉਸੇ ਵੇਲੇ ਠੀਕ ਹੋ ਜਾਏਗਾ। ਪਰਮੇਸ਼ਰ ਨੇ ਕਮਾਲ ਦੀ ਵਿਵਸਥਾ ਬਣਾਈ ਹੈ। ਇਥੇ ਕੁਝ ਵੀ ਬੇਲੋੜਾ ਨਹੀਂ। ਧਰਤੀ 'ਤੇ ਸੰਤ-ਅਨੰਤ, ਦੁਰਾਚਾਰੀ-ਸਦਾਚਾਰੀ ਸਾਰੇ ਸਿਰਜੇ ਗਏ। ਦਸਮ ਪਾਤਸ਼ਾਹ, ਅਕਾਲ ਪੁਰਖ ਨਾਲ ਹੋਏ ਸੰਵਾਦ ਵਿਚ...ਅਕਾਲ ਪੁਰਖ— ਕਹਿੰਦੇ ਹਨ,

ਜਬ ਪਹਿਲੇ ਹਮ ਸ੍ਰਿਸਟਿ ਬਨਾਈ॥
ਦਈਤ ਰਚੇ ਦੁਸਟ ਦੁਖਦਾਈ॥
ਤੇ ਭੁਜ ਬਲ ਬਵਰੇ ਹ੍ਵੈ ਗਏ॥
ਪੂਜਤ ਪਰਮ ਪੁਰਖ ਰਹਿ ਗਏ॥

ਦੇਵਤੇ ਵੀ ਹਨ, ਦੈਤ ਵੀ ਹਨ...ਇਹ ਰੱਬ ਦੀ ਰਜ਼ਾ ਹੈ। ਜਪੁ ਜੀ ਵਿਚ ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਹਨ—ਇਹ ਧਰਤੀ ਧਰਮਸ਼ਾਲਾ ਹੈ। ਧਰਮਸ਼ਾਲਾ ਵਿਚ ਵੱਖ-ਵੱਖ ਜਾਤਾਂ, ਵਰਣਾਂ...ਵੱਖ ਵੱਖ ਭੇਖ ਅਤੇ ਭਾਸ਼ਾ ਦੇ ਇਸਤ੍ਰੀ ਪੁਰਸ਼ ਵਿਸ਼ਰਾਮ ਕਰਦੇ ਹਨ। ਡਾਇਵਰਸਿਟੀ ਵਿਚ ਯੂਨੀਟੀ ਹੈ, ਅਨੇਕਤਾ ਵਿਚ ਏਕਤਾ ਹੈ ਤਾਂ ਧਰਮਸ਼ਾਲਾ ਨਾਂ ਹੈ। ਜਿਥੇ ਭੇਦਭਾਵ ਹੈ, ਜਾਤਾਂ, ਸੰਪਰਦਾਵਾਂ ਲਈ ਪ੍ਰਵੇਸ਼ ਨਿਸ਼ੇਧ ਹੈ, ਉਹ ਧਰਮਸ਼ਾਲਾ ਨਹੀਂ ਹੋ ਸਕਦੀ। ਤਾਂ ਸਤਿਗੁਰ ਕਹਿੰਦੇ ਹਨ, ਪ੍ਰਾਣੀ ਜੀਵਨ ਯਾਤਰਾ ਦੇ ਪੰਜ ਖੰਡ ਹਨ। ਪੰਜ ਜਮਾਤਾਂ ਪਾਸ ਕਰਨੀਆਂ ਪੈਂਦੀਆਂ ਹਨ। ਪਹਿਲੀ ਜਮਾਤ...ਪਹਿਲਾ ਖੰਡ, ਧਰਮ ਖੰਡ ਹੈ। ਪਹਿਲੀ ਪ੍ਰੀਖਿਆ ਇਥੇ ਹੁੰਦੀ ਹੈ। ਬਾਲਕ ਦਾ ਜਨਮ ਹੋਇਆ। ਪਹਿਲਾ ਆਸ਼ਰਮ ਬ੍ਰਹਮਚਿਰਅ। ਇਹ ਵਿਦਿਆਰਥੀ ਜੀਵਨ ਕਾਲ ਹੈ। ਸਕੂਲ ਵਿਚ, ਵੱਖ-ਵੱਖ ਵਰਗਾਂ, ਵਰਣਾਂ ਅਤੇ ਸੁਭਾਅ ਵਾਲਿਆਂ ਨਾਲ ਸਹਿਪਾਠੀ ਭਾਵ ਨਾਲ ਵਿਚਰਨਾ। ਵੱਡੇ ਹੋਏ ਦੇਵ ਅਤੇ ਦੁਸ਼ਟ, ਸਭਨਾਂ ਨਾਲ ਮੇਲ ਹੁੰਦਾ ਰਿਹਾ। ਇਹ ਸੰਸਾਰ ਹੈ, ਇਥੇ—

ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥

ਸਤਿਗੁਰ ਬਚਨ ਕਰਦੇ ਹਨ, ਇਥੇ ਕਿੰਨੇ ਦੇਵ-ਬੁੱਧੀ ਵਾਲੇ ਲੋਗ ਹਨ, ਕਿੰਨੇ ਰਾਖਸ਼ ਬਿਰਤੀ ਵਾਲੇ...। ਇਹ ਸੰਸਾਰ ਸਮੁੰਦਰ ਹੈ, ਇਸ ਵਿਚ ਇਹ ਸਾਰੇ ਰਤਨ ਹਨ। ਵਿਸ਼ਨੂੰ ਪੁਰਾਣ ਵਿਚ 'ਸਮੁੰਦਰ ਮੰਥਨ' ਦਾ ਪ੍ਰਸੰਗ ਹੈ। ਮਦਰਾਂਚਲ ਪਹਾੜ ਨੂੰ ਮਧਾਣੀ ਅਤੇ ਸ਼ੇਸ਼ਨਾਗ ਦੀ ਰੱਸੀ ਬਣਾ ਕੇ ਸਮੁੰਦਰ ਨੂੰ ਰਿੜਕਿਆ...ਚੌਦਾਂ ਰਤਨ ਨਿਕਲੇ। ਪਹਿਲਾ ਰਤਨ, ਜ਼ਹਿਰ ਸੀ...ਕਾਲਕੂਟ ਜ਼ਹਿਰ। ਪ੍ਰਸੰਗ ਦੱਸਦਾ ਹੈ ਕਿ ਸੰਸਾਰ ਵਿਚ ਆਇਆ ਹੈ ਪ੍ਰਾਣੀ ਤਾਂ ਪਹਿਲਾਂ ਜ਼ਹਿਰ ਪੀਣ ਦਾ ਅਭਿਆਸ ਕਰ ਲੈ। ਹਰ ਤਰ੍ਹਾਂ ਦੇ ਲੋਕਾਂ ਨਾਲ ਵਾਹ ਪਵੇਗਾ...ਕਈ ਈਰਖਾ, ਦਵੈਸ਼ ਕਰਨਗੇ, ਦੁੱਖ

ਦੇਣਗੇ, ਨੀਵਾਂ ਵਿਖਾਉਣ ਦੇ ਉਪਰਾਲੇ ਕਰਨਗੇ। ਸ਼ਿਵਜੀ ਵਾਂਗ ਜ਼ਹਿਰ ਦਾ ਘੁੱਟ ਭਰ ਲਿਆ ਤਾਂ 'ਨੀਲ ਕੰਠ ਮਹਾਂਦੇਵ' ਵਾਂਗ ਸਹਿਣਸ਼ੀਲ ਬਣ ਜਾਵੇਂਗਾ।

ਤਾਂ ਸਮਾਜਿਕ ਨਿਆਂ ਦੀ ਪਹਿਲੀ ਸ਼ਰਤ, ਪਹਿਲੀ ਸੰਥਿਆ, ਸਾਰਿਆਂ ਨਾਲ, ਸਮਭਾਵ ਨਾਲ ਵਿਚਰਣਾ! ਸਮਾਜਿਕ ਨਿਆਂ ਦਾ ਅਰਥ ਹੈ ਜਾਤੀ, ਧਰਮ, ਲਿੰਗ ਅਤੇ ਵਰਗ ਭੇਦ ਤੋਂ ਰਹਿਤ, ਸਾਰਿਆਂ ਨੂੰ ਜੀਵਨ ਰੱਖਿਆ, ਧਰਮ ਆਸਥਾ, ਸਮਾਜਿਕ ਸਮਾਨਤਾ ਅਤੇ ਵਿਕਾਸ ਦੇ ਸਮਾਨ ਅਵਸਰ ਪ੍ਰਾਪਤ ਹੋਣਾ।

ਅੱਜ ਦਾ ਬਹੁਤ ਹੀ ਮੰਦਭਾਗਾ ਅਤੇ ਖ਼ਤਰਨਾਕ ਯਥਾਰਥ ਹੈ ਕਿ ਦੁਨੀਆਂ, ਜਾਤਾਂ, ਧਰਮਾਂ ਸੰਪਰਦਾਵਾਂ ਵਿਚ ਵੰਡ ਗਈ।

27 ਮਈ 2024 ਨੂੰ 'ਕੈਲੀਫੋਰਨੀਆ ਸਿਵਲ ਰਾਈਟ ਫੋਰਮ' ਨੇ ਯਹੂਦੀ ਵਿਰੋਧ, ਇਸਲਾਮੋਫੋਬੀਆ, ਹਿੰਦੂ ਹੇਟ ਕ੍ਰਾਈਮ ਜਿਹੇ ਮਾਹੌਲ ਵਿਚ ਕਿਹਾ ਕਿ ਦੁਨੀਆਂ ਬਾਰੂਦ ਦੇ ਢੇਰ 'ਤੇ ਬੈਠੀ ਹੈ। ਕੋਈ ਸਿਰਫਿਰਾ, ਇਕ ਤੀਲ੍ਹੀ ਲਾ ਦੇਵੇ ਔਰ ਸਭ ਕੁਝ ਤਬਾਹ ਹੋ ਜਾਵੇਗਾ।

ਗੁਰੂ ਨਾਨਕ ਦਾ ਧਰਮ ਦਰਸ਼ਨ, ਮਨੁੱਖ ਨੂੰ ਫਰਿਸ਼ਤਾ ਬਣਾ ਕੇ, ਧਰਤੀ 'ਤੇ ਸਵਰਗ ਦਾ ਸੰਕਲਪ ਲੈਂਦਾ ਹੈ। ਇਸ ਸੰਕਲਪ ਨੂੰ ਸਿਰੇ ਚੜ੍ਹਾਉਣ ਲਈ ਗੁਰੂ ਦੀ ਪਰੰਪਰਾ ਤੋਰੀ—

> ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
> ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

15ਵੀਂ ਸਦੀ ਦੇ ਗੁਰੂ ਨਾਨਕ ਤੋਂ ਲੈ ਕੇ, ਵਰਤਮਾਨ ਸਤਿਗੁਰੂ ਦੀ ਜੀਵਨ ਚਰਿਆ ਨੂੰ ਗਹੁ ਨਾਲ ਵੇਖੀਏ ਤਾਂ ਹਰ ਕਰਮ...ਹਰ ਉਪਦੇਸ਼ ਵਿਚ ਸਮਾਜਿਕ ਨਿਆਂ ਦੀ ਪ੍ਰੌੜ੍ਹਤਾ ਹੀ ਨਜ਼ਰ ਆਵੇਗੀ। ਸੈਦਪੁਰ, ਮਲਿਕ ਭਾਗੋ ਦੀ ਹਵੇਲੀ ਵਿਚ ਇਕੱਤਰ ਵੱਡੇ ਇਕੱਠ ਵਿਚ, ਗ਼ਰੀਬ ਕੀਰਤਨੀਏ ਭਾਈ ਲਾਲੋ ਦਾ ਸਨਮਾਨ ਜਾਂ ਹਸਨ ਅਬਦਾਲ ਦੇ ਵਲੀ ਕੰਧਾਰੀ ਨੂੰ ਆਮ ਲੋਕਾਂ ਨਾਲ ਜੋੜਨਾ ਜਾਂ ਮੱਕੇ ਦੇ ਕਾਜ਼ੀ ਨੂੰ, ਉਨ੍ਹਾਂ ਦੇ ਇਸਲਾਮੀ ਧਰਮ ਗ੍ਰੰਥ, ਕੁਰਾਨ ਸ਼ਰੀਫ਼ ਦੇ ਸੂਰਤ ਫਾਤਿਹਾ ਵਿਚ ਦਰਜ ਰੱਬੀ ਫਰਮਾਨ—"ਅੱਲਹਮਦੂ ਲਿੱਲਾਹ ਰੱਬੁਲ ਆਲਮੀਨ" ਦਾ ਅਰਥ ਖੋਲ੍ਹ ਕੇ ਦੱਸਣਾ ਕਿ ਉਹ "ਰੱਬੁਲ ਆਲਮੀਨ" ਹੈ, ਰੱਬੁੱਲ ਮੁਸਲਮੀਨ ਨਹੀਂ। ਉਹ ਰੱਬ ਸਿਰਫ਼ ਮੁਸਲਮਾਨਾਂ ਦਾ ਨਹੀਂ...ਉਹ ਤਾਂ "ਆਲਮੀਨ" ਹੈ...ਸਾਰੀ ਦੁਨੀਆਂ ਦਾ, ਸਾਰੀ ਸ੍ਰਿਸ਼ਟੀ ਦਾ ਹੈ...ਸਿਰਜਣ ਦੇ ਹਰ ਜ਼ੱਰੇ ਜ਼ੱਰੇ ਵਿਚ ਵਿਦਮਾਨ ਹੈ। ਉਹ ਕਾਅਬੇ ਵਿਚ ਹੀ ਮਹਿਦੂਦ ਨਹੀਂ, ਉਹ ਹਰ ਥਾਂ ਹੈ।

ਸਿੱਖ ਧਰਮ ਦਰਸ਼ਨ "ਸਰਬੱਤ ਦੇ ਭਲੇ" ਦੀ ਅਰਦਾਸ ਸਿਖਾਉਂਦਾ ਹੈ, ਸਮਾਨਤਾ ਦੀ ਗੱਲ ਕਰਦਾ ਹੈ। ਜੰਗ ਭੀ ਹੋਵੇ ਤਾਂ ਸਮਾਨ ਸ਼ਕਤੀ ਤਲ 'ਤੇ ਹੋਵੇ।

ਸੰਨ 1526 ਵਿਚ, ਬਾਬਰ ਦੇ ਹਮਲੇ ਸਮੇਂ, ਗੁਰੂ ਨਾਨਕ ਪਾਤਸ਼ਾਹ, ਆਮ ਜਨ ਤੇ ਮੁਗ਼ਲ ਸੈਨਾ ਵੱਲੋਂ ਹੋ ਰਹੇ ਜ਼ੁਲਮਾਂ ਪ੍ਰਤੀ ਰੋਸ ਦਾ ਪ੍ਰਗਟਾਵਾ ਕਰਦੇ ਹਨ—

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥

ਜੰਗ ਬਰਾਬਰੀ 'ਤੇ ਹੋਏ ਤਾਂ ਕੋਈ ਰੋਸ ਨਹੀਂ। ਪਰ ਸ਼ਕਤੀਸ਼ਾਲੀ ਸ਼ੇਰ, ਭੇਡਾਂ ਬੱਕਰੀਆਂ ਦੇ ਵਗ (ਝੁੰਡ) 'ਤੇ ਪੈ ਜਾਏ, ਭੋਲੇ ਜੀਆਂ ਨੂੰ ਮਾਰੇ ਤਾਂ ਖਸਮ-ਦੇ-ਦਰਬਾਰ ਵਿਚ ਜ਼ਾਲਿਮ ਤੋਂ ਜ਼ੁਲਮਾਂ ਦਾ ਹਿਸਾਬ ਕੀਤਾ ਜਾਏਗਾ। ਸਮਾਨਤਾ, ਸਮਾਜਿਕ ਨਿਆਂ ਦੀ ਪਹਿਲੀ ਸ਼ਰਤ ਹੈ।

ਨਾਰੀ, ਜੁਗਾਂ ਤੋਂ ਦੂਜੇ ਦਰਜੇ ਦੀ ਨਾਗਰਿਕ ਮੰਨੀ ਜਾਂਦੀ ਰਹੀ। ਸਤਿਜੁਗ ਵਿਚ 'ਬ੍ਰਹਮਾ' ਦੀ ਧੀ ਅਹਿਲਯਾ, ਤ੍ਰੇਤਾ ਯੁਗ ਵਿਚ ਭਗਵਾਨ ਸ੍ਰੀ ਰਾਮ ਦੀ ਸੁਪਤਨੀ ਸੀਤਾ, ਦੁਆਪੁਰ ਵਿਚ ਦਰੁੱਪਦ ਰਾਜਾ ਦੀ ਧੀ, ਪਾਂਡਵਾਂ ਦੀ ਸਾਂਝੀ ਘਰਵਾਲੀ, ਦ੍ਰੋਪਦੀ...ਦੇਵ ਕੰਨਿਆਵਾਂ ਅਤੇ ਰਾਜਵੰਸ਼ ਦੀਆਂ ਔਰਤਾਂ ਨੇ ਭੀ, ਸਾਰਾ ਜੀਵਨ ਨਾਰੀ ਹੋਣ ਦਾ ਦਰਦ ਹੰਢਾਇਆ ਹੈ। ਅਜੋਕੇ ਜੁਗ ਵਿਚ ਬਿਲਕਿਸ ਬਾਨੋ ਜਾਂ ਨਿਰਭਯਾ ਕਾਂਡ ਦੀ ਯਾਦ, ਅੱਜ ਵੀ ਜਨ ਮਾਨਸ ਦੇ ਹੱਡ ਕੰਬਾ ਦਿੰਦੀ ਹੈ। ਸ਼ਕੀਲ ਆਜ਼ਮੀ ਨੇ 'ਰਾਮਾਇਣ ਅਤੇ ਬਨਵਾਸ' ਨਾਂ ਦੀ ਗ਼ਜ਼ਲਾਂ ਭਰੀ ਕਾਵਿ ਰਚਨਾ ਕੀਤੀ ਹੈ। ਗੌਤਮ ਰਿਸ਼ੀ ਦੀ ਸੁਪਤਨੀ ਅਹਿੱਲਯਾ ਦਾ ਪ੍ਰਸੰਗ ਲਿਖਿਆ ਹੈ—

ਰਾਮ! ਤੂੰ ਕਿਉਂ ਮੈਨੂੰ ਛੂਹ ਕੇ ਲੰਘ ਗਿਆ ?
ਪੱਥਰ ਤੋੜ ਕੇ ਕਿਉਂ ਮੈਨੂੰ ਬਾਹਰ ਕੱਢਿਆ ?
ਪੱਥਰ ਹੀ ਰਹਿਣ ਦਿੰਦਾ...ਲੋਗ ਪੱਥਰ ਨੂੰ ਸ਼ਾਇਦ ਪੂਜਦੇ।
ਲੋਗ ਜੀਉਂਦਿਆਂ ਨੂੰ ਮਾਰਦੇ ਹਨ, ਪੱਥਰ ਬਣਾਉਂਦੇ ਹਨ
ਅਤੇ ਪੱਥਰਾਂ ਨੂੰ ਪੂਜਦੇ ਹਨ।
ਜ਼ਿੰਦਾ ਔਰਤ ਤਾਂ ਬਸ ਰੂਪ ਹੁੰਦੀ ਹੈ।
ਜ਼ਿੰਦਾ ਔਰਤ ਤਾਂ ਬਸ ਜਿਸਮ ਹੁੰਦੀ ਹੈ...ਭੋਗ ਦੀ ਸ਼ੈਅ।
ਰਾਮ! ਮੈਨੂੰ ਇਸ ਦੇਹ ਤੋਂ ਆਜ਼ਾਦ ਕਰੋ।
ਕਿਸੇ ਐਸੇ ਲੋਕ ਵਿਚ ਆਬਾਦ ਕਰੋ...
ਜਿਥੇ ਘੂਰਨ ਨਾ ਕਿਸੇ ਇੰਦਰ ਦੀਆਂ ਅੱਖਾਂ...
ਜਿਥੇ ਫਿਰ ਕੋਈ ਗੌਤਮ, ਸਰਾਪ ਨਾ ਦੇ ਸਕੇ...
ਮੇਰੀ ਇਜਾਜ਼ਤ ਤੋਂ ਬਗ਼ੈਰ ਕੋਈ ਮਰਦ, ਮੇਰੇ ਤੇ ਹਕੂਮਤ ਨਾ ਕਰ ਸਕੇ...
ਜਿਥੇ ਔਰਤ, ਆਪਣੀ ਸੂਰਤ ਦੀ
ਆਪਣੀ ਸੀਰਤ ਦੀ ਸੁਆਮਿਨੀ ਹੋਵੇ।

ਧਰਮ ਗੁਰੂ ਭਾਰਤ ਦੇ ਤਥਾਕਥਿਤ ਧਾਰਮਿਕ ਜਨ ਦੀ ਮਨੋਦਸ਼ਾ 'ਚ ਇਹ ਯਥਾਰਥ ਹੈ ਕਿ ਅਗਨੀ ਪ੍ਰੀਖਿਆ ਦੇ ਕੇ ਵੀ ਸੀਤਾ, ਪਹਿਲਾਂ ਬਨਵਾਸ ਅਤੇ ਫਿਰ ਭੂ ਸਮਾਧੀ ਲੈਣ ਨੂੰ ਮਜਬੂਰ ਹੋਈ। ਦੁਆਪਰ ਯੁਗ ਵਿਚ, ਸਵਯੰਬਰ ਵਿਚ, ਦ੍ਰੋਪਦੀ ਨੇ ਅਰਜਨ ਨੂੰ ਵਰਿਆ। ਘਰ ਆਏ ਕਹਿੰਦੇ ਹਨ, ਅਰਜਨ ਨੇ ਮਾਂ ਨੂੰ ਸਰਪ੍ਰਾਈਜ਼ ਦਿੰਦਿਆਂ ਕਿਹਾ, ਮਾਂ ਵੇਖੋ—ਕਿੰਨੀ ਵਧੀਆ ਚੀਜ਼ ਜਿੱਤ ਕੇ ਲਿਆਇਆ ਹਾਂ। ਸਹਜੇ ਮਾਤਾ ਕੁੰਤੀ ਨੇ ਬਗ਼ੈਰ ਵੇਖਿਆਂ ਕਹਿ ਦਿੱਤਾ, "ਪੰਜੇ ਭਰਾ ਵੰਡ ਲਉ।" ਮਹਾਂਭਾਰਤ ਦੇ ਰਚੇਤਾ, ਵੇਦ ਵਿਆਸ ਵਿਚ ਇਤਨਾ ਸਾਹਸ ਨਹੀਂ ਹੋਇਆ ਕਿ ਉਹ ਕਾਵਿ-ਰਚਨਾ ਦੀ ਅਹਿਮ ਕਿਰਦਾਰ ਦ੍ਰੋਪਦੀ ਦੇ ਮੂੰਹੋਂ, ਪ੍ਰਤੀਰੋਧ ਜ਼ਾਹਿਰ ਕਰਵਾ ਸਕਣ ਕਿ "ਮੈਂ ਇਕ ਨਾਰੀ ਹਾਂ...ਵੰਡੀ ਜਾਣ ਵਾਲੀ ਕੋਈ ਸ਼ੈਅ ਨਹੀਂ।" ਕਲਪਨਾ ਕਰੀਏ, ਸਾਰਾ ਜੀਵਨ, ਪੰਜ ਮਰਦਾਂ ਨਾਲ ਤਾਲਮੇਲ ਬਿਠਾਉਂਦੀ ਹੋਈ ਦ੍ਰੋਪਦੀ ਦੀ ਮਨੋਦਸ਼ਾ, ਕਿੰਨੀਆਂ ਬਿਖਮ ਘਾਟੀਆਂ 'ਚੋਂ ਲੰਘਦੀ ਰਹੀ ਹੋਵੇਗੀ ?

ਪਰ ਇਸ ਦੇਸ਼ ਵਿਚ, ਕਈ ਲੇਖਕ ਵਾਰਤਕਕਾਰ, ਨਾਟਕਕਾਰ, ਪਾਠਕ, ਦਰਸ਼ਕ ਸਾਰੇ ਅਭਿਅਸਤ ਹੋ ਚੁੱਕੇ ਹਨ, ਨਾਰੀ ਦੁਰਦਸ਼ਾ ਨੂੰ ਵੇਖਣ ਸੁਣਨ ਲਈ।

ਸ੍ਰੀ ਗੁਰੂ ਨਾਨਕ ਨੇ ਜੁਗਾਂ ਦੀ ਪਰੰਪਰਾ ਨੂੰ ਤੋੜਿਆ, ਨਾਰੀ ਨਾਲ ਨਿਆਂ ਕੀਤਾ...ਨਾਰੀ ਨੂੰ ਉਸ ਦਾ ਬਣਦਾ ਹੱਕ ਦੇਣ ਲਈ ਆਵਾਜ਼ ਬੁਲੰਦ ਕੀਤੀ—

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਦੁਨੀਆਂ ਵਿਚ ਅੱਧੀ ਆਬਾਦੀ...ਅੱਧੀ ਦੁਨੀਆਂ ਨਾਰੀ ਜਗਤ ਹੈ। ਰਾਜਿਆਂ ਮਹਾਰਾਜਿਆਂ, ਭਗਤਾਂ, ਦੇਵੀ-ਦੇਵਤਿਆਂ, ਪੀਰਾਂ, ਫ਼ਕੀਰਾਂ ਦੀ ਜਨਨੀ, ਨਾਰੀ ਸਦਾ ਸ਼ੋਸ਼ਤ ਹੁੰਦੀ ਰਹੀ।

ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ 1 ਜੂਨ 1863 ਈ. ਨੂੰ ਵਿਸ਼ਵ ਦੀ ਮਨੁੱਖੀ ਸਭਿਅਤਾ ਦੇ ਇਤਿਹਾਸ ਵਿਚ ਪਹਿਲੀ ਵਾਰ, ਬੀਬੀਆਂ ਨੂੰ ਆਪਣੀ ਹੱਥੀਂ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਅਤੇ ਬਚਨ ਕੀਤਾ, ਭਾਈ ਸਿੱਖੋ! ਔਰਤ ਬਹੁਤ ਸੁਖ ਦੇਂਦੀ ਹੈ। ਮਾਂ ਬਣ ਕੇ, ਭੈਣ ਬਣ ਕੇ, ਧੀ ਬਣ ਕੇ, ਘਰ ਦੀ ਗ੍ਰਿਹਣੀ ਬਣ ਕੇ... ਕਈ ਰੂਪਾਂ ਵਿਚ ਸੁਖ ਦਿੰਦੀ ਹੈ...ਔਰਤ ਦਾ ਸਦਾ ਸਨਮਾਨ ਕਰਿਆ ਕਰੋ। ਸਤੀ ਪ੍ਰਥਾ...ਪਤੀ ਦੀ ਚਿਖਾ 'ਤੇ ਜੀਉਂਦਿਆਂ ਸੜ ਮਰਨ ਦੀ ਪਰੰਪਰਾ ਪੁਰਾਣੀ ਸੀ। 13ਵੀਂ ਸਦੀ ਵਿਚ ਅੱਲਾਉੱਦੀਨ ਖਿਲਜੀ ਦੇ ਚਿੱਤੋੜ ਜਿੱਤ ਸਮੇਂ, ਰਾਣੀ ਪਦਮਾਵਤੀ ਸਹਿਤ ਇਕ ਸੌ ਤੋਂ ਵੱਧ ਰਾਣੀਆਂ ਅਤੇ ਸੈਨਿਕਾਂ ਦੀਆਂ ਵਿਧਵਾ ਹੋਈਆਂ ਯੁਵਤੀਆਂ ਨੇ 'ਜੌਹਰ' ਅਰਥਾਤ ਵੱਡੇ ਅਗਨ ਕੁੰਡ ਵਿਚ ਸਮੂਹਿਕ ਆਤਮਦਾਹ ਕੀਤਾ। ਸਤੀ ਪ੍ਰਥਾ, ਔਰਤ ਲਈ, ਪਤੀ ਦੀ ਮੌਤ ਉਪਰੰਤ, ਪਤੀ ਦਾ ਸਿਰ ਗੋਦ ਵਿਚ ਰੱਖ ਕੇ ਚਿਖਾ 'ਤੇ ਬੈਠ ਸੜ ਮਰਨਾ, ਇਕ ਅਟੁੱਟ ਪਰੰਪਰਾ ਬਣ ਗਈ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ 1863 ਈ. ਵਿਚ ਖੋਟੇ ਪਿੰਡ, ਆਨੰਦ ਮਰਿਆਦਾ ਦੀ ਆਰੰਭਤਾ ਦੇ

ਨਾਲ ਹੀ, ਵਿਧਵਾ ਵਿਆਹ ਵੀ ਆਰੰਭ ਕੀਤੇ। ਬਚਨ ਕੀਤਾ, ਔਰਤਾਂ ਨੂੰ ਭੀ ਜੀਉਣ ਦਾ...ਆਪਣੀ ਮਰਜ਼ੀ ਅਨੁਸਾਰ ਸੁਖ ਪ੍ਰਾਪਤੀ ਅਤੇ ਵਿਕਾਸ ਦਾ ਸਮਾਨ ਅਧਿਕਾਰ ਹੈ। ਸੰਨ 1833 ਵਿਚ, ਰਾਜਾਰਾਮ ਮੋਹਨ ਰਾਏ ਦੀ ਮੌਤ ਤੋਂ ਬਾਦ, ਸ੍ਰੀ ਦੇਵੇਂਦਰ ਨਾਥ ਠਾਕੁਰ, 1842 ਈ. ਵਿਚ ਬ੍ਰਹਮ ਸਮਾਜ ਦੇ ਮੁੱਖ ਸੰਚਾਲਕ ਬਣੇ। ਸਤੀ ਪ੍ਰਥਾ ਦੇ ਵਿਰੁੱਧ ਬ੍ਰਿਟਿਸ਼ ਪਾਰਲੀਆਮੈਂਟ ਵਿਚ 'ਸਤੀ ਪ੍ਰਥਾ, ਗ਼ੈਰ ਕਾਨੂੰਨੀ ਹੋਣ' ਦਾ ਬਿੱਲ ਵੀ ਪਾਸ ਕਰਵਾ ਲਿਆ। ਕਾਨੂੰਨ ਵੀ ਬਣ ਗਿਆ ਪਰ ਵਿਵਹਾਰ ਵਿਚ ਔਰਤਾਂ ਨੂੰ ਸਤੀ ਹੋਣ ਤੋਂ ਰੋਕ ਨਾ ਸਕੇ। ਦੇਵੇਂਦਰ ਨਾਥ ਠਾਕੁਰ, ਸਦਾ ਚਿੰਤਿਤ ਰਹਿੰਦੇ। ਸੰਨ 1880 ਵਿਚ, ਉਹ ਆਪਣੇ ਪੁੱਤਰ ਰਵਿੰਦਰਨਾਥ ਟੈਗੋਰ ਅਤੇ ਪਰਿਵਾਰ ਨਾਲ ਡਲਹੌਜ਼ੀ ਜਾਂਦਿਆਂ ਸ੍ਰੀ ਅੰਮ੍ਰਿਤਸਰ ਰੁਕੇ। ਮੱਥਾ ਟੇਕਣ ਲਈ, ਸ੍ਰੀ ਦਰਬਾਰ ਸਾਹਿਬ ਆਏ। ਹਜ਼ੂਰੀ ਰਾਗੀ ਸਿੰਘ, ਤੀਜੇ ਪਾਤਸ਼ਾਹ ਦਾ ਸ਼ਬਦ ਸੂਹੀ ਰਾਗ ਵਿਚ ਗਾਇਨ ਕਰ ਰਹੇ ਸਨ—

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥
ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥

"ਸਤੀ" ਦੇ ਸੰਬੰਧ ਵਿਚ ਗੁਰਬਾਣੀ ਮਧੁਰ ਰਾਗ ਵਿਚ ਸੁਣੀ ਤਾਂ ਭੁੱਲੀ ਵਿਸਰੀ ਚਿੰਤਾ ਫਿਰ ਉੱਠ ਖਲੋਤੀ। ਇਕ ਸਿੱਖ ਨਾਲ ਵਾਰਤਾ ਕਰਨ ਲੱਗੇ...ਤੁਹਾਡੇ ਪੰਜਾਬ ਵਿਚ 'ਸਤੀ ਪ੍ਰਥਾ' ਦਾ ਕੀ ਹਾਲ ਹੈ ?

ਉਸ ਸਿੱਖ ਨੇ ਜਵਾਬ ਦਿੱਤਾ, ਸਤਿਗੁਰੂ ਰਾਮ ਸਿੰਘ ਜੀ ਨੇ ਵਿਧਵਾ ਵਿਵਾਹ ਦੀ ਪ੍ਰਥਾ ਤੋਰ ਕੇ, ਵਿਧਵਾ ਪੁਨਰਵਾਸ ਅਤੇ ਨਵੇਂ ਸਿਰਿਉਂ ਸੁਖਦਾਈ ਜੀਵਨ ਦਾ ਵਿਕਲਪ ਦੇ ਕੇ, ਸਤੀ ਪ੍ਰਥਾ ਦਾ ਖਾਤਮਾ ਕਰ ਦਿੱਤਾ ਹੈ।

ਸੰਨ 1933 ਵਿਚ ਪ੍ਰਮੁੱਖ ਹਿੰਦੀ ਕਵੀ, ਲੇਖਕ ਅਤੇ ਵਿਚਾਰਕ ਸ੍ਰੀ ਮੈਥਲੀਸ਼ਰਨ ਗੁਪਤ ਦੀ ਲਿਖੀ ਹੋਈ ਕਾਵਿ ਰਚਨਾ **ਯਸ਼ੋਧਰਾ** ਦਾ ਲੋਕਾਰਪਨ ਕੀਤਾ। ਇਸ ਕਾਵਿ ਵਿਚ ਭਗਵਾਨ ਬੁੱਧ ਦੀ ਸੁਪਤਨੀ, ਯਸ਼ੋਧਰਾ ਅਤੇ ਬਾਲਕ ਰਾਹੁਲ ਦਾ ਚਰਿੱਤਰ ਚਿਤਰਣ ਕੀਤਾ ਹੈ। ਰਾਜਕੁਮਾਰ ਸਿਧਾਰਥ ਤਾਂ ਅੱਧੀ ਰਾਤ, ਸੁਪਤਨੀ ਅਤੇ ਬੱਚੇ ਰਾਹੁਲ ਨੂੰ ਸੁੱਤਿਆਂ ਛੱਡ ਕੇ ਰਾਜਮਹਿਲ 'ਚੋਂ ਨਿਕਲ ਗਏ। ਪਿੱਛੋਂ ਕਿਵੇਂ ਮਾਂ-ਪੁੱਤ ਦੀ ਗੁਜ਼ਰੀ, ਬਹੁਤ ਮਾਰਮਿਕ ਚਿਤਰਣ ਕੀਤਾ ਗਿਆ ਹੈ। ਸੰਨ 1933 ਵਿਚ, ਇਸ ਬਹੁ ਚਰਚਿਤ ਕਾਵਿ ਰਚਨਾ ਦਾ ਲੋਕਾਰਪਨ ਕਰਦਿਆਂ ਮੈਥਲੀਸ਼ਰਣ ਗੁਪਤ ਨੇ ਕਿਹਾ, ਨਾਰੀ ਉਥਾਨ ਲਈ ਪੰਜਾਬ 'ਚੋਂ, ਸਤਿਗੁਰੂ ਰਾਮ ਸਿੰਘ ਜੀ ਨੇ ਜਿਹੜਾ ਸੰਖਨਾਦ ਕੀਤਾ, ਇਹ **ਯਸ਼ੋਧਰਾ** ਉਸੇ ਦੀ ਪ੍ਰਤੀਧੁਨੀ ਹੈ। 19ਵੀਂ ਸਦੀ ਵਿਚ ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਦੇ ਪਹਿਲੇ ਮਹਾਂਪੁਰਖ, ਜਿਨ੍ਹਾਂ ਨੇ ਸਮਾਜਿਕ ਨਿਆਂ ਦੀ ਗੱਲ ਕੀਤੀ...ਨਾਰੀ ਸਨਮਾਨ ਨੂੰ ਧਰਮ ਦਰਸ਼ਨ ਦਾ ਮੁੱਖ ਅਧਿਆਇ ਬਣਾਇਆ।

ਲੜਕੀ ਹੱਤਿਆ ’ਤੇ ਰੋਕ, ਦਾਜ ਤੋਂ ਰਹਿਤ ਵਿਆਹ, ਨਸ਼ਾ ਮੁਕਤ ਸਮਾਜ ਦਾ ਸੰਕਲਪ, ਪਰਾਇਆ ਹੱਕ ਹਿੰਦੂਆਂ-ਸਿੱਖਾਂ ਲਈ ਗਊ ਹੱਤਿਆ ਜਿਹਾ ਮਹਾਂਪਾਪ, ਸਿੱਖ ਧਰਮ ਦਰਸ਼ਨ, ਸਮਾਜਿਕ ਨਿਆਂ ਦੇ ਨਾਲ ਨਾਲ ਵਗਦਾ ਦਿਸਦਾ ਹੈ।

# ਮੌਤ ਦੇ ਸੰਦਰਭ ਵਿਚ...

ਈਸਵੀ ਸੰਨ ਤੋਂ 399 ਸਾਲ ਪਹਿਲਾਂ, ਏਥੇਂਸ ਦੇ ਸ਼ਾਹੀ ਬੰਦੀਖਾਨੇ ਵਿਚ ਵਿਸ਼ਵ ਪ੍ਰਸਿੱਧ ਯੂਨਾਨੀ ਦਾਰਸ਼ਨਿਕ ਸੁਕਰਾਤ ਨੂੰ ਜ਼ਹਿਰ ਦੇ ਦਿੱਤਾ ਗਿਆ। ਸੁਕਰਾਤ ਦਾ ਸਰੀਰ ਸਿਥਲ ਹੋਣ ਲੱਗ ਪਿਆ। ਨਾਲ ਬੈਠੇ ਹੋਏ ਐਂਟਿਸਥੇਮਸ, ਪਲੇਟੋ ਅਤੇ ਕ੍ਰਿਟਿਆਸ ਵੱਲ ਮੁਖ਼ਾਤਿਬ ਹੋਏ ਅਤੇ ਕਿਹਾ, ਕੁਝ ਖਿਣਾਂ-ਪਲਾਂ ਵਿਚ ਮੇਰੀ ਰੂਹ, ਜਿਸਮ ਤੋਂ ਵੱਖ ਹੋ ਜਾਏਗੀ...ਤੁਸੀਂ ਇਸ ਨੂੰ ਮੇਰੀ ਮੌਤ ਕਹੋਗੇ। ਪਰ ਇਹ ਘਟਨਾ, ਮੇਰੇ ਨਾਲ ਹਰ ਜਨਮ ਵਿਚ ਘਟੀ। ਜਿਸਮ ਵਿਚ ਪ੍ਰਾਣ ਆਏ ਤਾਂ ਮੈਨੂੰ ਬੰਦਾ ਕਿਹਾ...ਪ੍ਰਾਣ ਹਰ ਵਾਰ ਨਿਕਲੇ ਔਰ ਮੈਨੂੰ ਲਾਸ਼...ਮਈਅਤ ਕਿਹਾ ਗਿਆ। ਮੌਤ ਨੇ ਹਰ ਜਨਮ ਮੈਨੂੰ ਮਾਰਿਆ, ਪਰ ਮੈਂ ਅਜੇ ਤਾਈਂ ਮਰਿਆ ਨਹੀਂ। ਜਿਸਮ ਮਰਦੇ ਹਨ, ਦੇਹ ਮਰਦੀ ਹੈ...ਚੇਤਨਾ ਨਹੀਂ ਮਰਦੀ। ਮੈਂ ਚੇਤਨਾ ਹਾਂ...ਹਰ ਵਾਰ ਪੁੱਛਦਾ ਹਾਂ, ਇਹ ਜੀਵਨ ਅਤੇ ਮੌਤ ਦੀ ਖੇਡ ਕੌਣ ਖੇਡ ਰਿਹੈ ?

ਮਿਸਰ ਦੇ ਪਿਰਾਮਿਡ, ਰੋਮ ਦੀ ਸਭਿਅਤਾ, ਮੋਹਨਜੋਦੜੋ ਅਤੇ ਹੜੱਪਾ ਦੇ ਅਵਸ਼ੇਸ਼, ਅਜੰਤਾ-ਏਲੋਰਾ ਦੇ ਖੰਡਰ ਬੋਲਦੇ ਹਨ ਕਿ ਇਹ ਵਿਕਾਸ, ਇਹ ਸਭਿਅਤਾ, ਸ੍ਰਿਸ਼ਟੀ ਦਾ ਇਹ ਪਸਾਰਾ, ਕਈ ਵਾਰ ਪਸਰਿਆ...ਕਈ ਵਾਰ ਨਸ਼ਟ ਹੋਇਆ। ਜਗਤ ਦਾ ਜਨ, ਕਈ ਵਾਰ ਜੰਮਿਆ, ਕਈ ਵਾਰ ਮੋਇਆ—ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :

ਕਈ ਬਾਰ ਪਸਰਿਓ ਪਾਸਾਰ॥
ਸਦਾ ਸਦਾ ਇਕੁ ਏਕੰਕਾਰ॥

ਵਿਕਾਸ ਦੀ ਗਤੀ ਮੰਦ ਹੁੰਦੀ ਹੈ, ਪਰ ਵਿਨਾਸ਼ ਇਕ ਪਲ ਦੀ ਘਟਨਾ ਹੈ। ਪ੍ਰਭਾਤ ਹੋਈ...ਘੜੀ ਦੀ ਸੂਈ ਵਾਂਗ, ਇਕ ਇਕ ਸੇਕੇਂਡ ਦਿਨ ਅੱਗੇ ਵਧਦਾ ਰਹਿੰਦਾ ਹੈ। ਰਾਤ 12 ਵਜੇ...ਘੜੀ ਦੀਆਂ ਤਿੰਨੇ ਸੂਈਆਂ 12 'ਤੇ ਖੜ੍ਹ ਗਈਆਂ। ਇਹ ਖਿਣ, ਇਕ ਦਿਨ ਦਾ ਅੰਤ ਹੈ...ਪ੍ਰਭਾਤ ਤੋਂ ਆਰੰਭ ਵਿਕਾਸ ਦਾ ਵਿਨਾਸ਼ ਕਾਲ ਹੈ। ਅਸੀਂ ਇਸ ਖਿਣ ਨੂੰ ਦਿਨ ਦੀ ਮੌਤ ਕਹਿ ਸਕਦੇ ਹਾਂ...ਜਾਂ ਨਵੇਂ ਦਿਨ ਦਾ ਆਰੰਭ...ਨਵੀਂ ਪ੍ਰਭਾਤ ਦਾ ਆਗਾਜ਼। ਜੀਵਨ ਦਾ ਵਿਕਾਸ ਵੀ, ਪ੍ਰਭਾਤ ਤੋਂ ਰਾਤ ਤਕ ਦੇ ਸਫ਼ਰ ਵਾਂਗ, ਜਨਮ ਤੋਂ ਮੌਤ ਤਕ ਦੀ ਯਾਤਰਾ ਹੁੰਦਾ ਹੈ।

ਸਿੱਖ ਧਰਮ ਦਰਸ਼ਨ ਕਹਿੰਦਾ ਹੈ :—

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ॥
ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥

ਮੌਤ ਸਾਡੀ ਚੋਣ ਨਹੀਂ ਹੈ। ਆਤਮ ਹੱਤਿਆ ਸਾਡੀ ਚੋਣ ਹੋ ਸਕਦੀ ਹੈ। ਪਰ ਮੌਤ, ਜੀਵਨ ਵਿਕਾਸ ਦਾ ਅੰਤਮ ਸਿਖਰ ਹੁੰਦਾ ਹੈ...ਸੈਚੁਰੇਸ਼ਨ ਪਵਾਇੰਟ। ਹੁਣ ਹੋਰ ਸੰਭਾਵਨਾ ਨਹੀਂ। ਹਰ ਮੁਲਕ ਵਿਚ, ਹਰੇਕ ਸੰਪਰਦਾ, ਹਰ ਭਾਸ਼ਾ ਵਿਚ ਲਿਖੇ ਜੀਵਨ-ਸ਼ਾਸਤ੍ਰਾਂ ਵਿਚ, ਮੌਤ ਅਟੱਲ ਸੱਤ ਲਿਖੀ ਗਈ ਹੈ। ਤੀਜੇ ਪਾਤਸ਼ਾਹ ਫਰਮਾਉਂਦੇ ਹਨ, ਸੋਰਠ ਰਾਗ ਵਿਚ :

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ॥

ਇਸਲਾਮ, ਇਸਾਈ ਅਤੇ ਯਹੂਦੀ, ਮ੍ਰਿਤਕ ਸਰੀਰ ਨੂੰ ਦੱਬਦੇ ਹਨ, ਹਿੰਦੂ-ਸਿੱਖ, ਜੈਨ ਮਤਾਵਲੰਬੀ ਅਗਨਿ ਦਾਹ ਕਰਦੇ ਹਨ...ਜਾਂ ਜਲ ਪ੍ਰਵਾਹ ਕਰਦੇ ਹਨ, ਪਾਰਸੀ ਮੱਤ ਵਿਚ ਭਵਨ ਦੀ ਉੱਪਰ ਛੱਤ 'ਤੇ...'ਟਾਵਰ ਆਫ਼ ਸਾਈਲੇਂਸ' ਤੇ ਕਾਂਵਾਂ, ਇੱਲਾਂ ਆਦਿ ਮਾਸਖੋਰ ਪੰਖੀਆਂ ਦੇ ਭੋਜਨ ਜੋਗ ਰੱਖ ਦਿੰਦੇ ਹਨ। ਮੌਤ ਪ੍ਰਤੀ ਸਵੀਕ੍ਰਿਤੀ ਸਭਨਾਂ ਦੀ ਸਮਾਨ ਹੈ। ਅੰਤਮ ਸੰਸਕਾਰ ਵਿਧੀ ਵੱਖ-ਵੱਖ ਹੈ। ਕੌਣ ਮਰਿਆ ? ਜਿਸਮ ਜਾਂ ਰੂਹ, ਕੌਣ ਮਰਿਆ, ਇਸ ਪ੍ਰਤੀ ਮਾਨਤਾ ਵੱਖ ਹੈ। ਇਸਲਾਮ, ਇਸਾਈ ਜਾਂ ਯਹੂਦੀ ਧਰਮ ਦਰਸ਼ਨ ਕਹਿੰਦਾ ਹੈ ਕਿ ਰੂਹ ਮਰ ਗਈ...ਦੇਹ ਨਹੀਂ ਮਰੀ। ਇਸ ਨੂੰ ਸਾਂਭ ਕੇ ਮਹਿਫੂਜ਼ ਜ਼ਮੀਂਦੋਜ਼ ਕਰਕੇ ਰੱਖੋ। ਕਿਆਮਤ ਵਾਲੇ ਦਿਨ, ਜੀਸਸ, ਹਜ਼ਰਤ ਮੁਹੰਮਦ ਜਾਂ ਹਜ਼ਰਤ ਮੂਸਾ ਆਉਣਗੇ...ਇਸ ਦੇਹ ਵਿਚ ਫਿਰ ਜਿੰਦ ਪਾ ਕੇ ਨਵਾਂ ਨਰੋਆ, ਜੀਉਂਦਿਆਂ ਕਰ ਦੇਣਗੇ।

ਸਿੱਖ ਧਰਮ ਦਰਸ਼ਨ ਮੌਤ ਦੇ ਸੰਦਰਭ ਵਿਚ, ਗਹਿਰੇ ਵਿਚਾਰ ਦਾ, ਬ੍ਰਹਮ ਚਿੰਤਨ ਦਾ ਸੱਦਾ ਦਿੰਦੀ ਹੈ। ਪੰਜਵੇਂ ਪਾਤਸ਼ਾਹ, ਇਸ ਵਿਸ਼ੇ ਨੂੰ ਖੋਲ੍ਹਦੇ ਹਨ—

ਕਉਨੁ ਮੂਆ ਰੇ ਕਉਨੁ ਮੂਆ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ॥

ਪ੍ਰਾਣੀ ਦੀ ਦੇਹ ਵਿਹੜੇ ਵਿਚ ਰੱਖੀ ਹੈ। ਹੱਥ, ਪੈਰ, ਮੂੰਹ, ਸਾਰਾ ਸਰੀਰ ਉਵੇਂ ਹੀ...ਲੋਗ ਕਹਿੰਦੇ ਹਨ—

ਪੂਰਾ ਹੋ ਗਿਐ।

ਫਿਰ, ਕੌਣ ਮਰ ਗਿਆ ?

ਇਸੇ ਸ਼ਬਦ ਵਿਚ, ਸਤਿਗੁਰ ਮੌਤ ਪ੍ਰਤੀ ਸਿੱਖ ਫ਼ਿਲਾਸਫ਼ੀ ਰੱਖਦੇ ਹਨ—

ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ॥
ਮਾਟੀ ਮਾਟੀ ਹੋਈ ਏਕ॥ ਰੋਵਨਹਾਰੇ ਕੀ ਕਵਨ ਟੇਕ॥

ਪੰਜਾਂ ਤੱਤਾਂ ਦਾ ਪ੍ਰਾਣੀ! ਮਿੱਟੀ ਮਿੱਟੀ ਵਿਚ, ਹਵਾ ਹਵਾ ਵਿਚ, ਪਾਣੀ ਪਾਣੀ ਵਿਚ, ਅਗਨਿ ਅਗਨਿ ਵਿਚ ਰਲ਼ ਗਈ...ਜੋਤੀ ਮਹਿ ਜੋਤਿ ਰਲ ਜਾਇਆ...ਪ੍ਰਾਣੀ ਦੀ ਜੋਤਿ, ਪਰਮਜੋਤਿ ਵਿਚ ਲੀਨ ਹੋ ਗਈ। ਪੰਜ ਤੱਤਾਂ ਦਾ ਸੰਗ੍ਰਹਿ ਹੋਇਆ ਤਾਂ ਮਨੁੱਖ ਬਣਿਆ...ਤੱਤਾਂ ਦਾ ਵਿਸਰਜਨ ਹੋਇਆ...ਅਸੀਂ ਇਸ ਨੂੰ ਮੌਤ ਕਹਿੰਦੇ ਹਾਂ।

ਮੌਤ ਭੈਅਭੀਤ ਕਰਦੀ ਹੈ। ਜਗ ਡਰਦਾ ਹੈ, ਮੌਤ ਤੋਂ। ਮੇਰਾ ਮਿੱਤਰ ਰਿਹਾ ਹੈ, ਉਮੇਸ਼ ਭਾਰਦਵਾਜ। ਮੈਂ ਗਿਰਵਰ ਹਾਇਰ ਸੈਕੰਡਰੀ ਸਕੂਲ ਵਿਚ ਪੜ੍ਹਦਾ ਸਾਂ, ਉਹ ਪਲਾਮੂ ਜ਼ਿਲ੍ਹਾ ਹਾਇਰ ਸੈਕੰਡਰੀ ਸਕੂਲ ਵਿਚ। ਉਹ, ਅੱਗੇ ਚਲ ਕੇ, ਸ੍ਰੀਰਾਮ ਕਥਾਵਾਚਕ ਬਣਿਆ। 'ਮਾਨਸ ਵਿਸ਼ੇਸ਼ੱਗਯ' ਦੀ ਉਪਾਧੀ ਨਾਲ ਨਿਵਾਜਿਆ ਗਿਆ। ਧਰਮ ਸੰਸਥਾਵਾਂ, ਧਨਾਢਾਂ, ਉਦਯੋਗਪਤੀਆਂ ਦੇ ਸੱਦੇ 'ਤੇ ਜਾਂਦੇ, ਸ੍ਰੀਰਾਮ ਚਰਿੱਤਰ ਤੇ ਵਿਸਥਾਰ ਨਾਲ ਵਚਨ ਕਰਦੇ। ਘਰ ਦੀ ਸੁਖ ਸ਼ਾਂਤੀ ਲਈ ਵਿਸ਼ੇਸ਼ ਅਨੁਸ਼ਠਾਨ ਜਾਂ ਮੰਤਰ ਜਾਪ ਕਰਦੇ। ਇਕ ਵਾਰ ਅਸੀਂ ਦੋਵੇਂ, ਮਨੁੱਖ ਦੀ ਮਨੋਦਸ਼ਾ 'ਤੇ ਖੁੱਲ੍ਹ ਕੇ ਗੱਲਬਾਤ ਕਰ ਰਹੇ ਸਾਂ। ਉਸ ਕਿਹਾ, ਕਿਤਨੇ ਹੀ, ਮਿਰਤੂ ਸੇਜਾ 'ਤੇ ਪਏ ਹੋਏ ਸੇਠਾਂ ਲਈ, ਸਵਾ-ਸਵਾ ਲੱਖ, 'ਮਹਾਮ੍ਰਿਤੂੰਜੈ ਮੰਤਰ' ਦੇ ਪਾਠ ਕੀਤੇ ਹਨ...ਪਰ ਸੱਚ ਕਹਿੰਦਾਂ, ਉਨ੍ਹਾਂ 'ਚੋਂ ਇਕ ਭੀ ਨਹੀਂ ਬਚਿਆ...ਮੌਤ ਬਹੁਤ ਬਲੀ ਹੈ। ਇਹ ਮੰਤਰ, ਰਿਗਵੇਦ ਦੀ ਇਕ ਰਿਚਾ ਹੈ। ਮਗਰੋਂ ਸ੍ਰੀ ਵੇਦ ਵਿਆਸ ਜੀ ਨੇ ਸ਼ਿਵ ਪੁਰਾਣ ਵਿਚ ਭੀ ਇਹ ਮੰਤਰ ਉਧਰਿਤ ਕੀਤਾ ਹੈ—

ਓਮ ਤ੍ਰਅੰਬਕੰ ਯਜਾਮਹੇ ਸੁਗੰਧਿਮ ਪੁਸਟੀ ਵਰਧਨਮ
ਉਰਵਾ ਰੁਕਮਇਵ ਬੰਧਨਾਤ ਮ੍ਰਿਤਯੋ ਮੋਛੀਯ ਮਾ ਅੰਮ੍ਰਿਤਾਤ॥

ਅਰਥ ਹੈ, ਸ੍ਰਿਸ਼ਟੀ ਦਾ ਸਿਰਜਣ, ਪਾਲਣ ਅਤੇ ਵਿਨਾਸ਼ ਕਰਤਾ, ਤ੍ਰਅੰਬਕੰ...ਤਿੰਨ ਨੇਤਰਾਂ ਵਾਲੇ ਭਗਵਾਨ ਸ਼ਿਵ! ਤੁਸੀਂ ਖ਼ੁਸ਼ਬੋਦਾਰ ਹੋ, ਜਗਤ ਨੂੰ ਪੁਸ਼ਟ ਕਰਨ ਵਾਲੇ... ਸਿਹਤਮੰਦ ਕਰਨ ਵਾਲੇ ਹੋ...ਕਿਰਪਾ ਕਰੋ...ਜਿਵੇਂ ਕੋਈ ਫਲ ਪੂਰੀ ਤਰ੍ਹਾਂ ਤਿਆਰ ਹੋ ਕੇ, ਆਪ ਸ਼ਾਖ ਦਾ ਤਿਆਗ ਕਰ ਦਿੰਦਾ ਹੈ, ਓਵੇਂ ਹੀ ਮੈਨੂੰ ਮੁਕਤ ਕਰੋ! ਇਹ ਮੰਤਰ; ਜੀਵਨ ਅਤੇ ਮੌਤ ਦੇ ਵਿਗਿਆਨ ਨੂੰ ਸਮਝਣ ਵਾਲੇ, ਹਰ ਮਨੁੱਖ ਦੀ ਪ੍ਰਾਰਥਨਾ ਹੁੰਦੀ ਹੈ। ਪਰ ਦੋ ਹਜ਼ਾਰ ਸਾਲਾਂ ਤੋਂ ਇਸ ਮੰਤਰ ਨੂੰ 'ਮਹਾਮ੍ਰਿਤੂੰਜੈ' ਅਰਥਾਤ ਮਿਰਤੂ ਨੂੰ ਜਿੱਤਣ ਵਾਲਾ ਮੰਤਰ ਰੂਪ ਪ੍ਰਚਾਰ ਕਰਕੇ, ਬ੍ਰਾਹਮਣ ਪੁਜਾਰੀ ਜਗਤ, ਮਰਦੇ ਹੋਏ ਮਨੁੱਖ ਨੂੰ ਜੀਵਨ ਦਾਨ ਰੂਪ ਵਿਚ ਪ੍ਰਚਾਰਦੇ ਰਹੇ ਹਨ...ਮੋਟੀਆਂ ਰਕਮਾਂ ਲੈ ਕੇ, ਇਸ ਮੰਤਰ-ਪਾਠ ਦਾ ਆਯੋਜਨ ਕਰਦੇ ਰਹੇ ਹਨ।

ਪਰ 'ਸਿੱਖ ਫ਼ਿਲਾਸਫ਼ੀ, ਨੇ ਸਾਰਿਆਂ ਵਹਿਮਾਂ ਭਰਮਾਂ ਭਰੀਆਂ ਮਾਨਤਾਵਾਂ ਦਾ

ਖੰਡਨ ਕੀਤਾ ਅਤੇ ਸਪੱਸ਼ਟ ਸਿਧਾਂਤ ਦਿੱਤਾ ਕਿ ਜੀਵਨ, ਸਾਡਿਆਂ ਕਰਮਾਂ ਦੇ ਅਨੁਸਾਰ, ਤੱਤਾਂ ਦੇ ਸੰਯੋਜਨ ਸਰੂਪ ਵਜੂਦ ਵਿਚ ਆਇਆ। ਇਸ ਦੇ ਸਵਾਸਾਂ ਦੀ ਪੂੰਜੀ, ਇਸ ਦੇ ਕਰਮ ਫਲ ਭੋਗ ਅਨੁਸਾਰ ਮਿਲੇ ਹਨ। ਸਵਾਸ ਭੋਗ ਕੇ, ਕੁਝ ਪਿਛਲੇ ਕਰਮਾਂ ਦੀ ਦੇਣਦਾਰੀ ਚੁਕਾ ਕੇ ਅਤੇ ਕੁਝ ਹੋਰ ਕਰਮਾਂ ਦੇ ਨਵੇਂ ਕਰਜ਼ ਚਾੜ੍ਹ ਕੇ ਆਤਮਾ, ਦੇਹ ਤੋਂ ਵੱਖ ਹੋ ਜਾਂਦੀ ਹੈ...ਪ੍ਰਭੂ ਦਰਬਾਰ ਵਿਚ, ਅਗਲੇ ਜੀਵਨ ਲਈ ਫੈਸਲਾ ਸੁਣਨ ਲਈ ਹਾਜ਼ਰ ਹੋ ਜਾਂਦੀ ਹੈ—

ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ॥
ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ॥

ਪੰਜ ਇੰਦ੍ਰੀਆਂ ਭੋਗ ਕਰਦੀਆਂ ਰਹੀਆਂ
ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ ॥

ਅੱਖਾਂ, ਨੱਕ, ਕੰਨ, ਜਿਹਵਾ ਅਤੇ ਲਿੰਗ ਇੰਦ੍ਰੀਆਂ, ਹੁਣ ਸਾਰੇ ਸਾਥ ਛੱਡ ਕੇ ਭੱਜ ਗਏ...ਜੀਵਾਤਮਾ ਨੂੰ ਦਰਬਾਰੀਆਂ ਨੇ ਫੜ ਕੇ ਬੰਨ੍ਹ ਲਿਆ...ਕਰਮਾਂ ਅਨੁਸਾਰ ਅਗਲੇ ਇਕ ਜਨਮ ਲਈ ਫੈਸਲੇ ਦੀ ਘੜੀ!

ਡਾ. ਰੇਮੰਡ ਮੂਰੇ, ਪ੍ਰਸਿੱਧ ਅਮਰੀਕੀ ਮਨੋਵਿਗਿਆਨੀ। ਮੌਤ ਤੋਂ ਬਾਅਦ ਦਾ ਜੀਵਨ ਜਾਨਣ ਲਈ, ਕਈ ਸਾਲਾਂ ਤੋਂ ਪ੍ਰਯੋਗ ਕਰ ਰਹੇ ਸਨ। ਇਕ ਵਿਸ਼ੇਸ਼ ਪ੍ਰਯੋਗਸ਼ਾਲਾ ਵਿਚ ਮਨੋਵਿਗਿਆਨੀਆਂ ਦੀ ਟੀਮ, ਵਿਸ਼ੇਸ਼ ਯੰਤਰਾਂ-ਉਪਕਰਨਾਂ ਨਾਲ ਵਾਰੋ-ਵਾਰੀ, ਕਿਸੇ ਵਿਸ਼ੇਸ਼ ਮਿਰਤਕ ਵਿਅਕਤੀ ਦੀ ਆਤਮਾ ਦਾ ਆਹਵਾਹਨ ਕਰਦੇ। ਉਹ ਅਦਿੱਖ ਜੀਵਾਤਮਾ ਪ੍ਰਗਟ ਹੁੰਦੀ...ਮੌਜੂਦਗੀ ਦੇ ਪ੍ਰਮਾਣ ਵਜੋਂ ਟੇਬਲ 'ਤੇ ਰੱਖੀ ਹੋਈ ਕਲਮ-ਪੈਂਸਲ ਨਾਲ ਸਫ਼ੇ 'ਤੇ ਨਿਸ਼ਾਨ ਦਿੰਦੀ। ਉਸ ਤੋਂ ਪੁੱਛਦੇ, ਮੌਤ ਵੇਲੇ ਅਤੇ ਉਸ ਤੋਂ ਬਾਅਦ ਦੀਆਂ ਘਟਨਾਵਾਂ ਦਾ ਵੇਰਵਾ। ਉਹ ਦੱਸਦੇ...ਜਿਵੇਂ ਗਹਿਰੀ ਨੀਂਦ ਮਗਰੋਂ ਹਵਾ ਜਿਹੇ ਘੇਰੇ ਵਿਚ ਸੁੰਨੇ ਆਕਾਸ਼ ਦੀ ਲੰਬੀ ਉਡਾਰੀ... ਉਦੋਂ ਮੇਰੀ ਦੇਹ ਨਹੀਂ...ਪਰਿਵਾਰ, ਸੰਸਾਰ ਦੀ ਸਿਮ੍ਰਿਤੀ ਨਹੀਂ...ਮੈਂ ਫਕਤ ਇਕ ਹਵਾ ਦਾ ਚੇਤਨਮਈ ਬੁੱਲ੍ਹਾ। ਦੱਸਿਆ ਗਿਆ, ਜੀਵਨ ਦੀਆਂ ਕਾਰਗੁਜ਼ਾਰੀਆਂ ਦਾ ਲੇਖਾ...ਮੈਂ ਸਵੀਕ੍ਰਿਤੀ ਵਿਚ ਸਭ ਕੁਝ ਕਬੂਲ ਕੀਤਾ। ਹੁਣ ਤੇਰੇ ਕਰਮਾਂ ਅਨੁਸਾਰ, ਅਗਲਾ ਜੀਵਨ ਨਿਰਧਾਰਤ ਕੀਤਾ ਜਾਂਦਾ ਹੈ...ਮੈਂ ਬਸ ਸਵੀਕ੍ਰਿਤੀ ਵਿਚ ਮੌਨ, ਮੌਜੂਦ ਰਿਹਾ...।

ਸਿੱਖ ਧਰਮ ਦਰਸ਼ਨ ਕਹਿੰਦਾ ਹੈ ਕਿ ਜਦੋਂ ਪ੍ਰਾਣੀ ਦੇ ਪਲ ਸਵਾਸਾਂ ਦੀ ਗਿਣਤੀ ਆਰੰਭ ਹੋਈ, ਉਸੇ ਖਿਣ ਤੋਂ ਤਿਲ-ਤਿਲ ਮੌਤ ਭੀ ਆਰੰਭ ਹੋ ਗਈ। ਜੰਮਿਆ, ਨਿੱਕਾ ਜਿਹਾ ਸ਼ਿਸ਼ੂ! ਕਿਸ਼ੋਰ ਹੋਇਆ ਤੇ 'ਸ਼ੈਸ਼ਵ' ਮਰ ਗਿਆ...ਜਵਾਨ ਗੱਭਰੂ ਹੋਇਆ ਤਾਂ 'ਕਿਸ਼ੋਰ' ਮਰ ਗਿਆ। ਬੁੱਢਾ ਹੋਇਆ, ਜਵਾਨੀ ਦੀ ਮੌਤ ਹੋ ਗਈ।

ਅਗਲੀ ਅਵਸਥਾ ਮੌਤ ਦੀ ਹੈ...ਜੀਵਨ ਦੀ ਸਿਖਰ ਅਵਸਥਾ ਹੈ। ਰਾਤ ਦੇ 12 ਵਜੇ ਘੜੀ ਦੀਆਂ ਤਿੰਨੇ ਸੂਈਆਂ 12 'ਤੇ ਟਿਕ ਗਈਆਂ, ਇਹ ਰੂਪਾਂਤਰਣ ਦਾ ਖਿਣ ਹੁੰਦਾ ਹੈ। ਜੀਵਾਤਮਾ, ਪੁਰਾਣੇ ਕਪੜੇ ਦਾ ਤਿਆਗ ਕਰ ਰਹੀ ਹੈ...ਨਵਾਂ ਚੋਲਾ...ਨਵਾਂ ਸਰੀਰ ਧਾਰਨ ਕਰਨ ਲਈ ਤਿਆਰ ਹੈ। ਬਸ ਵਿਚਲਾ 'ਖਿਣ' ਤਬਾਦਲੇ ਦਾ ਖਿਣ ਹੈ...ਅਸੀਂ ਉਸ ਨੂੰ ਮੌਤ ਕਹਿੰਦੇ ਹਾਂ—

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥

ਜਦੋਂ ਦੀ ਹੋਸ਼ ਸੰਭਾਲੀ, ਹਰ ਦੀਵਾਨ, ਕਥਾ, ਭੋਗ ਸਮਾਗਮਾਂ ਤੇ ਮੌਤ ਬਾਬਤ ਸੁਣਦੇ ਆ ਰਹੇ ਸਾਂ...ਅੱਜ ਮਿਰਤੂ ਦੂਤ ਦਾ ਮੂੰਹ ਵੇਖਿਆ...ਅੱਜ ਸਾਹਵੇਂ ਆ ਗਿਆ।

ਸਿੱਖ ਫ਼ਲਸਫ਼ਾ ਕਹਿੰਦਾ ਹੈ, ਚੇਤਨਾ ਹੀ ਜੀਵਨ ਹੈ। ਇਹ ਜੋ ਆਤਮਾ ਹੈ, ਇਹ ਜੋ ਪਰਮ ਜੋਤਿ ਹੈ, ਯਥਾਰਥ ਵਿਚ ਇਹ ਚੇਤਨਾ ਹੈ। ਚੇਤਨਾ ਹੀ ਜੀਵਨ ਹੈ। ਸ੍ਰਿਸ਼ਟੀ ਨਾਲ ਸਾਡਾ ਸੰਪਰਕ, ਸਾਡਾ ਸੰਵਾਦ, ਚੇਤਨਾ ਦੀ ਮੌਜੂਦਗੀ ਵਿਚ ਹੀ ਹੁੰਦਾ ਹੈ। ਅਚੇਤਨ ਜਾਂ ਚੇਤਨ ਹੀਣਤਾ ਹੀ ਮੌਤ ਹੈ। ਗੁਰਮਤਿ ਕਹਿੰਦੀ ਹੈ, ਜੇ ਚੇਤਨ ਅਵਸਥਾ ਵਿਚ ਮੌਤ ਹੋਵੇ ਤਾਂ ਮਰਨ ਵਾਲਾ ਪ੍ਰਾਣੀ ਦ੍ਰਿਸ਼ਟਾ ਬਣ ਜਾਂਦਾ ਹੈ...ਦੇਖਣ ਵਾਲਾ। ਮੌਤ ਆਈ ਅਤੇ ਮੈਂ ਵੇਖ ਰਿਹਾ ਹਾਂ। ਮੇਰੀ ਜੋਤ, ਪਰਮ ਜੋਤਿ ਵਿਚ ਲੀਨ ਹੋ ਰਹੀ ਹੈ...

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥ (**ਸੁਖਮਨੀ**)

ਚੇਤਨਾ ਦਾ ਇਹ ਤਲ, ਆਤਮਾ ਦਾ ਪਰਮਾਤਮਾ ਹੋ ਜਾਣ ਦਾ ਤਲ ਹੁੰਦਾ ਹੈ। ਕਰੋੜਾਂ 'ਚ ਕੋਈ, ਪੂਰਨ ਹੋਸ਼ ਵਾਲਾ...ਗੁਰਮਤਿ ਕਹਿੰਦੀ ਹੈ, ਉਸ ਬਾਬਤ—

ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥

ਵਿਸ਼ਨੂ ਪੁਰਾਣ ਵਿਚ 'ਸਮੁੰਦਰ ਮੰਥਨ' ਦਾ ਪ੍ਰਸੰਗ ਹੈ। ਮਦਰਾਂਚਲ ਪਹਾੜ ਨੂੰ ਮਧਾਣੀ ਬਣਾਇਆ...ਸ਼ੇਸ਼ਨਾਗ ਦਾ ਰੱਸਾ ਬਣਾ ਕੇ ਸਮੁੰਦਰ ਨੂੰ ਰਿੜ੍ਹਕਣ ਲੱਗੇ। ਇਕ ਪਾਸੇ ਸਾਰੇ ਦੇਵਤੇ, ਦੂਜੇ ਪਾਸਿਓਂ ਦੈਂਤ ਸ਼ੇਸ਼ਨਾਗ ਨੂੰ ਹੱਥ ਪਾ ਕੇ ਰਿੜ੍ਹਕ ਰਹੇ ਸਨ। ਪਹਿਲਾ ਰਤਨ, ਕਾਲਕੂਟ ਬਿਖ ਨਿਕਲਿਆ। ਬਿਖ ਮੌਤ ਦਾ ਵਸੀਲਾ ਹੈ...ਮਿਰਤੂ ਦਾ ਬਿੰਬ ਹੈ ਤਾਂ ਸਿੱਖ ਫ਼ਲਸਫ਼ਾ ਕਹਿੰਦਾ ਹੈ—

ਪਹਿਲਾ ਮਰਣ ਕਬੂਲਿ ਜੀਵਣ ਕੀ ਛਡਿ ਆਸਿ॥

ਅੰਤਮ ਰਤਨ, ਇਕ ਕਲਸ਼ ਵਿਚ ਅੰਮ੍ਰਿਤ ਲੈ ਕੇ ਰਿਸ਼ੀ ਧਨਵੰਤਰੀ ਪ੍ਰਗਟ ਹੋਏ। ਧਨਵੰਤਰੀ ਕਹਿੰਦੇ ਹਨ ਸੰਸਾਰ, ਮੂਰਛਾ ਵਿਚ ਜੀਵਨ ਲੰਘਾ ਦਿੰਦਾ ਹੈ, ਕੋਈ ਭਾਗਾਂ ਵਾਲਾ, ਕੋਈ ਪੂਰਨ ਹੋਸ਼ ਵਾਲਾ, ਕੋਈ ਗੁਰੂ ਤੋਂ ਪ੍ਰਾਪਤ ਕੀਤੇ ਹੋਏ ਆਤਮ ਗਿਆਨ ਵਾਲਾ, ਮੌਤ ਵੇਲੇ ਹੋਸ਼ ਵਿਚ, ਚੇਤਨਾ ਵਿਚ ਦੇਹ ਤੋਂ ਆਤਮਾ ਨੂੰ ਵੱਖ ਹੁੰਦਿਆਂ ਵੇਖਦਾ ਹੈ। ਇਹ ਨਰ ਚੇਤਨਾ ਹੀ, ਨਾਰਾਇਣ ਚੇਤਨਾ ਹੈ—ਗੁਰਮਤਿ ਉਸ ਚੇਤਨ ਪ੍ਰਾਣੀ ਬਾਬਤ ਕਹਿੰਦੀ ਹੈ—

ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥

ਪੂਰਨ ਚੇਤਨਾ ਵਿਚ ਰੂਪਾਂਤਰਨ ਹੋ ਰਿਹਾ ਹੈ...ਪ੍ਰਾਣੀ ਪਰਮੇਸ਼ਰ ਵਿਚ ਲੈਅ ਹੋ ਰਿਹਾ ਹੈ।

ਮਨੁੱਖ ਦੀ ਆਯੂ, ਉਮਰ, ਉਸ ਦੇ ਕਰਮ ਭੋਗ ਅਨੁਸਾਰ ਕਾਲ ਅਤੇ ਉਸ ਕਾਲ ਅਨੁਸਾਰ ਲੋੜੀਂਦੇ ਸਵਾਸ ਤੇ ਆਧਾਰਤ ਹੁੰਦੀ ਹੈ। ਕਰਮ ਕਾਲ ਅਤੇ ਸਵਾਸ। ਕੁਦਰਤ ਦੀ ਵਿਧੀ ਵਿਵਸਥਾ ਅਨੁਸਾਰ ਜੀਵਨ ਦੀ ਆਰਜਾ। ਇਸੇ ਵਿਵਸਥਾ ਅਨੁਸਾਰ, ਆਤਮਾ ਦੇਹ ਵਿਚ ਪ੍ਰਵੇਸ਼ ਕਰਦੀ ਹੈ ਅਤੇ ਸਵਾਸ ਪੂਰੇ ਹੋਣ 'ਤੇ ਨਿਕਲ ਜਾਂਦੀ ਹੈ। ਪੰਜਵੇਂ ਪਾਤਸ਼ਾਹ, ਪਵਿੱਤਰ ਗੁਰਬਾਣੀ ਰਾਹੀਂ ਇਸ ਰਹੱਸ ਨੂੰ ਖੋਲ੍ਹਦੇ ਹਨ—ਧਨ ਅਰਥਾਤ ਦੇਹ, ਪਿਰ (ਆਤਮਾ) ਨੂੰ ਸਦਾ ਨਾਲ ਰਹਿਣ ਲਈ ਗੁਜ਼ਾਰਿਸ਼ ਕਰਦੀ ਹੈ—

ਧਨ ਕਹੈ ਤੂ ਵਸੁ ਮੈ ਨਾਲੇ॥ ਪ੍ਰਿਅ ਸੁਖਵਾਸੀ ਬਾਲ ਗੁਪਾਲੇ॥
ਤੁਝੈ ਬਿਨਾ ਹਉ ਕਿਤ ਹੀ ਨ ਲੇਖੈ ਵਚਨੁ ਦੇਹਿ ਛੋਡਿ ਨ ਜਾਸਾ ਹੇ ॥

ਹੇ ਪ੍ਰਿਅ...ਹੇ ਪਿਰ! ਤੂੰ ਮੇਰੇ ਨਾਲ ਹੀ ਵਸਦਾ ਰਹੁ। ਤੂੰ ਹੈ ਤਾਂ ਜੀਵਨ ਹੈ...ਬਾਲ ਗੁਪਾਲ, ਪਰਿਵਾਰ ਦਾ ਸੁਖ ਮਾਣ ਰਹੀ ਹਾਂ। ਤੇਰੇ ਬਿਨਾ ਮੈਂ ਲਾਸ਼ ਬਣ ਜਾਵਾਂਗੀ...ਕਿਸੇ ਕੰਮ ਦੀ ਨਹੀਂ ਰਹਿਣਾ। ਵਾਇਦਾ ਕਰ, ਵਚਨ ਦੇਹੁ, ਮੈਨੂੰ ਛੱਡ ਕੇ ਨਹੀਂ ਜਾਏਂਗਾ।

ਪਿਰਿ ਕਹਿਆ ਹਉ ਹੁਕਮੀ ਬੰਦਾ॥
ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ॥
ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ ਜਾ ਸਦੇ ਤ ਊਠਿ ਸਿਧਾਸਾ ਹੇ॥

ਹੇ ਸਖੀ! ਮੈਂ ਮਾਲਕ ਦਾ ਹੁਕਮੀ ਬੰਦਾ ਹਾਂ। ਉਸ ਭੇਜਿਆ ਤਾਂ ਮੈਂ ਆਇਆ... ਜਦੋਂ ਤਾਈਂ ਆਗਿਆ ਹੋਵੇਗੀ, ਉਦੋਂ ਤਕ ਤੇਰੇ ਸੰਗ ਰਹਾਂਗਾ...ਜਦੋਂ ਸੱਦੇਗਾ, ਉਸੇ ਖਿਣ ਤੁਰ ਪਵਾਂਗਾ।

ਫਿਰ ਸਮਾਂ ਆ ਗਿਆ ਹੈ। ਮਾਲਕ ਨੇ ਸੱਦ ਲਿਆ—

ਆਈ ਆਗਿਆ ਪਿਰਹੁ ਬੁਲਾਇਆ॥
ਨਾ ਧਨ ਪੁਛੀ ਨ ਮਤਾ ਪਕਾਇਆ॥
ਊਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ॥

ਸੱਦਾ ਆ ਗਿਆ, ਉਸੇ ਖਿਣ ਆਤਮਾ ਉਡਾਰੀ ਮਾਰ ਗਈ। ਮਿੱਟੀ ਦੀ ਦੇਹ ਰਹਿ ਗਈ। ਕੈਸਾ ਮਿਥਿਆ ਸੰਸਾਰ!

ਸ੍ਰੀ ਗੁਰੂ ਅੰਗਦ ਦੇਵ ਪਾਤਸ਼ਾਹ ਜੀ, ਬੀਬੀ ਭਿਰਾਈ ਨੂੰ ਭੂਆ ਜੀ ਕਹਿੰਦੇ ਸੀ। ਬੀਬੀ ਜੀ ਦੇ ਘਰ, ਖਡੂਰ ਸਾਹਿਬ, ਸਤਿਗੁਰ ਜੀ ਜਾਂਦੇ...ਹਾਲ ਚਾਲ, ਸੁੱਖ ਸਾਂਦ ਪੁੱਛਦੇ। ਇਕ ਦਿਨ ਬੀਬੀ ਜੀ ਦਾ ਸਮਾਂ ਆ ਗਿਆ। ਤੜਕੇ ਸਵੇਰੇ, ਆਸਾ ਕੀ ਵਾਰ, ਕੀਰਤਨ ਵਿਚ ਜਾਣ ਤੋਂ ਪਹਿਲਾਂ ਬੀਬੀ ਜੀ ਦੇ ਘਰ ਪਹੁੰਚੇ। ਭੂਆ ਜੀ, ਕਿਵੇਂ ਹੋ ?

"ਪਾਤਸ਼ਾਹ ਜੀ, ਅੰਤ ਸਮਾਂ ਆ ਗਿਆ ਭਾਸਦਾ ਹੈ।"
ਸਤਿਗੁਰਾਂ ਬਚਨ ਕੀਤਾ, "ਹਾਂ ਇਵੇਂ ਹੀ ਹੈ।"

ਨਾਲ ਹੀ, ਸਾਰੰਗ ਰਾਗ ਵਿਚ, ਗੁਰਬਾਣੀ ਉਚਾਰਣ ਕੀਤੀ—

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

ਜੀਵਾਤਮਾ, ਹੁਕਮ ਦੀ ਪਾਬੰਦ ਹੈ। ਜਿੰਨਾ ਸਮਾਂ ਲਿਖਾ ਕੇ ਲਿਆਈ...ਜਿੰਨੇ ਸਵਾਸ ਲੈ ਕੇ ਆਈ, ਉਤਨਾ ਹੀ ਭੋਗ ਹੁਕਮ ਹੈ। ਉਸ ਘੱਲਿਆ ਤਾਂ ਮੈਂ ਆਈ, ਸੱਦਿਆ ਤਾਂ ਉੱਠ ਚੱਲੀ।

ਸਿੱਖ ਫ਼ਿਲਾਸਫ਼ੀ ਵਿਚ, ਮੌਤ ਤਾਂ ਇਕ ਪਾਠ ਹੈ, ਸੰਥਿਆ ਹੈ...ਜੀਵਨ ਨੇ ਪੜ੍ਹਣਾ ਸਮਝਣਾ ਹੈ...।

# ਮੈਂ ਵਕਤ ਹਾਂ

ਮਹਾਂਭਾਰਤ ਸੀਰੀਅਲ ਵਿਚ ਗੂੰਜਦਾ ਹੋਇਆ ਡਾਇਲਾੱਗ 'ਮੈਂ ਵਕਤ ਹਾਂ' ਅੱਜ ਵੀ ਦਰਸ਼ਕਾਂ ਦਿਆਂ ਕੰਨਾਂ ਵਿਚ ਕਦੇ-ਕਦੇ ਗੂੰਜ ਉੱਠਦਾ ਹੈ।

ਕਹਿੰਦੇ ਹਨ, ਵਕਤ ਬੜਾ ਨਿਰਦਈ ਹੁੰਦਾ ਹੈ। ਰੱਬ ਨਾ ਕਰੇ, ਇਹ ਕਿਸੇ 'ਤੇ ਪੁੱਠਾ ਹੋ ਕੇ ਪਵੇ...ਰਾਜਿਆਂ, ਮਹਾਰਾਜਿਆਂ, ਬਾਹੂਬਲੀਆਂ ਨੂੰ ਮਿੱਟੀ ਵਿਚ ਰੋਲ਼ ਦਿੰਦਾ ਹੈ। ਇਸ ਨੇ ਗੁਰੂਆਂ, ਪੀਰਾਂ, ਅਵਤਾਰਾਂ ਨੂੰ ਵੀ ਨਾ ਬਖ਼ਸ਼ਿਆ।

ਸਿਆਣੇ ਕਹਿੰਦੇ ਹਨ, ਵਕਤ ਦੀ ਰਮਜ਼ ਨਹੀਂ ਕੋਈ ਸਮਝ ਸਕਿਆ। ਸਦਾ ਇਕ ਜਿਹਾ ਨਹੀਂ ਰਹਿੰਦਾ—

ਇਹ ਠਹਿਰਣ ਜਾਚ ਨ ਜਾਣਦਾ।
ਲੰਘ ਗਿਆ ਨਾ ਮੁੜ ਕੇ ਆਂਵਦਾ।

ਭਾਈ ਵੀਰ ਸਿੰਘ ਜੀ, ਸਮੇਂ ਦੇ ਸੰਦਰਭ ਵਿਚ ਕਹਿੰਦੇ ਹਨ—

ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ।
ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ।

ਦੁਨੀਆਂ ਨੂੰ ਅਧੀਨ ਕਰ ਲੈਣ ਦੀ ਆਕਾਂਖਾ ਰੱਖਣ ਵਾਲਾ ਨੇਪੋਲੀਅਨ, ਜੂਨ 1815 ਈ. ਵਿਚ 'ਵਾਟਰਲੂ' ਜੰਗ ਹਾਰ ਗਿਆ। ਸੇਂਟ ਹੇਲੇਨਾ ਦਵੀਪ, ਇਕ ਅੰਨ੍ਹੇ ਦਵੀਪ 'ਤੇ ਨਜ਼ਰਬੰਦ ਕਰ ਦਿੱਤਾ ਗਿਆ। ਇਕ ਸ਼ਾਮ ਦਵੀਪ ਦੀ ਪਗਡੰਡੀ 'ਤੇ ਮਿੱਤਰ 'ਚਾਰਲਸ ਮੌਰਿਸ ਡੇ ਟੇਲੀਰੇਂਡ' ਨਾਲ ਸੈਰ ਕਰਦਿਆਂ, ਸਾਮ੍ਹਣਿਓਂ ਉਸ ਦਵੀਪ ਦੀ ਨਿਵਾਸੀ, ਇਕ ਆਦਿਵਾਸੀ ਔਰਤ, ਸਿਰ 'ਤੇ ਬਾਲਣ ਦਾ ਗੱਠਰ ਰੱਖੀ ਆਉਂਦੀ ਦਿਸੀ। ਚਾਰਲਸ ਮੌਰਿਸ ਅੱਗੇ ਹੋ ਕੇ ਬੋਲਿਆ, "ਸਾਵਧਾਨ! ਮਹਾਨ ਯੋਧਾ ਨੇਪੋਲੀਅਨ ਆ ਰਹੇ ਹਨ।"

ਨੇਪੋਲੀਅਨ ਨੇ ਕਿਹਾ—ਰਹਿਣ ਦੇ ਟੇਲੀਰੇਂਡ...ਵਕਤ ਬਦਲ ਚੁੱਕਿਆ ਹੈ। ਇਹ ਔਰਤ, ਇਕ ਆਜ਼ਾਦ ਨਾਗਰਿਕ ਹੈ ਅਤੇ ਮੈਂ ਇਕ ਕੈਦੀ।

ਮੰਦਾ ਚੰਗਾ ਵਕਤ ਨਹੀਂ ਰਹਿੰਦਾ, ਫਿਰ ਨਾ ਕਰ ਤੂੰ ਵਡਿਆਈਆਂ।
ਰਾਜੇ ਨੌਕਰ ਹੋਂਦੇ ਵੇਖੇ ਤੇ ਢਹਿੰਦੀਆਂ ਬਾਦਸ਼ਾਹੀਆਂ।

ਸ੍ਰੀ ਗੁਰੂ ਨਾਨਕ ਪਾਤਸ਼ਾਹ, ਉੱਚੇ ਮਹਿਲ ਅਤੇ ਵੱਡੀ ਫ਼ੌਜ ਦਾ ਹੰਕਾਰੀ, ਉੜੀਸਾ ਦੇ ਬਾਦਸ਼ਾਹ 'ਪਰਤਾਪੁਰ ਦੇਵ' ਨੂੰ ਕਹਿੰਦੇ ਹਨ—

ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ॥
ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥

ਰਾਜਨ! ਵੱਡੇ-ਵੱਡੇ ਮਹਿਲ, ਖਾਕ ਹੁੰਦੇ ਮੈਂ ਵੇਖੇ ਹਨ...ਇਨ੍ਹਾਂ ਪਦਾਰਥਾਂ ਦਾ ਮਾਣ ਨਾ ਕਰ।

ਸੰਨ 1708 ਵਿਚ, ਕਲਗੀਧਰ ਪਾਤਸ਼ਾਹ ਤੋਂ ਅਸ਼ੀਰਵਾਦ ਲੈ ਕੇ, ਨਾਂਦੇੜੋਂ ਟੁਰਿਆ ਬੰਦਾ ਬਹਾਦਰ ਸਮਾਣਾ, ਸਢੌਰਾ, ਸਰਹਿੰਦ, ਜਿਧਰ ਦਾ ਰੁਖ ਕੀਤਾ, ਜਿੱਤਾਂ ਹਾਸਿਲ ਕਰਦਾ ਰਿਹਾ। 7 ਜੂਨ 1716...ਸ਼ਹੀਦੀ ਤੋਂ ਦੋ ਦਿਨ ਪਹਿਲਾਂ, ਇਤਿਹਾਸਕਾਰ ਨੂੰ ਕਹਿੰਦਾ ਹੈ, ਮੈਂ ਕਲਗੀਧਰ ਪਿਤਾ ਨੂੰ ਦਿੱਤੇ ਬਚਨਾਂ ਤੋਂ ਮੁਕਰ ਗਿਆ...ਵਕਤ ਮੈਥੋਂ ਮੁਕਰ ਗਿਆ। ਵਕਤ ਨੇ ਰੰਗ ਬਦਲ ਲਿਆ, ਨਹੀਂ ਤਾਂ ਇਨ੍ਹਾਂ ਦੀ ਕਿਆ ਜੁੱਰਤ, ਮੈਨੂੰ ਬੰਦੀ ਬਣਾ ਲੈਂਦੇ।

ਖਵਾਜਾ ਗੁਲਾਮ ਫਰੀਦ ਦੀ ਨਜ਼ਮ, ਸੂਫ਼ੀ ਕੱਵਾਲ ਗਾਉਂਦੇ ਹਨ—

ਵਕਤ ਦਾ ਬੇਲੀ ਹਰ ਕੋਈ ਬੰਦਾ, ਸ਼ਾਲਾ ਵਕਤ ਨਾ ਖਾਵੇ ਡੋਲੇ।
ਸਜਣ ਵੀ ਦੁਸ਼ਮਣ ਬਣ ਬਹਿੰਦੇ, ਜਦੋਂ ਵਕਤ ਨੂੰ ਪੈਂਦੇ ਰੌਲੇ।
ਵਕਤ ਸਲਾਮਤ ਹੋਵੇ ਮਾਹੀ, ਸੱਜਣ ਆਣ ਖਲੋਂਦੇ ਨੇ ਕੋਲੇ।
ਗ਼ੁਲਾਮ ਫਰੀਦ ਸਦਾ ਵਕਤ ਨਹੀਂ ਰਹਿੰਦਾ, ਕਦੇ ਮਾਸਾ ਤੇ ਕਦੇ ਤੋਲੇ।

ਸੰਨ 1704, 5 ਅਤੇ 6 ਪੋਹ ਦੀ ਵਿਚਲੀ ਰਾਤ ਜਦੋਂ ਸ੍ਰੀ ਅਨੰਦਪੁਰ ਕਿਲਾ ਛੱਡਿਆ ਤਾਂ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਦੀਆਂ ਅੱਖਾਂ ਵਿਚ ਹੰਝੂ ਭਰ ਆਏ। ਭਾਈ ਨੰਦਾ ਸਿੰਘ ਪੁੱਛਦੇ ਹਨ, "ਇਹ ਆਪ ਦੀਆਂ ਅੱਖਾਂ ਵਿਚ ਹੰਝੂ ? ਬਾਬਾ ਜੀ ਕਹਿੰਦੇ ਜਨ, ਬੱਸ...ਪਤਾ ਨਹੀਂ, ਇਹ ਸੁਰਗਪੁਰੀ, ਫਿਰ ਵੇਖਣੀ ਨਸੀਬ ਹੋਣੀ ਕਿ ਨਹੀਂ।"

ਦਸਮੇਸ਼ ਪਿਤਾ ਨੇ ਚਮਕੌਰ ਦੀ ਗੜ੍ਹੀ ਛੱਡੀ। ਦੋਵੇਂ ਵੱਡੇ ਸਾਹਿਬਜ਼ਾਦੇ ਅੱਖਾਂ ਸਾਹਵੇਂ ਸ਼ਹੀਦ ਹੋ ਗਏ...ਮਾਤਾ ਗੁਜਰੀ ਛੋਟੇ ਦੋਵੇਂ ਸਾਹਿਬਜ਼ਾਦੇ, ਪਤਾ ਨਹੀਂ ਕਿੱਥੇ...ਕਿਸ ਹਾਲ ਹਨ ? ਸਾਰੇ ਸੂਰਮੇ ਸ਼ਹੀਦ ਹੋ ਗਏ। ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਹੁਰਾਂ ਦੇ ਨਾਲ, ਪੱਛਮ ਵੱਲ ਤਾਰੇ ਦੀ ਸੇਧ ਟੁਰ ਪਏ। ਤਿੰਨੇ ਸਾਥੀ ਵਿਛੜ ਗਏ। ਮਾਛੀਵਾੜੇ ਦੇ ਜੰਗਲ ਵਿਚ, ਅੱਕ ਦੀਆਂ ਕਰਮੂਲੀਆਂ ਤੇ ਕੁਝ ਕੱਚੇ ਪੱਕੇ ਬੇਰ ਛੱਕ ਕੇ, ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹਨ—

ਮਿੱਤ੍ਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਿਣਾ....

ਸਵੇਰ ਦਾ ਸੂਰਜ ਚੜ੍ਹਿਆ ਤਾਂ ਵਿਛੜੇ ਸਾਥੀ ਆਣ ਮਿਲੇ। ਪੁਰਾਣਾ ਮਸੰਦ, ਭਾਈ ਗੁਲਾਬਾ ਘਰ ਤਾਂ ਲੈ ਗਿਆ, ਪਰ ਅੰਦਰੋਂ ਡਰਿਆ ਹੋਇਆ ਰਿਹਾ। ਦੂਜੇ ਦਿਨ ਹੀ ਕਹਿੰਦੈ, ਮੇਰੇ ਗਵਾਂਢ ਇਕ ਪਾਸੇ ਇਕ ਮੁਸਲਮਾਨ ਰਹਿੰਦਾ ਹੈ ਅਤੇ ਦੂਜੇ ਪਾਸੇ ਇਕ ਹਿੰਦੂ ਸਰਕਾਰੀ ਮੁਖਬਿਰ। ਸਲਤਨਤ ਨੂੰ ਖ਼ਬਰ ਹੋ ਗਈ ਤਾਂ ਮੇਰਾ ਸਾਰਾ ਪਰਿਵਾਰ ਘਾਣੀ ਵਿਚ ਪੀੜ੍ਹ ਦੇਣਗੇ। ਸਤਿਗੁਰ ਜੀ ਬਚਨ ਕੀਤਾ, ਭਾਈ ਗੁਲਾਬਾ ਚਿੰਤਾ ਨਾ ਕਰੋ...ਤੁਸੀਂ ਸੁਖੀ ਵੱਸੋ...ਅਸੀਂ ਅੱਗੇ ਕਿਤੇ ਟੁਰ ਜਾਵਾਂਗੇ। ਆਪਣੇ ਗੁਰੂ ਪਿਤਾ, ਨੌਵੇਂ ਪਾਤਸ਼ਾਹ ਦੀ ਬਾਣੀ ਸਾਹਵੇਂ ਆ ਗਈ—

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥

ਦੀਨੇ ਕਾਂਗੜ ਕੁਝ ਸਮਾਂ ਰਹੇ। ਜ਼ਫ਼ਰਨਾਮਾ ਲਿਖ ਔਰੰਗਜ਼ੇਬ ਵੱਲ ਭੇਜਿਆ। ਭਾਈ ਸ਼ਮੀਰ ਭਰਾਵਾਂ ਨੇ ਬਹੁਤ ਸੇਵਾ ਸਤਿਕਾਰ ਕੀਤਾ। ਸਤਿਗੁਰ ਜੀ ਅੱਗੇ ਵਧੇ ਤਾਂ ਭੇਤੀਏ ਨੇ ਖ਼ਬਰ ਦਿੱਤੀ, ਸੂਬਾ ਸਰਹਿੰਦ ਵੱਲੋਂ ਭੇਜੀ ਫ਼ੌਜੀ ਟੁਕੜੀ, ਆਪ ਜੀ ਦੀ ਭਾਲ ਵਿਚ ਆ ਰਹੀ ਹੈ...ਮੁਕਾਬਲੇ ਦੀ ਤਿਆਰੀ ਕਰ ਲਈਏ। ਸਤਿਗੁਰ ਜੀ ਬਚਨ ਕੀਤਾ, ਕੋਈ ਕਿਲ੍ਹਾ ਜਿਹਾ ਹੋਵੇ ਤਾਂ ਮੋਰਚਾ ਲਾਈਏ। ਸੰਗਤ ’ਚੋਂ ਕਿਸੇ ਅਰਜ਼ ਕੀਤੀ, ਜੀ ਕੋਟਕਪੂਰਾ...ਭਾਈ ਕਪੂਰੇ ਦਾ ਕੋਟ (ਕਿਲ੍ਹਾ) ਹੈ...ਉਹ ਦੇ ਦੇਵੇ ਤਾਂ ਜੰਗ ਸੌਖੀ ਹੋ ਜਾਵੇਗੀ। ਕੋਟਕਪੂਰੇ ਤੋਂ ਬਾਹਰ ਤੰਬੂ-ਤਮੋਟੀਆਂ ਲੱਗ ਗਈਆਂ। ਭਾਈ ਕਪੂਰੇ ਨੇ ਆ ਕੇ ਦਰਸ਼ਨ ਕੀਤਾ...ਸੇਵਾ ਦੀ ਇੱਛਾ ਜ਼ਾਹਿਰ ਕੀਤੀ। ਭਾਈ ਦਇਆ ਸਿੰਘ ਕਿਹਾ, ਭਾਈ ਜੀ ਮੁਗ਼ਲ ਫ਼ੌਜ ਆ ਰਹੀ ਹੈ। ਜੰਗ ਕਰਨੀ ਹੈ...ਜੇ ਕੁਝ ਦਿਨਾਂ ਲਈ, ਤੁਸੀਂ ਆਪਣਾ ਕਿਲ੍ਹਾ ਦੇ ਦਿਉ ਤਾਂ ਮੋਰਚਾ ਉਥੇ ਲਾਈਏ। ਭਾਈ ਕਪੂਰਾ ਮੁਗ਼ਲ ਸਲਤਨਤ ਨਾਲ ਵਿਗਾੜਨੀ ਨਹੀਂ ਸੀ ਚਾਹੁੰਦਾ। ਕਹਿੰਦੈ : ਮੇਰੀ ਮੁਗ਼ਲ ਹਕੂਮਤ ਨਾਲ ਸਾਂਝ ਹੈ...ਜੇ ਕਹੋ ਤਾਂ ਸੁਲਹ ਕਰਵਾ ਦਿਆਂ। ਇਨ੍ਹਾਂ ਜਾਬਰਾਂ ਨਾਲ ਤੁਸੀਂ ਨਹੀਂ ਲੜ ਸਕਦੇ। ਮੈਂ ਕਿਲ੍ਹਾ ਕਿਸੇ ਹਾਲ ਨਹੀਂ ਦੇ ਸਕਦਾ। ਆਪ ਤਾਂ ਆਨੰਦਪੁਰ ਉਜਾੜ ਆਏ ਹੋ...ਘਰ ਪਰਿਵਾਰ ਰੋਲ਼ ਆਏ ਹੋ, ਹੁਣ ਮੈਨੂੰ ਭੀ ਮਰਵਾਣਾ ਚਾਹੁੰਦੇ ਹੋ। ਭਾਈ ਦਇਆ ਸਿੰਘ ਨੇ, ਫਿਰ ਸਮਝੌਣ ਦੀ ਕੋਸ਼ਿਸ਼ ਕੀਤੀ ਪਰ ਕਪੂਰਾ ਆਪਣੀ ਪਹੁੰਚ ਅਤੇ ਨਵਾਬੀ ਦੇ ਹੰਕਾਰ ਵਿਚ ਅੜਿਆ ਰਿਹਾ ਤਾਂ ਸਤਿਗੁਰ ਜੀ ਬਚਨ ਕੀਤਾ, ਓਏ ਕਪੂਰਿਆ! ਤੂੰ ਜਿਨ੍ਹਾਂ ਮੁਗ਼ਲਾਂ ਤੋਂ ਡਰ ਕੇ ਸਾਡੇ ਨਾਲ ਇਵੇਂ ਦੇ ਬਚਨ ਕਰਦਾ ਹੈਂ, ਉਹੋ ਮੁਗ਼ਲ ਤੇਰੇ ਮੂੰਹ ਵਿਚ ਸਵਾਹ ਪਾ ਕੇ, ਫਾਹੇ ਚੜ੍ਹਾ ਕੇ ਮਾਰਨਗੇ।

ਬਿਪਤਿ ਪਰੀ ਸਭ ਹੀ ਸੰਗੁ ਛਾਡਿਤ...

ਅਬਦੁਲ ਸ਼ਾਹ ਅਬਦਾਲੀ ਨੂੰ, ਸਰਦਾਰ ਚੜ੍ਹਤ ਸਿੰਘ ਨੇ ਸ਼ਿਕੱਸਤ ਦਿੱਤੀ। ਜੰਗ

ਦੇ ਮੈਦਾਨ 'ਚੋਂ ਅਬਦਾਲੀ ਭੱਜਿਆ...ਦਰਿਆ ਰਾਵੀ ਲੰਘਦਿਆਂ ਬੋਲਿਆ, ਮੈਂ ਜਾ ਰਿਹਾ ਹਾਂ...ਮੇਰਾ ਪੋਤਰਾ ਸ਼ਾਹ ਜਮਾਨ ਖਾਂ, ਤੁਹਾਨੂੰ ਕਰਾਰੇ ਹੱਥ ਵਿਖਾਏਗਾ। ਸਰਦਾਰ ਚੜ੍ਹਤ ਸਿੰਘ ਬੁਲੰਦ ਆਵਾਜ਼ ਵਿਚ ਕਿਹਾ, ਓਏ ਅਬਦਾਲੀ, ਮੇਰਾ ਪੋਤਰਾ ਰਣਜੀਤ ਸਿੰਘ ਤੇਰੇ ਪੋਤਰੇ ਨੂੰ, ਦਿਨ ਵਿਚ ਤਾਰੇ ਵਿਖਾਏਗਾ। ਸਮਾਂ ਲੰਘਿਆ...ਸ਼ਾਹ ਜਮਾਨ ਖਾਂ, ਪੱਛਮੀ ਪੰਜਾਬ ਜਿੱਤਦਾ ਲੁੱਟਦਾ ਲਾਹੌਰ ਤਕ ਕਬਜ਼ਾ ਕਰ ਲਿਆ। ਅੱਗੇ ਵਧਿਆ ਤਾਂ ਸ੍ਰੀ ਅੰਮ੍ਰਿਤਸਰ ਤੋਂ ਪਹਿਲਾਂ ਸਿੱਖਾਂ ਨਾਲ ਜੰਗ ਹੋਈ। ਹਾਰ ਖਾ ਕੇ ਸ਼ਾਹ ਜਮਾਨ ਖਾਂ ਲਾਹੌਰ ਕਿਲ੍ਹੇ ਵਿਚ ਵੜ ਗਿਆ। ਸਾਰੇ ਦਰਵਾਜ਼ੇ ਬੰਦ ਕਰ ਲਏ। ਕਿਲ੍ਹਾ ਲਾਹੌਰ, ਸ਼ੇਰੇ ਪੰਜਾਬ ਦੀਆਂ ਫ਼ੌਜਾਂ ਨੇ ਘੇਰ ਲਿਆ। ਮਹਾਰਾਜਾ ਰਣਜੀਤ ਸਿੰਘ ਗੱਜਿਆ, "ਓਏ ਅਬਦਾਲੀ ਦਿਆ ਪੋਤਰਿਆ, ਅੱਜ ਸਰਦਾਰ ਚੜ੍ਹਤ ਸਿੰਘ ਦਾ ਪੋਤਰਾ, ਰਣਜੀਤ ਸਿੰਘ ਤੈਨੂੰ ਲਲਕਾਰਦਾ ਹੈ...ਆ ਬਾਹਰ ਮੇਰੇ ਨਾਲ ਦੋ ਹੱਥ ਕਰ।"

ਕੁਝ ਦਿਨ ਕਿਲ੍ਹੇ ਵਿਚ ਬੰਦ ਰਹਿ ਕੇ, ਸ਼ਾਹ ਜਾਮਨ ਖਾਂ ਪਿੱਛੋਂ ਕੰਧ ਪਾੜ ਕੇ ਨੱਸ ਗਿਆ... ਫਿਰ ਮੁੜ ਇਧਰ ਨਾ ਆਇਆ

ਕਹਿੰਦੇ ਹਨ, ਸਮਾਂ ਇਕ ਜਿਹਾ ਰਹਿੰਦਾ ਨਹੀਂ।
ਇਹ ਠਹਿਰਣ ਜਾਚ ਨਹੀਂ ਜਾਣਦਾ।
ਲੰਘ ਗਿਆ ਨਾ ਮੁੜ ਕੇ ਆਂਵਦਾ।

ਸੰਨ 1837 ਵਿਚ, ਜਮਰੌਦ ਤੇ, ਕਾਬੁਲੋਂ ਦੋਸਤ ਮੁਹੰਮਦ ਖਾਂ ਨੇ ਵੱਡੀ ਫ਼ੌਜ ਸਹਿਤ ਹਮਲਾ ਕਰ ਦਿੱਤਾ। ਕਿਲ੍ਹੇ ਵਿਚ ਕੁਲ ਅੱਠ ਕੁ ਸੌ ਸਿੱਖ ਬਹਾਦਰ। ਡੱਟ ਕੇ ਮੁਕਾਬਲਾ ਕੀਤਾ, ਨਾਲੇ ਪਿਸ਼ਾਵਰ ਸਰਦਾਰ ਹਰੀ ਸਿੰਘ ਨਲਵਾ ਵੱਲ ਖ਼ਬਰ ਭੇਜੀ। ਓਸ ਵੇਲੇ, ਸਰਦਾਰ ਹਰੀ ਸਿੰਘ ਨਲਵਾ ਬਿਮਾਰ ਹੈ ਸਨ। ਕੁੰਵਰ ਨੌਨਿਹਾਲ ਸਿੰਘ, ਪਿਸ਼ਾਵਰ ਕਿਲ੍ਹੇ ਵਿਚ ਲੈ ਆਏ। ਆਰਾਮ ਕਰ ਰਹੇ ਸਨ...ਵੈਦ ਦਾ ਇਲਾਜ ਚੱਲ ਰਿਹਾ ਸੀ। ਖ਼ਬਰ ਮਿਲੀ। ਉਸੇ ਵੇਲੇ ਨਲਵਾ ਨੇ ਹੁਕਮ ਕੀਤਾ, "ਫ਼ੌਜ ਤਿਆਰ ਹੋਵੇ...ਜਮਰੌਦ ਕੂਚ ਕਰੋ।" ਜਮਰੌਦ ਪਹੁੰਚਦਿਆਂ, ਨਲਵਾ ਨੇ ਪਠਾਣੀ ਫ਼ੌਜ ਨੂੰ ਤਾਰ-ਤਾਰ ਕਰ ਦਿੱਤਾ। ਹਾਰ ਖਾ ਕੇ ਦੋਸਤ ਮੁਹੰਮਦ ਖਾਂ ਭੱਜ ਗਿਆ। ਪਿੱਛਾ ਕਰਦਿਆਂ, ਨਲਵਾ ਪਹਾੜੀ ਇਲਾਕੇ ਤੱਕ ਗਏ। ਬਦਕਿਸਮਤੀ ਨੇ ਆ ਘੇਰਿਆ। ਇਕ ਦੱਰੇ ਵਿਚ ਛੁਪੇ ਹੋਏ ਪਠਾਨਾਂ ਨੇ ਗੋਲੀਆਂ ਮਾਰੀਆਂ। ਹਰੀ ਸਿੰਘ ਨਲਵਾ ਦੀ ਵੱਖੀ ਵਿਚ ਗੋਲੀ ਲੱਗੀ। ਇਕ ਹੱਥ ਨਾਲ ਵੱਖੀ ਦਾ ਜ਼ਖ਼ਮ ਦੱਬ ਕੇ ਲੜਦੇ ਰਹੇ। ਸਾਰਿਆਂ ਨੂੰ ਮਾਰ ਕੇ ਜਮਰੌਦ ਪਰਤੇ...ਸਰੀਰ ਸ਼ਾਂਤ ਹੋਇਆ। ਕਹਿੰਦੇ ਹਨ, ਖ਼ਬਰ ਸੁਣ ਕੇ ਸ਼ੇਰੇ ਪੰਜਾਬ ਕਹਿੰਦਾ, ਅੱਜ ਮੇਰੀ ਸੱਜੀ ਬਾਂਹ ਵੱਢੀ ਗਈ। ਕਹਿਣ ਨੂੰ ਤਾਂ ਸ਼ੇਰੇ ਪੰਜਾਬ ਨੇ 1839 ਈ. ਨੂੰ ਦੇਹ ਛੱਡੀ, ਪਰ ਸੱਚ ਤਾਂ ਇਹ ਹੈ, 1837 ਵਿਚ

ਉਦੋਂ ਹੀ ਮਰ ਗਿਆ, ਜਦੋਂ ਹਰੀ ਸਿੰਘ ਨਲਵਾ ਮਰਿਆ।

ਤਾਂ ਗੁਲਾਮ ਫਰੀਦ ਕਹਿੰਦਾ ਹੈ—

ਵਕਤ ਦਾ ਬੇਲੀ ਹਰ ਕੋਈ ਬੰਦਾ
ਸ਼ਾਲਾ ਵਕਤ ਨ ਖਾਵੇ ਡੋਲੇ।

ਸੰਨ 1606! ਜੇਠ ਦਾ ਮਹੀਨਾ ਚੜ੍ਹਿਆ ਸੀ। ਲਾਹੌਰ ਦੀ ਸੰਗਤ, ਸ੍ਰੀ ਅੰਮ੍ਰਿਤਸਰ ਸ਼ਾਮ ਦੇ ਦੀਵਾਨ ਉਪਰੰਤ ਅਰਜ਼ ਕੀਤੀ, "ਪਾਤਸ਼ਾਹ ਜੀ, ਬੜਾ ਚਿਰ ਹੋ ਗਿਆ...ਲਾਹੌਰ ਦਰਸ਼ਨ ਦੇਣ ਦੀ ਕਿਰਪਾ ਕਰੋ।"

ਸਤਿਗੁਰ ਜੀ ਆਉਣ ਵਾਲਾ ਸਮਾਂ ਜਾਣਦੇ ਸਨ। ਲਾਹੌਰ ਤਾਂ ਹੁਣ ਸ਼ਹੀਦੀ ਪਾਉਣ ਲਈ ਜਾਣਾ ਹੈ। ਪਵਿੱਤਰ ਗੁਰਬਾਣੀ ਉਚਾਰੀ, ਗੂਜਰੀ ਰਾਗ ਵਿਚ—

ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ॥
ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ॥

ਅਰਦਾਸ ਕਿਤੇ ਦੀ ਕਰ ਕੇ ਚਾਲੇ ਪਾਏ...ਹੋਣੀ ਪਤਾ ਨਹੀਂ, ਕਿਤੇ ਹੋਰ ਲੈ ਜਾਏ।

ਸੰਨ 1704, ਕਲਗੀਧਰ ਪਿਤਾ, ਕੁਝ ਪਤਵੰਤੇ ਸਿੱਖਾਂ ਨਾਲ ਵਿਚਾਰ ਕਰਦੇ ਹਨ...ਸ੍ਰੀ ਆਨੰਦਪੁਰ ਦਾ ਕਿਲ੍ਹਾ ਛੱਡ, ਪਾਂਵਟੇ ਜਮੁਨਾ ਕੰਢੇ ਡੇਰਾ ਲਾਉਣਾ ਹੈ। ਕਿਲ੍ਹਾ ਤਿਆਗ ਜਦੋਂ ਨਿਕਲੇ, ਭਾਈ ਸ਼ਾਮ ਸਿੰਘ ਨੂੰ ਤੇਜ਼ ਘੋੜਾ ਦੇ ਕੇ ਨਾਹਨ ਰਾਜਾ ਮੇਦਨੀ ਪ੍ਰਕਾਸ਼ ਵੱਲ ਇਹੋ ਸੁਨੇਹਾ ਭੇਜਿਆ। ਸੰਗਤਾਂ, ਪਰਿਵਾਰ ਸਹਿਤ ਆ ਰਹੇ ਹਾਂ...ਜ਼ਰੂਰੀ ਪ੍ਰਬੰਧ ਕੀਤਾ ਜਾਵੇ। ਪਰ ਹੋਣੀ ਨੂੰ ਕੁਝ ਹੋਰ ਹੀ ਮੰਜ਼ੂਰ ਸੀ। 18 ਕੋਹ 'ਤੇ ਸਿਰਸਾ ਕੰਢੇ ਪਹੁੰਚਦਿਆਂ, ਮੁਗ਼ਲ ਅਤੇ ਪਹਾੜੀ ਫ਼ੌਜ ਨੇ ਆ ਹਮਲਾ ਕੀਤਾ। ਜੰਗ ਵਿਚ ਬਹੁਤੇ ਸ਼ਹੀਦ ਹੋ ਗਏ...ਸਿਰਸਾ ਦੇ ਹੜ੍ਹ ਵਿਚ ਕਈ ਰੁੜ੍ਹ ਗਏ। ਰੋਪੜ, ਆਵੇ ਦੇ ਕੋਲ ਛੋਟੀ ਜਿਹੀ ਝੜਪ ਹੋਈ, ਫਿਰ ਚਮਕੌਰ ਦੀ ਗੜ੍ਹੀ ਵਿਚ ਮੋਰਚਾ। ਜੰਗ ਹੋਈ...ਵੱਡੇ ਦੋਵੇਂ ਸਾਹਿਬਜ਼ਾਦੇ ਕਈ ਯੋਧਿਆਂ ਸਹਿਤ ਸ਼ਹੀਦ ਹੋਏ।

ਗ਼ੁਲਾਮ ਫ਼ਰੀਦ ਸਦਾ ਵਕਤ ਨਹੀਂ ਰਹਿੰਦਾ
ਕਦੇ ਮਾਸੇ ਤੇ ਕਦੇ ਤੋਲੇ।

ਸੰਨ 1707! ਆਗਰਾ ਦੀ ਜੰਗ ਵਿਚ ਸ਼ਾਹਜ਼ਾਦਾ ਮੁਅੱਜ਼ਮ ਨੂੰ ਫ਼ਤਹਿ ਦਿਲਾਈ। ਉਹੋ ਸ਼ਾਹਜ਼ਾਦਾ ਬਹਾਦੁਰ ਸ਼ਾਹ ਦੇ ਨਾਂ ਨਾਲ ਦਿੱਲੀ ਤਖ਼ਤ 'ਤੇ ਬੈਠਾ। ਸਿੱਖ ਸੰਗਤਾਂ ਨੂੰ ਪਤਾ ਲੱਗਾ, ਔਰੰਗਜ਼ੇਬ ਮਰ ਗਿਆ...ਬਹਾਦੁਰ ਸ਼ਾਹ, ਦਿੱਲੀ ਦਾ ਬਾਦਸ਼ਾਹ, ਸਤਿਗੁਰ ਜੀ ਦਾ ਸੇਵਕ ਬਣ ਗਿਆ ਹੈ। ਸੰਗਤਾਂ ਦਰਸ਼ਨ ਲਈ ਆਗਰੇ ਆਈਆਂ। ਸੱਚੇ ਪਾਤਸ਼ਾਹ ਆਪਣੀ ਇੱਛਾ ਜ਼ਾਹਿਰ ਕੀਤੀ..."ਜੀਅ ਕਰਦਾ ਹੈ, ਫਿਰ ਅਨੰਦਪੁਰ

ਵਸਾਈਏ"। ਪਰ, "ਮਤਾ ਕਰੈ ਪਛਮ ਕੈ ਭਾਈ ਪੂਰਬ ਹੀ ਲੈ ਜਾਤ॥" ਹੋਣੀ ਹੋਰ ਅੱਗੇ ਪੂਰਬ ਦਿਸ਼ਾ ਨਾਂਦੇੜ ਲੈ ਗਈ।

ਸੰਨ 1708! ਨਾਂਦੇੜ-ਗੋਦਾਵਰੀ ਕੰਢੇ ਆਸ਼ਰਮ ਵਿਚ ਰਹਿੰਦੇ, ਮਾਧੋ ਦਾਸ ਬੈਰਾਗੀ ਨੂੰ 'ਬੰਦਾ ਬਹਾਦਰ ਸਿੰਘ' ਬਣਾ ਕੇ ਪੰਜਾਬ ਭੇਜਿਆ। ਉਸ ਨੂੰ ਹੁਕਮ ਕੀਤਾ ਸੀ, ਤੂੰ ਚੱਲ ਪੰਜਾਬ ਦੇ ਨਵਾਬਾਂ ਨੂੰ ਸੋਧ..ਮੈਂ ਵੀ ਆਇਆ, ਪੰਜਾਬ! ਪਰ ਕੁਝ ਦਿਨਾਂ ਮਗਰੋਂ, ਜਮਸ਼ੇਦ ਖਾਂ ਨੇ ਸਤਿਗੁਰ ਜੀ ਦੀ ਵੱਖੀ ਵਿਚ ਖੰਜਰ ਮਾਰਿਆ। ਤੋਪੇ ਲੱਗੇ, ਫਿਰ ਟੁੱਟੇ...ਫਿਰ ਕੱਤਕ 1708 ਨੂੰ ਨਾਂਦੇੜ ਦਾ ਕੌਤਕ! ਸਮਾਂ ਕਿਵੇਂ ਬਦਲਦਾ ਰਿਹਾ।

'ਬੰਦਾ' ਸਤਿਗੁਰਾਂ ਸਾਹਵੇਂ, ਵਿਆਹ ਨਾ ਕਰਾਉਣ ਦਾ ਬਚਨ ਕਰ ਕੇ ਟੁਰਿਆ ਸੀ। ਸੋਨੀਪਤ, ਸਮਾਣਾ, ਸਢੌਰਾ, ਸਰਹਿੰਦ, ਪਹਾੜੀ ਇਲਾਕੇ ਜੰਮੂ ਕਸ਼ਮੀਰ, ਚੰਬਾ ਸਾਰੇ ਜਿੱਤਦਾ ਗਿਆ, ਪਰ ਸੰਨ 1716...ਸ਼ਹੀਦ ਹੋਣ ਤੋਂ ਦੋ ਦਿਨ ਪਹਿਲਾਂ ਇਤਿਹਾਸਕਾਰ ਖਫੀ ਖਾਂ ਨੇ ਲਿਖਿਆ ਹੈ, ਬੰਦਾ ਬਹਾਦਰ ਕਹਿੰਦੈ, ਮੈਂ ਗੁਰੂ ਨੂੰ ਦਿੱਤੇ ਵਚਨਾਂ ਤੋਂ ਮੁਕਰ ਗਿਆ...ਵਕਤ ਮੈਥੋਂ ਰੁੱਸ ਗਿਆ।

ਸ੍ਰੀ ਗੁਰੂ ਨਾਨਕ ਪਾਤਸ਼ਾਹ, ਉੜੀਸਾ ਪਹੁੰਚੇ। ਰਾਜੇ ਨੇ ਸਤਿਗੁਰਾਂ ਦੀ ਸ਼ੋਹਰਤ ਸੁਣੀ...ਅਰਜ਼ ਕਰ ਕੇ ਮਹਿਲ ਵਿਚ ਲੈ ਗਿਆ। ਹੰਕਾਰ ਭਰਿਆ, ਜਿੱਤਾਂ ਦੀਆਂ ਗੱਲਾਂ ਕਰਦਾ ਰਿਹਾ...ਮਹਿਲ ਵਿਖਾਉਂਦਾ ਰਿਹਾ। ਸਤਿਗੁਰ ਜੀ, ਗੁਰਬਾਣੀ ਉਚਾਰਣ ਕੀਤੀ—

ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ॥
ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥

ਰਾਜਨ! ਮੈਂ ਵੱਡੇ ਵੱਡੇ ਮਹਿਲ ਢਹਿੰਦੇ ਹੋਏ ਵੇਖੇ ਹਨ...ਉਜੜੀ ਹੋਈ ਲੰਕਾ ਵੇਖੀ ਹੈ...ਮਰਦਾ ਹੋਇਆ, ਬਿਲਖਦਾ ਕਾਰੂ ਬਾਦਸ਼ਾਹ ਵੇਖਿਆ ਹੈ...ਇਹ ਚੰਦ ਦਿਨਾਂ ਦੀ ਖੇਡ ਹੈ...ਇਸ ਦਾ ਮਾਣ ਨਾ ਕਰੀਂ। ਇਹ ਵਕਤ ਬੜਾ ਨਿਰਦਈ ਹੈ...।

# ਜ਼ਿੰਦਗੀ ਦਾ ਸਫ਼ਰ

ਕਾਰੂ ਬਾਦਸ਼ਾਹ ਨੂੰ ਮੁਗਾਲਤਾ ਸੀ ਕਿ ਸ਼ਾਇਦ ਇਹ ਰਾਜ ਮਹਿਲ, ਸਭ ਉਸ ਨੇ ਆਪ ਅਰਜੇ ਹਨ। ਗੁਰੂ ਨਾਨਕ ਪਾਤਸ਼ਾਹ ਨੂੰ ਕਹਿੰਦੈ, ਬਹੁਤ ਮਿਹਨਤ ਅਤੇ ਸੂਝ ਬੂਝ ਨਾਲ ਇਹ ਸੰਪਦਾ ਬਣਾਈ ਹੈ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਇਹ ਤੇਰੇ ਪੂਰਬਲੇ ਕਰਮਾਂ ਦਾ ਪ੍ਰਾਲੱਬਧ ਪ੍ਰਾਪਤ ਹੋ ਰਿਹਾ ਹੈ। ਚੰਗੇ ਕਰਮਾਂ ਦਾ ਪ੍ਰਾਲੱਬਧ, ਸੁੱਖ ਭੋਗ ਦੇ ਰੂਪ ਵਿਚ ਪ੍ਰਾਪਤ ਹੋਇਆ। ਮਾੜੇ ਕਰਮਾਂ ਦਾ ਪ੍ਰਾਲੱਬਧ ਜਦੋਂ ਸਾਹਵੇਂ ਆਇਆ ਤਾਂ ਸਹਿਣਾ ਔਖਾ ਹੋ ਜਾਣੈ। ਦੋ ਦਿਨਾਂ ਮਗਰੋਂ, ਬਗਦਾਦ ਦਾ ਇਕ ਸੱਜਣ, ਇਕ ਮੁੰਦਰੀ ਰੁਮਾਲ ਵਿਚ ਲਵੇਟੀ ਹੋਈ, ਅੱਗੇ ਲਿਆ ਧਰੀ। ਜੀ ਬਾਦਸ਼ਾਹ, ਇਕ ਜਵਾਨ ਮਰਨ ਤੋਂ ਪਹਿਲਾਂ ਮੇਰੇ ਹਵਾਲੇ ਕਰ ਗਿਆ ਸੀ...ਆਪ ਤਕ ਪਹੁੰਚਾਉਣ ਦੀ ਜ਼ਿੰਮੇਵਾਰੀ ਮੈਨੂੰ ਦੇ ਗਿਆ। ਰੁਮਾਲ ਖੋਲ੍ਹ ਬਾਦਸ਼ਾਹ ਨੇ, ਜਦੋਂ ਉਹ ਸ਼ਾਹੀ ਮੁੰਦਰੀ ਵੇਖੀ, ਉਸ ਜਵਾਨ ਦੀ ਮੌਤ ਦੀ ਖ਼ਬਰ ਸੁਣੀ ਤਾਂ ਧਾਈਆਂ ਮਾਰ ਕੇ ਰੋਣ ਲੱਗਾ। ਕਹਿੰਦੈ—ਇਹ ਮੇਰਾ ਇਕੋ-ਇਕ ਪੁੱਤਰ ਸੀ! ਹਮੇਸ਼ਾ ਕਹਿੰਦਾ, ਤੁਹਾਡਾ ਇਹ ਮਹਿਲ, ਪਾਪ ਦੀ ਦੌਲਤ...ਮੇਰਾ ਇਸ ਕਿਲ੍ਹੇ ਦੀ ਚਾਰਦੀਵਾਰੀ ਵਿਚ ਸਾਹ ਘੁਟਦਾ ਹੈ। ਇਕ ਦਿਨ, ਬਿਨਾਂ ਦੱਸਿਆਂ ਚਲਾ ਗਿਆ। ਬਹੁਤ ਭਾਲ ਕੀਤੀ, ਕੁਝ ਪਤਾ ਨਾ ਲੱਗਾ...ਯਾ ਅੱਲਾਹ! ਅੱਜ ਮੌਤ ਦੀ ਖ਼ਬਰ ਆਈ। ਮੈਂ ਕਿਤਨਾ ਬਦਨਸੀਬ ਬਾਪ ਹਾਂ।

ਬੰਦੇ ਨੂੰ ਮੁਗ਼ਾਲਤਾ ਹੈ ਕਿ ਉਹ ਆਪ ਇਕ ਸਵਤੰਤਰ ਇਕਾਈ ਹੈ। ਇਹ ਮੇਰੀ ਘਰ ਵਾਲੀ, ਮੇਰੇ ਜਾਏ ਬੱਚੇ, ਮੇਰੀ ਅਰਜੀ ਹੋਈ ਸੰਪਤੀ, ਮੈਂ ਇਨ੍ਹਾਂ ਦਾ ਸਿਰਜਕ ਹਾਂ। ਇਨ੍ਹਾਂ ’ਤੇ ਮੇਰੀ ਰਜ਼ਾ, ਮੇਰਾ ਫ਼ੈਸਲਾ ਹੀ ਚੱਲੇਗਾ। ਪੰਜਵੇਂ ਪਾਤਸ਼ਾਹ, ਬੰਦੇ ਦਾ ਭਰਮ ਤੋੜਦੇ ਹਨ। ਬੰਦੇ ਦੇ ਜੀਵਨ ਸਫ਼ਰ ਦਾ ਭੇਦ ਖੋਲ੍ਹਦੇ ਹਨ, ਸੁਖਮਨੀ ਵਿਚ—

ਬੈਰ ਬਿਰੋਧ ਕਾਮ ਕ੍ਰੋਧ ਮੋਹ॥
ਝੂਠ ਬਿਕਾਰ ਮਹਾ ਲੋਭ ਧ੍ਰੋਹ॥
ਇਆਹੂ ਜੁਗਤਿ ਬਿਹਾਨੇ ਕਈ ਜਨਮ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥

ਬੰਦੇ! ਕਰੋੜਾਂ ਸਾਲਾਂ ਤੋਂ ਤੇਰੀ ਬੰਸਾਵਲੀ ਚਲ ਰਹੀ ਹੈ। ਇਕ-ਦੋ ਲੱਖ ਕਰੋੜ ਸਾਲ ਪਹਿਲਾਂ ਦੇ, ਤੇਰੇ ਪੂਰਵਜ, ਤੇਰੇ ਕਿਸੇ ਵਡੇਰੇ ਦਾ ਅਵਸ਼ੇਸ਼, ਕੋਈ ਅੰਗ, ਹੱਡੀ ਦਾ ਟੁਕੜਾ, ਕੋਈ ਅੰਸ਼ ਮਿਲ ਜਾਏ, ਉਸ ਦਾ ਡੀ.ਐੱਨ.ਏ. ਟੈਸਟ ਰਿਪੋਰਟ ਤੇਰੇ ਨਾਲ ਮਿਲਾਈ ਜਾਵੇ ਤਾਂ ਉਹ ਮੈਚ ਕਰ ਜਾਵੇਗੀ। ਕਰੋੜਾਂ ਸਾਲਾਂ ਤੋਂ, ਵੰਸ਼ ਤੋਂ ਵੰਸ਼ ਇਹ ਜਿਸ, ਯਾਤਰਾ ਕਰਦੇ ਹੋਏ ਤੇਰੇ ਤਕ ਪਹੁੰਚੇ ਹਨ। ਇਹ ਜਿਸ, ਉਨ੍ਹਾਂ ਵਡੇਰਿਆਂ ਦੀ ਸੋਚ, ਉਨ੍ਹਾਂ ਦੇ ਮਾੜੇ-ਚੰਗੇ ਕਰਮ ਦਾ ਪ੍ਰਤੀਫਲ ਵੀ ਢੋਂਦੇ ਹੋਏ ਤੇਰੇ ਤਕ ਪਹੁੰਚੇ ਹਨ। ਬੰਦੇ! ਤੂੰ ਇਕ ਆਜ਼ਾਦ ਇਕਾਈ ਨਹੀਂ ਹੈਂ। ਕਰੋੜਾਂ ਸਾਲਾਂ ਤੋਂ ਤੇਰੇ ਵਡੇਰਿਆਂ ਦੇ ਲਹੂ ਵਿਚ ਜਿਹੜੇ ਜਿਸ ਵਗਦੇ ਰਹੇ...ਇੰਦ੍ਰੀਆਂ ਨੂੰ ਮਾੜੇ ਜਾਂ ਚੰਗੇ ਕਰਮਾਂ ਲਈ ਪ੍ਰੇਰਦੇ ਰਹੇ...ਡੀ.ਐੱਨ.ਏ. ਉਨ੍ਹਾਂ ਜਿਸਾਂ ਨੂੰ ਕਮਾਂਡ ਦਿੰਦੇ ਰਹੇ। ਕਰੋੜਾਂ ਸਾਲ ਪਹਿਲਾਂ ਵੀ ਇਹ ਧਰਤੀ, ਇਹ ਆਕਾਸ਼, ਹਵਾ, ਪਾਣੀ, ਅਗਨੀ ਦਾ ਪ੍ਰਭਾਵ, ਵਡੇਰਿਆਂ 'ਚੋਂ ਲੰਘਦਾ ਹੋਇਆ ਤੇਰੇ ਤਕ ਪੁੱਜਿਆ ਹੈ। ਤੂੰ ਆਜ਼ਾਦ ਨਹੀਂ ਹੈਂ। ਉਨ੍ਹਾਂ ਸਾਰਿਆਂ ਤੱਤਾਂ, ਪਦਾਰਥਾਂ, ਕਰਮਾਂ, ਵੀਚਾਰਾਂ ਦਾ ਤੂੰ ਵਾਰਿਸ ਹੋ ਕੇ ਜੰਮਿਆ ਹੈਂ।

ਤਾਂ ਪਾਤਸ਼ਾਹ ਕਹਿੰਦੇ ਹਨ—

ਬੈਰ ਬਿਰੋਧ ਕਾਮ ਕ੍ਰੋਧ ਮੋਹ॥
ਝੂਠ ਬਿਕਾਰ ਮਹਾ ਲੋਭ ਧ੍ਰੋਹ॥
ਇਆਹੂ ਜੁਗਤਿ ਬਿਹਾਨੇ ਕਈ ਜਨਮ॥

ਕਰੋੜਾਂ ਜਨਮਾਂ ਤੋਂ ਇਕ ਸਿਲਸਿਲਾ ਚੱਲ ਰਿਹਾ ਹੈ। ਵੈਰ ਕਰਦਾ ਰਿਹਾ, ਜੰਗਾਂ ਵਿਚ ਜੂਝਦਾ ਰਿਹਾ, ਕਾਮ, ਕ੍ਰੋਧ, ਮੋਹ, ਲੋਭ, ਕਿਸੇ ਨਾਲ ਕੀਤਾ ਹੋਇਆ ਧ੍ਰੋਹ... ਵਿਸ਼ਵਾਸਘਾਤ, ਇਨ੍ਹਾਂ ਸਾਰਿਆਂ ਤੱਤਾਂ ਨੂੰ ਰਲਾ ਕੇ ਤੇਰੀ ਮਿੱਟੀ ਗੁੰਨੀ ਔਰ ਤੂੰ ਜੰਮਿਆ।

ਕਈ ਸਿਆਣੇ ਇਸ ਨੂੰ 'ਨਸਲ ਦਾ ਮਨੋਵਿਗਿਆਨ' ਵੀ ਕਹਿੰਦੇ ਹਨ। ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਨੂੰ, ਘੋੜਿਆਂ ਦੇ ਨਸਲ ਦੀ ਬਹੁਤ ਪਛਾਣ ਸੀ। ਇਕ ਵਾਰ ਘੋੜਿਆਂ ਦੀ ਖਰੀਦ ਕਰਦਿਆਂ, ਇਕ ਲੰਗੜੀ ਘੋੜੀ ਖਰੀਦ ਲਈ। ਕਈ ਕਹਿਣ ਲੱਗੇ, ਇਹ ਲੰਗੜੀ ਘੋੜੀ ?

ਸਤਿਗੁਰ ਸੱਚੇ ਪਾਤਸ਼ਾਹ ਬਚਨ ਕੀਤਾ, ਇਹ ਬਹੁਤ ਉੱਚੇ ਨਸਲ ਦੀ ਕਾਬੁਲੀ ਘੋੜੀ ਹੈ। ਅੱਗੋਂ ਉਸ ਲੰਗੜੀ ਘੋੜੀ ਤੋਂ ਜਿਹੜਾ ਸ਼ਾਵਕ ਘੋੜਾ ਹੋਇਆ, ਵੱਡਾ ਹੋਇ ਕੇ ਰੇਸ ਦਾ ਅੱਵਲ ਅਤੇ ਜੇਤੂ ਹੋਣ ਦਾ ਮਾਣ ਪ੍ਰਾਪਤ ਕੀਤਾ।

ਜਿਸ, ਵੰਸ਼ ਤੋਂ ਵੰਸ਼ ਯਾਤਰਾ ਕਰਦੇ ਹਨ। ਪ੍ਰਿਥਵੀ ਰਾਜ ਚੌਹਾਨ ਨੇ, ਕਹਿੰਦੇ ਹਨ ਕਿ 17 ਵਾਰ ਮੁਹੰਮਦ ਗੋਰੀ ਨੂੰ ਹਰਾਇਆ। 18ਵੀਂ ਵਾਰ ਹਾਰ ਗਿਆ, ਕੈਦ ਕਰ ਕੇ ਗਜਨੀ ਲੈ ਗਿਆ। ਗਰਮ ਸਲਾਖਾਂ ਅੱਖਾਂ ਵਿਚ ਚੋਭ ਕੇ ਅੰਨ੍ਹਾ ਕਰ ਦਿੱਤਾ।

ਹੱਥਾਂ ਵਿਚ ਹਥਕੜੀਆਂ, ਪੈਰਾਂ ਵਿਚ ਬੇੜੀਆਂ ਪਾ ਦਿੱਤੀਆਂ। ਮਿੱਤਰ ਚੰਦ੍ਰਬਰਦਾਈ ਨੇ ਗੋਰੀ ਨੂੰ ਕਿਹਾ, ਪ੍ਰਿਥਵੀਰਾਜ, ਸ਼ਸਤ੍ਰ ਵਿਦਿਆ ਦਾ ਅਜੂਬਾ ਯੋਧਾ ਹੈ। ਇਸ ਦੀਆਂ ਹੱਥਕੜੀਆਂ, ਕੁਝ ਦੇਰ ਲਈ ਖੋਲ੍ਹ ਦਿੱਤੀਆਂ ਜਾਣ ਤਾਂ ਉਹ ਆਪਣਾ ਜੌਹਰ ਵਿਖਾ ਸਕਦੇ ਹਨ। ਰਾਜਾ ਕਿਲ੍ਹੇ ਦੇ ਉਪਰਲੇ ਤਲ 'ਤੇ, ਰਾਜ ਤਖ਼ਤ 'ਤੇ ਬੈਠਾ ਇਹ ਕਲਾ ਦੇਖ ਰਿਹਾ ਸੀ। ਚੰਦ੍ਰਬਰਦਾਈ ਨੇ ਅੱਖਾਂ ਨਾਲ ਹੀ ਰਾਜੇ ਦੀ ਦੂਰੀ, ਉਚਾਈ ਮਾਪ ਕੇ ਚੌਹਾਨ ਵੰਸ਼ਜ਼ ਨੂੰ ਵੰਗਾਰਿਆ—

ਚਾਰ ਬਾਂਸ ਚੌਬੀਸ ਗਜ ਅੰਗੁਲ ਅਸਟ ਪ੍ਰਮਾਣ।
ਤਾਂ ਉਪਰ 'ਸੁਲਤਾਨ' ਹੈ, ਮਤਿ ਚੂਕੇ 'ਚੌਹਾਨ'।

ਅੰਨ੍ਹੇ ਹੋਏ ਪ੍ਰਿਥਵੀਰਾਜ ਨੇ, ਧਨੁੱਖ ਖਿੱਚ ਕੇ ਜੋ ਤੀਰ ਛੱਡਿਆ ਤਾਂ ਕਹਿੰਦੇ ਹਨ ਸੁਲਤਾਨ ਗੋਰੀ ਦੇ ਮੱਥੇ 'ਤੇ ਲੱਗਾ, ਸਿਰ ਪਾੜਦਾ ਹੋਇਆ ਤੀਰ ਪਾਰ ਲੰਘ ਗਿਆ।

ਜਿਸਾਂ ਦੀ ਯਾਤਰਾ ਚਲਦੀ ਰਹਿੰਦੀ ਹੈ। ਵੰਸ਼ਾਂ ਤੋਂ ਤੁਰੇ ਆ ਰਹੇ ਬਹਾਦੁਰੀ ਦੇ ਕਿੱਸੇ, ਦੁਹਰਾਏ ਜਾਂਦੇ ਹਨ। 17 ਜਨਵਰੀ 1872, ਮਲੇਰਕੋਟਲੇ ਦੇ ਰੱਕੜ ਵਿਚ ਕਾਵਨ ਬੋਲਿਆ—"ਫਿਰ ਤੋਪ ਵੱਲ ਪਿੱਠ ਕਰ ਲਉ।"

"ਗਰਜ ਕੇ ਹੀਰਾ ਸਿੰਘ ਕਿਹਾ, ਕਿਉਂ ਸਿੱਖੀ ਸ਼ਾਨ ਨੂੰ ਕਰੇਂ ਵੈਰਾਨ ਕਾਵਨ।
ਬੱਤੀ ਫੱਟ ਜੱਸਾ ਸਿੰਘ ਸਾਹਵੇਂ ਖਾਧੇ, ਅੱਖਾਂ ਖੋਲ੍ਹ ਕੇ ਕਰ ਧਿਆਨ ਕਾਵਨ।"
ਹੀਰਾ ਸਿੰਘ, ਸਿੱਖੀ ਸ਼ਾਨ ਦੀ ਗੱਲ ਕਰਦੈ, ਸ੍ਰ. ਜੱਸਾ ਸਿੰਘ ਰਾਮਗੜ੍ਹੀਆ ਦੀ ਗੱਲ ਕਰਦੈ, ਜਿਹੜਾ ਛਾਤੀ 'ਤੇ ਦੁਸ਼ਮਣਾਂ ਦੇ ਬੱਤੀ ਫੱਟ ਖਾ ਕੇ ਵੀ ਪਿੱਠ ਨਹੀਂ ਵਿਖਾਉਂਦਾ।

ਸਮਾਂ ਬਤੀਤ ਹੋ ਜਾਂਦਾ ਹੈ...ਵੰਸ਼, ਕਈ ਲੰਘ ਜਾਂਦੇ ਹਨ, ਸੁਭਾਅ, ਜਿਸਾਂ ਵਿਚ ਜੀਂਵਦੇ ਰਹਿੰਦੇ ਹਨ...ਅਗਲੀ,...ਫਿਰ ਹੋਰ ਅਗਲੀ ਪਨੀਰੀ ਵਿਚ ਯਾਤਰਾ ਕਰਦੇ ਰਹਿੰਦੇ ਹਨ।

ਸੰਨ 1913! ਲੰਡਨ ਤੋਂ ਛਪਣ ਵਾਲੀ ਪ੍ਰਮੁੱਖ ਅਖ਼ਬਾਰ **ਦੀ ਟਾਈਮਸ** ਦੇ ਮੁੱਖ ਪੰਨੇ 'ਤੇ ਫੋਟੋ ਦੇ ਨਾਲ ਖਬਰ ਛਪੀ—"ਸੋਫੀਆ ਦਲੀਪ ਸਿੰਘ, ਹੈਂਮਪਟਨ ਕੋਰਟ ਪੈਲੇਸ ਦੇ ਬਾਹਰ 'ਸੁਫਰਾਗੇਟ' ਵੇਚ ਰਹੀ ਹੈ।"

ਸ੍ਰ. ਚੜ੍ਹਤ ਸਿੰਘ, ਸ੍ਰ. ਮਹਾਂ ਸਿੰਘ, ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਦਲੀਪ ਸਿੰਘ ਦੇ ਲਹੂ ਵਿਚ ਵਗਦੀ ਹੋਈ ਬਹਾਦਰੀ ਦੀ ਕਹਾਣੀ, ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਦਾ ਜਨੂੰਨ, ਸੋਫੀਆ ਦਲੀਪ ਸਿੰਘ 'ਚੋਂ ਪ੍ਰਗਟ ਹੋਇਆ। 1839 ਈ. ਵਿਚ ਸ਼ੇਰੇ ਪੰਜਾਬ ਦੀ ਮੌਤ ਮਗਰੋਂ, 1843 ਈ. ਵਿਚ ਮਹਾਰਾਜਾ ਦਲੀਪ ਸਿੰਘ, ਮਹਾਰਾਣੀ ਜਿੰਦਾਂ ਦੇ ਸੰਰਖਣ ਹੇਠ, ਲਾਹੌਰ ਗੱਦੀ 'ਤੇ ਬੈਠੇ। 1846 ਵਿਚ ਬ੍ਰਿਟਿਸ਼ ਹਕੂਮਤ ਨੇ ਲਾਹ ਦਿੱਤਾ...1848 ਵਿਚ ਇੰਗਲੈਂਡ ਭੇਜ

ਦਿੱਤਾ। ਬੰਬਾ ਮੂਲਰ, ਈਸਾਈ ਮਿਸ਼ਨ ਪ੍ਰਚਾਰਕ, ਲੜਕੀ ਨਾਲ ਵਿਆਹ ਹੋਇਆ। ਲੜਕੀ 'ਸੋਫੀਆ' ਦਾ ਜਨਮ ਹੋਇਆ, ਸੋਫੀਆ ਦਲੀਪ ਸਿੰਘ। ਖ਼ੂਨ ਵਿਚ ਵਗਦੇ ਲਹੂ ਵਿਚ, ਸੰਧਾਵਾਲੀਏ ਪਰਿਵਾਰ ਦੇ ਸੰਘਰਸ਼ਸ਼ੀਲ ਜਿਸ ਵਗ ਰਹੇ ਸਨ। ਇੰਗਲੈਂਡ ਵਿਚ, ਨਾਰੀ ਅਧਿਕਾਰਾਂ ਲਈ ਜੰਗ ਦਾ ਐਲਾਨ ਕੀਤਾ। ਅਖ਼ਬਾਰ ਪ੍ਰਕਾਸ਼ਿਤ ਕੀਤੀ, ਨਾਂ ਰੱਖਿਆ **ਸੁਫਰਾਗੇਟ** ਅਰਥਾਤ ਨਾਰੀ ਅਧਿਕਾਰਾਂ ਦੀ ਲੜਾਈ ਦਾ ਐਲਾਨ।

ਕਈ ਪੂਰਬਲੇ ਵੰਸ਼ਾਂ ਤੋਂ ਸੁਭਾਅ ਨੂੰ ਢੋਅ ਰਹੇ ਇਨ੍ਹਾਂ ਜੀਂਸਾਂ ਵਿਚ, ਸੁਧਾਰ ਕਰਨ ਦੀ ਤਕਨੀਕ, ਸਦਾ ਖੋਜ ਦਾ ਵਿਸ਼ਾ ਰਹੀ ਹੈ। ਤ੍ਰੇਤਾ ਯੁੱਗ ਵਿਚ ਕਿਸ਼ੋਰ ਬਾਲਕ ਸ੍ਰੀ ਰਾਮ ਅਤੇ ਲਛਮਣ ਨੂੰ ਰਾਜਾ ਦਸ਼ਰਥ ਤੋਂ ਆਗਿਆ ਲੈ ਕੇ ਅਗਸਤ ਮੁਨੀ ਨਾਲ ਹੀ ਜੰਗਲ ਲੈ ਗਏ। ਹਵਨ-ਯੱਗ ਜਾਂ ਤਪ ਵਿਚ ਇਹ ਦੈਂਤ ਵਿਘਨ ਪਾਉਂਦੇ ਹਨ। ਯੱਗ ਅਪਵਿੱਤਰ ਕਰ ਦਿੰਦੇ ਹਨ। ਉਨ੍ਹਾਂ ਰਾਖਸ਼ਾਂ ਨੂੰ ਮਾਰ ਕੇ, ਰਿਸ਼ੀਆਂ-ਮੁਨੀਆਂ ਨੂੰ ਭੈਅ ਮੁਕਤ ਕਰੋ। ਜੰਗਲ ਵਿਚ, ਅਗਸਤ ਮੁਨੀ ਨੇ ਰਾਜ਼ ਖੋਲ੍ਹਿਆ। ਤੁਹਾਡੇ ਪੂਰਵਲੇ, ਰਾਜਾ ਇਛਵਾਕੂ ਦੇ ਪੁੱਤਰ ਰਾਜਾ ਦੰਡ ਦਾ ਰਾਜ ਸੀ। ਇਕ ਦਿਨ ਇਸ ਜੰਗਲ ਦੇ ਆਸ਼ਰਮ ਵਿਚ ਨਿਵਾਸ ਕਰਦੇ, ਆਪਣੇ ਹੀ ਗੁਰੂ ਦੀ ਲੜਕੀ 'ਤੇ ਕਾਮ ਮੋਹਿਤ ਹੋ ਗਏ। ਧੱਕੇ ਨਾਲ ਚੁੱਕ ਕੇ ਲੈ ਗਏ, ਸ਼ੀਲ ਹਰਨ ਕਰ ਲਿਆ। ਗੁਰੂ ਦੇ ਸਰਾਪ ਨਾਲ ਸਾਰਾ ਨਗਰ ਉੱਜੜ ਗਿਆ। ਭਿਆਨਕ ਅਗਨੀ ਅਤੇ ਫਿਰ ਹਨੇਰੀ ਬਰਖਾ ਵਿਚ ਸਭ ਕੁਝ ਤਬਾਹ ਹੋ ਗਿਆ। ਉਹ ਤੁਹਾਡੇ ਵਡੇਰਿਆਂ ਦੀ ਸਰਾਪ ਗ੍ਰਸਤ ਆਤਮਾ ਅਜੇ ਤਾਈਂ ਭਟਕ ਰਹੀ ਹੈ। ਇਹ ਦੰਡਕ ਬਣ ਰਾਜਾ 'ਦੰਡ' ਦਾ ਨਗਰ ਹੈ ਸੀ। ਤੁਸੀਂ ਉਨ੍ਹਾਂ ਦੇ ਵੰਸ਼ਜ ਹੋ, ਸ੍ਰੀ ਰਾਮ।

ਸ੍ਰੀ ਰਾਮਚਰਿਤ ਮਾਨਸ ਵਿਚ ਤੁਲਸੀਦਾਸ ਜੀ ਲਿਖਦੇ ਹਨ, ਅਗਸਤ ਮੁਨੀ ਬੇਨਤੀ ਕਰਦੇ ਹਨ—

"ਦੰਡਕ ਵਨ ਪੁਨੀਤ ਪ੍ਰਭੂ ਕਰਹੁ।
ਉਗ੍ਰ ਸ਼ਾਪ ਮੁਨਿਵਰ ਕਰਿ ਹਰਹੁ।"

ਇਸ ਥਾਂ 'ਤੇ ਘੋਰ ਪਾਪ ਹੋਇਆ...ਨਗਰ ਅਪਵਿੱਤਰ ਹੋਇਆ, ਹੁਣ ਇਸ ਨੂੰ ਪੁਨੀਤ ਕਰੋ...ਰਿਸ਼ੀ ਦੇ ਸਰਾਪ ਤੋਂ ਮੁਕਤ ਕਰੋ। ਭਗਵਾਨ ਸ੍ਰੀ ਰਾਮ ਨੇ ਅਗਸਤ ਮੁਨੀ ਦੀ ਅਗਵਾਈ ਵਿਚ, ਵਿਸ਼ੇਸ਼ ਅਨੁਸ਼ਠਾਨ ਕਰ, ਰਾਜਾ ਦੰਡ ਦੀ ਜੀਵਾਤਮਾ ਨੂੰ ਮੁਕਤ ਕੀਤਾ...ਦੰਡਕ ਵਣ ਨੂੰ ਪਵਿੱਤਰ ਕੀਤਾ।

ਜੇਨੀਫਰ ਡਾਡਨਾ, ਅਮਰੀਕਾ ਦੀ 'ਜੇਨੇਟਿਕ ਇੰਜੀਨੀਅਰਿੰਗ' ਵਿਗਿਆਨੀ। ਉਹ ਕਹਿੰਦੀ ਹੈ, ਹਰ ਮਨੁੱਖ ਦੇ ਜਿਸ ਦਾ ਇਕ 'ਕੋਡ' ਹੁੰਦਾ ਹੈ। ਉਹ ਕੋਡ, ਕੁਦਰਤ ਵੱਲੋਂ ਪਿਛਲਿਆਂ ਜਨਮਾਂ, ਵਡੇਰਿਆਂ ਤੋਂ ਹੁੰਦਾ ਹੋਇਆ ਆਇਆ ਹੈ। ਉਨ੍ਹਾਂ ਸੂਖਮ ਜਿਸਾਂ ਤੋਂ ਉਸ ਦਾ ਸੁਭਾਅ ਅਤੇ ਕਰਮ ਦੀ ਪ੍ਰੇਰਣਾ ਮਿਲਦੀ ਹੈ। ਉਸ

ਕੋਡ ਨੂੰ ਤੋੜ ਕੇ, ਆਪਣੀ ਇੱਛਾ ਅਨੁਸਾਰ, ਨਵਾਂ ਕੋਡ ਫਿਟ ਕਰ ਕੇ ਮਨਮਰਜ਼ੀ ਦਾ ਸੁਭਾਅ ਅਤੇ ਫਿਰ ਕਰਮ ਕਰਵਾਏ ਜਾ ਸਕਦੇ ਹਨ। ਤਾਂ ਅਮਰੀਕੀ ਅਖ਼ਬਾਰ ਨੇ ਜੇਨਿਫਰ ਡਾਡਨਾ ਦਾ ਨਵਾਂ ਪ੍ਰੀਚੈ ਦਿੱਤਾ, 'ਦੀ ਜਿੰਨ ਬ੍ਰੇਕਰ'!

ਇਹ ਬਹੁਤ ਵੱਡੀ ਉਪਲਬਧੀ ਮੰਨੀ ਗਈ। ਵਿਗਿਆਨ ਦੀ ਪ੍ਰਯੋਗਸ਼ਾਲਾ ਵਿਚ, ਕੋਡ ਤਬਦੀਲ ਕਰਕੇ, ਅਪਰਾਧੀ ਮਨੁੱਖ ਨੂੰ ਵੀ ਇੱਛਾ ਅਨੁਸਾਰ 'ਸੰਤ' ਬਣਾਇਆ ਜਾ ਸਕਦਾ ਹੈ। ਇਹ ਕੰਮ ਸਾਡੇ ਸਤਿਗੁਰ, ਸਹਿਜੇ ਹੀ ਖਿਣ ਮਾਤਰ ਵਿਚ, ਸਭ ਦੇ ਸਾਹਵੇਂ ਕਰਦੇ ਰਹੇ ਹਨ। ਪਸ਼ੂ ਬਿਰਤੀ ਵਾਲੇ ਨੂੰ ਮਾਨਸ ਅਤੇ ਫਿਰ ਮਾਨਸ ਨੂੰ ਦੇਵਤੇ ਬਣੋਂਦੇ ਰਹੇ ਹਨ। ਸ੍ਰੀ ਗੁਰੂ ਨਾਨਕ ਪਾਤਸ਼ਾਹ, ਆਸਾ ਰਾਗ ਵਿਚ ਗਾਉਂਦੇ ਹਨ—

> ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
> ਜਿਨਿ ਮਾਨਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

ਭਾਈ ਮਰਦਾਨਾ, ਭੁੱਖ ਤੋਂ ਤੰਗ ਹੋਇ ਕੇ, ਗੁਰੂ ਨਾਨਕ ਦਾ ਸਾਥ ਛੱਡ ਟੁਰ ਪਏ। ਅੱਗੇ ਕੌਡੇ ਰਾਖਸ਼ ਦੇ ਹੱਥ ਪੈ ਗਏ। ਤੇਲ ਦਾ ਕੜਾਹਾ ਗਰਮ ਕਰ ਕੇ, ਤਲ ਕੇ ਖਾਣ ਦੇ ਮੰਤਵ ਨਾਲ ਫੜ ਕੇ ਮਰਦਾਨੇ ਨੂੰ ਕੜਾਹੇ ਵਿਚ ਸੁੱਟਿਆ। ਕੜਾਹੇ ਵਿਚ ਉਬਲਦਾ ਹੋਇਆ ਤੇਲ, ਸਰਦ ਰੁੱਤ ਦੇ ਪਾਣੀ ਵਾਂਗ ਹੋ ਗਿਆ। ਵਿਸਮਾਦ ਹੋਇਆ, ਕੌਡਾ ਚਹੁੰ ਪਾਸੇ ਵੇਖਦਾ ਹੈ, ਇਹ ਅਚੰਭਾ ਕਿਵੇਂ ਵਾਪਰਿਆ। ਇਕ ਦਰੱਖ਼ਤ ਹੇਠਾਂ ਗੁਰੂ ਨਾਨਕ ਦਿੱਸੇ।

"ਕੌਣ ਹੈਂ ?" ਕੌਡਾ ਘਬਰਾਇਆ ਹੋਇਆ ਬੋਲਿਆ।

"ਹੁਣ ਖਾਂਵਦਾ ਕਿਉਂ ਨਹੀਂ।" ਸਤਿਗੁਰ ਬੋਲੇ।

ਬੱਸ ਕੌਡੇ ਦਾ ਕੋਡ ਬਦਲ ਗਿਆ...ਨਦਰੀ ਨਦਰ ਨਿਹਾਲ ਹੋਇਆ ਚਰਣਾਂ 'ਤੇ ਡਿੱਗ ਪਿਆ। ਸਤਿਗੁਰਾਂ ਉਪਦੇਸ਼ ਦਿੱਤਾ, ਅਗਲਾ ਜੀਵਨ ਸਦਾਚਾਰੀ ਸੰਤ ਬਣ ਕੇ ਗੁਜ਼ਾਰਿਆ।

ਭਾਈ ਦਰਬਾਰਾ ਸਿੰਘ ਦਾ ਪ੍ਰਸੰਗ, ਗੁਰੂ ਕਿਰਪਾ ਦੇ ਰੂਪ ਵਿਚ ਬਹੁਤ ਪ੍ਰਚਲਿਤ ਹੈ।ਬਸ ਇਕ ਵਾਰ, ਸਤਿਗੁਰੂ ਰਾਮ ਸਿੰਘ ਨੇ ਨਿਗਾਹ ਮਾਰੀ, "ਸੁੱਟ ਦੇ ਦਰਬਾਰਿਆ, ਡੱਬੀ!"

ਬਸ ਉਸੇ ਖਿਣ ਦਰਬਾਰਾ ਸਿੰਘ ਦਰਵੇਸ਼ ਬਣ ਗਿਆ। ਭੇਖ ਬਦਲ, ਭਿਆਨਕ ਖ਼ਤਰੇ ਵਿਚ ਭੀ, ਅਨਜਾਣੀਆਂ ਰਾਹਾਂ ਤੋਂ ਹੁੰਦੇ ਰੰਗੂਨ ਜਾ ਮਾਹੀ ਦਾ ਦੀਦਾਰ ਕੀਤਾ। ਸਤਿਗੁਰਾਂ ਦਾ ਪਹਿਲਾ ਹੁਕਮਨਾਮਾ ਲਿਆਉਣ ਦੀ ਵਡਿਆਈ ਅਤੇ ਵਿਯੋਗੀ ਸੰਗਤ ਦੀ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਤਾਂ ਪੰਜਵੇਂ ਪਾਤਸ਼ਾਹ, ਸੁਖਮਨੀ ਵਿਚ ਕੁਦਰਤ ਦਾ ਇਹ ਰਹੱਸਮਈ ਪ੍ਰਸੰਗ ਖੋਲ੍ਹਦੇ ਹਨ—

ਬੈਰ ਬਿਰੋਧ ਕਾਮ ਕ੍ਰੋਧ ਮੋਹ॥
ਝੂਠ ਬਿਕਾਰ ਮਹਾ ਲੋਭ ਧ੍ਰੋਹ॥
ਇਆਹੂ ਜੁਗਤਿ ਬਿਹਾਨੇ ਕਈ ਜਨਮ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥

ਇਕ ਸਿੱਖ, ਜਦੋਂ ਤਨ, ਮਨ, ਹਿਰਦੇ ਨਾਲ ਸਤਿਗੁਰ ਦੀ ਸ਼ਰਣ ਡਿੱਗਦਾ ਹੈ ਤਾਂ ਉਹ ਜਨਮਾਂ ਜਨਮਾਂ ਦੇ ਦੁੱਖਾਂ ਤੋਂ, ਕਰਮਾਂ ਤੋਂ 'ਟਰਨਿੰਗ ਪੁਆਇੰਟ' ਲੋਚ ਰਿਹਾ ਹੁੰਦਾ ਹੈ—

ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥

ਜ਼ਿੰਦਗੀ ਵਿਚ ਦੁੱਖ ਹੈ...ਸਫ਼ਰ ਆਸਾਨ ਕਰਨ ਲਈ, ਆਪ ਕਈ ਜਤਨ ਕਰਦਾ ਹੈ...ਹੱਥ ਪੈਰ ਮਾਰਦਾ ਹੈ। ਨੌਵੇਂ ਪਾਤਸ਼ਾਹ ਕਹਿੰਦੇ ਹਨ—

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ॥

ਬੰਧਨ ਦੁੱਖਾਂ ਦੇ, ਇਕ ਖੋਲ੍ਹਦਾ ਹੈ ਦੋ ਹੋਰ ਵਿਚ ਪੈ ਜਾਂਦੇ ਹਨ। ਸਫ਼ਰ ਸੁਖੇਵਾਂ ਕਰਨਾ ਹੈ, ਸੜਕ ਬਣਾਉਣ ਲਈ ਪਹਾੜ ਕੱਟੇ ਤਾਂ ਲੈਂਡ ਸਲਾਈਡਿੰਗ ਹੋ ਗਈ...ਜੰਗਲ ਦੇ ਰੁੱਖ ਕੱਟ ਦਿੱਤੇ, ਪਰਿਆਵਰਨ ਸੰਤੁਲਨ ਵਿਗੜ ਗਿਆ, ਗਰਮੀ ਵੱਧ ਗਈ। ਏ.ਸੀ. ਲਾਏ। ਵਿਗਿਆਨੀ ਕਹਿੰਦੇ ਹਨ, ਇਨ੍ਹਾਂ 'ਚੋਂ ਦੁਨੀਆ ਵਿਚ ਲੱਗੇ ਏ.ਸੀ. ਸਾਲ ਦਾ 1950 ਮਿਲੀਅਨ ਟਨ ਕਾਰਬਨ ਡਾਈਆਕਸਾਈਡ ਉਤਸਰਜਨ ਕਰ ਰਹੇ ਹਨ...ਗਲੋਬਲ ਵਾਰਮਿੰਗ ਦਾ ਇਹ ਭੀ ਇਕ ਪ੍ਰਮੁੱਖ ਕਾਰਨ ਹੈ।

ਜ਼ਿੰਦਗੀ ਦਾ ਸਫ਼ਰ ਚਲ ਰਿਹਾ ਹੈ......
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥

# ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ

ਅਸੀਂ ਨਿਰੰਤਰ ਸਵਾਸ ਲੈ ਰਹੇ ਹਾਂ, ਪਰ ਸਵਾਸ ਦੀ ਵਾਯੂ (ਆਕਸੀਜਨ) ਨਿਰੰਤਰ ਨਵੀਂ ਲੈਂਦੇ ਹਾਂ। ਨਦੀ ਵਿਚ ਪਾਣੀ ਰੋਜ਼ ਦੀ ਤਰ੍ਹਾਂ ਵਗ ਰਿਹੈ, ਪਰ ਉਹ ਪਾਣੀ ਹਰ ਖਿਣ ਨਵਾਂ ਆ ਰਿਹਾ ਹੈ; ਇਹ ਪਰਿਵਰਤਨ ਹਰ ਖਿਣ ਘਟ ਰਿਹਾ ਹੈ। ਤਬਦੀਲ ਹੋ ਰਹੇ ਸਮੇਂ ਦੇ ਅਨੁਰੂਪ, ਮਨੁੱਖ ਦਾ ਸੁਭਾਅ ਬਦਲ ਰਿਹੈ ਜਾਂ ਬਦਲ ਰਹੇ ਸੁਭਾਅ ਅਨੁਸਾਰ, ਸਮੇਂ ਦੀ ਤਾਸੀਰ ਬਦਲ ਰਹੀ ਹੈ ? ਇਹ ਪ੍ਰਸ਼ਨ ਸਦੀਆਂ ਪੁਰਾਣਾ ਹੈ। ਸਮੇਂ ਨੂੰ ਚਾਰ ਜੁਗਾਂ ਵਿਚ ਵੰਡਿਆ; ਸਤਿਜੁਗ, ਤ੍ਰੇਤਾ, ਦੁਆਪੁਰ ਅਤੇ ਕਲਿਜੁਗ! ਜੁਗਾਂ ਅਨੁਸਾਰ, ਮਨੁੱਖੀ ਸੁਭਾਅ ਦਾ ਚਿਤਰਣ ਕੀਤਾ ਗਿਆ। ਤਥਾਕਥਿਤ ਸਤਿਜੁਗ ਵਿਚ ਹਰਨਾਖਸ਼ ਦਾ ਹੋਣਾ ਜਾਂ ਇੰਦਰ ਦੇਵਤੇ ਦੁਆਰਾ ਗੌਤਮ ਤਪਾ ਦੀ ਇਸਤ੍ਰੀ, ਅਹਿਲਯਾ ਨਾਲ ਬਦਫੈਲੀ ਜਿਹੇ ਪ੍ਰਸੰਗਾਂ ਨੇ ਸਤਿਜੁਗ ਦੀ ਮਾਣਤਾ 'ਤੇ ਪ੍ਰਸ਼ਨਵਾਚਕ ਚਿੰਨ੍ਹ ਖੜ੍ਹਾ ਕਰ ਦਿੱਤਾ।

ਗੁਰੂ ਨਾਨਕ ਪਾਤਸ਼ਾਹ ਨੇ ਜੁਗਾਂ ਦੀ ਪਰੰਪਰਾਗਤ ਮਾਨਤਾ ਦਾ ਖੰਡਨ ਕਰ ਕੇ, ਸਮੇਂ ਦੀ ਮੌਲਿਕ ਪਰਿਭਾਸ਼ਾ ਕੀਤੀ। ਸਮੇਂ ਅਨੁਸਾਰ ਮਨੁੱਖ ਦਾ ਸੁਭਾਅ ਨਹੀਂ ਸਿਰਜਿਆ ਜਾ ਸਕਦਾ ਹੈ। ਸੁਭਾਅ ਅਨੁਸਾਰ ਸਮੇਂ ਦਾ ਪ੍ਰੀਚੈ ਹੋਣਾ ਚਾਹੀਦਾ ਹੈ।

ਸਤਜੁਗਿ ਰਥੁ ਸੰਤੋਖੁ ਕਾ ਧਰਮੁ ਅਗੈ ਰਥਵਾਹੁ॥

ਮਨੁੱਖ ਦਾ ਸਰੀਰ ਇਕ ਰਥ ਹੈ। ਮਨ ਲਗਾਮ ਦੀ ਰੱਸੀ ਹੈ, ਜਿਸ ਦੇ ਇਸ਼ਾਰੇ 'ਤੇ ਰੱਥ ਦੇ ਘੋੜੇ (ਇੰਦ੍ਰੀਆਂ) ਦੌੜਦੇ ਹਨ। ਬੁੱਧੀ ਰਥ ਦਾ ਚਾਲਕ ਹੈ, ਜਿਹੜਾ ਸਮਝ ਅਨੁਸਾਰ ਲਗਾਮ ਖਿੱਚ ਕੇ ਘੋੜਿਆਂ ਰੂਪੀ ਇੰਦ੍ਰੀਆਂ ਨੂੰ ਕਾਬੂ ਵਿਚ ਰੱਖਦਾ ਹੈ।

ਜੇ ਰਥ ਸੰਤੋਖ ਦਾ ਹੈ ਅਤੇ ਧਰਮ ਇਸ ਨੂੰ ਚਲਾਉਣ ਵਾਲਾ ਹੈ ਤਾਂ ਨਿਸ਼ਚਿਤ ਉਹ ਮਨੁੱਖ ਜਾਂ ਉਸ ਦਾ ਪਰਿਵਾਰ ਇਸੇ ਅਨੁਰੂਪ ਆਚਰਣ ਕਰ ਰਿਹੈ ਤਾਂ ਉਥੇ 'ਸਤਿਜੁਗ' ਲੱਗਾ ਹੋਇਆ ਹੈ। ਸ਼ਾਂਤੀ, ਸਤਿ, ਸੇਵਾ, ਸਿਮਰਨ, ਸੰਤੋਖ, ਸਤਿਜੁਗ ਦੇ ਬਿੰਬ ਹਨ। ਇਸੇ ਅਨੁਸਾਰ, ਜੇ ਜਤ ਹੈ, ਬ੍ਰਹਮਚਿਰਅ ਹੈ, ਪਰਾਈ ਧੀਅ-ਭੈਣ, ਪਰਾਇਆ ਧਨ ਤਿਆਗ ਦਿੱਤਾ ਤਾਂ ਉਹ ਮਨੁੱਖ ਤ੍ਰੇਤਾ ਯੁੱਗ ਵਿਚ ਨਿਵਾਸ ਕਰ ਰਿਹਾ ਹੈ। ਤਪ ਹੈ, ਸਤਿ ਹੈ ਤਾਂ ਦੁਆਪਰ ਹੈ। ਝੂਠ ਹੈ, ਕ੍ਰੋਧ ਹੈ, ਲੋਭ ਹੈ ਤਾਂ ਉਥੇ

ਕਲਜੁਗਿ ਵਰਤ ਰਿਹਾ ਦਿਸਦਾ ਹੈ। ਸੁਭਾਅ ਅਨੁਸਾਰ ਸਮਾਂ ਚਿਤਰਤ ਹੁੰਦਾ ਹੈ।

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, "ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰ॥"

ਜਿਸ ਘਰ ਵਿਚ, ਮਨੁੱਖ ਵਿਚ, ਕਲਜੁਗਿ ਪ੍ਰਵੇਸ਼ ਕਰ ਗਿਆ, ਉਥੇ ਜਿੰਨਾਂ ਦਾ ਵੰਸ਼ ਸਥਾਪਿਤ ਹੋ ਜਾਂਦਾ ਹੈ। ਭਟਕਦੀਆਂ ਹੋਈਆਂ ਜੀਵਾਤਮਾਵਾਂ ਦੇ ਵਰਗ ਹੁੰਦੇ ਹਨ; ਭੂਤ, ਪ੍ਰੇਤ, ਚੁੜੈਲ ਅਤੇ ਜਿੰਨ। ਇਨ੍ਹਾਂ 'ਚੋਂ ਜਿੰਨ ਸਭ ਤੋਂ ਵੱਧ ਭਿਆਨਕ ਮੰਨੇ ਜਾਂਦੇ ਹਨ। ਪਾਤਸ਼ਾਹ ਕਹਿੰਦੇ ਹਨ—

ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥

ਸੁਭਾਅ ਦਾ ਸਭ ਤੋਂ ਵੱਧ ਪ੍ਰੇਰਕ ਤੱਤ ਹੈ, ਸੰਗਤ! ਸੰਗਤ ਸਤਿ ਦੀ ਹੈ, ਸਤਿ ਸੰਗਤ ਹੈ ਤਾਂ ਸੇਵਾ, ਸੰਤੋਖ ਅਤੇ ਸਿਮਰਨ ਚਲੇਗਾ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ—

ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥

ਜਿਥੇ ਸਾਕਤ ਦੀ ਸੰਗਤ ਹੁੰਦੀ ਹੈ, ਉਥੇ ਝਗੜਾ, ਕਲੇਸ਼...ਕਲਜੁਗਿ ਦੇ ਦੂਤਾਂ ਦਾ ਪ੍ਰਭਾਅ ਰਹਿੰਦਾ ਹੈ। ਭਗਤ ਕਬੀਰ ਜੀ ਸੁਚੇਤ ਕਰਦੇ ਹਨ, ਸਾਕਤ ਸੰਗ ਤੋਂ—

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥
ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਕਲਜੁਗਿ ਦੇ ਦੂਤਾਂ ਦਾ, ਸਾਕਤਾਂ ਦਾ ਵੰਸ਼ ਸਥਾਪਿਤ ਹੋ ਜਾਂਦਾ ਹੈ। ਪੁੱਤਰ ਜਿਨੂਰਾ, ਧੀਅ ਜਿਨੂੰਰੀ...ਪੁੱਤਰ ਨਿੱਕਾ ਨਰ ਜਿੰਨ, ਧੀਅ ਨਿੱਕੀ ਮਾਦਾ ਜਿੰਨ ਜੰਮਦੀ ਹੈ ਅਤੇ ਜੋਰੂ? ਘਰ ਵਾਲੀ, ਇਨ੍ਹਾਂ ਬੱਚਿਆਂ ਜਿੰਨਾਂ ਦੀ 'ਮਾਂ' ਲਈ ਪਾਤਸ਼ਾਹ ਕਹਿੰਦੇ ਹਨ, 'ਜੋਰੂ ਜਿੰਨਾਂ ਦਾ ਸਿਕਦਾਰ'। ਘਰ ਵਾਲੀ ਜਿੰਨਾਂ ਦਾ ਸਰਦਾਰ...ਪ੍ਰਧਾਨ ਹੁੰਦੀ ਹੈ।

ਹਰ ਮਨੁੱਖ ਅੰਦਰ ਸਤਿ ਅਤੇ ਅਸਤਿ ਦੋ ਖੰਡ ਹੁੰਦੇ ਹਨ...ਦੋ ਘਰ! ਸਤਿਗੁਰ ਬਚਨ ਕਰਦੇ ਹਨ, ਤੇਰਾ ਸਦੀਵੀ ਘਰ, ਜਿਥੇ ਅਖੰਡ ਜੋਤ ਜਲ ਰਹੀ ਹੈ...ਨਿਰੰਤਰ ਨਾਮ ਦੀ ਅੰਮ੍ਰਿਤ ਵਰਖਾ ਹੋ ਰਹੀ ਹੈ, ਜਿਥੇ ਦੁੱਖ ਨਹੀਂ, ਕਲੇਸ਼ ਨਹੀਂ, ਈਰਖਾ ਨਹੀਂ, ਦਵੈਸ਼ ਨਹੀਂ, ਬਸ, ਸਦਾ ਆਨੰਦ ਹੀ ਆਨੰਦ ਹੈ। ਉਥੇ ਕਰਮ ਦਾ ਸੰਚਾਲਨ, ਰੂਹ ਤੋਂ ਹੁੰਦਾ ਹੈ। ਮਨ, ਬੁੱਧੀ, ਇੰਦ੍ਰੀਆਂ ਦੀ ਇਥੇ ਕੋਈ ਭੂਮਿਕਾ ਨਹੀਂ ਰਹਿ ਜਾਂਦੀ। ਇਸ ਤਲ 'ਤੇ ਸਾਧ ਵਸਦੇ ਹਨ, ਸੰਤ ਵਸਦੇ ਹਨ...ਇਹ 'ਸਤਿਜੁਗ' ਦਾ ਕਾਲ ਖੰਡ ਹੁੰਦਾ ਹੈ।

ਤਾਂ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਸੁਭਾਅ ਵਿਚ ਕਲਜੁਗਿ ਹੈ ਤਾਂ ਧੀ, ਪੁੱਤਰ, ਘਰ ਵਾਲੀ, ਸਾਰੇ ਜਿੰਨ ਵਾਂਗ ਖਲਬਲੀ ਪਾਉਂਦੇ ਰਹਿਣਗੇ।

ਮੇਰੇ ਪਿਆਰਿਓ ਸਿੱਖੋ! ਤੁਸੀਂ ਸਤਿਜੁਗ ਵਿਚ ਸਦਾ ਨਿਵਾਸ ਕਰੋ।

ਮਨੁੱਖ ਦੀ ਇੱਛਾ ਅਨੁਸਾਰ, ਭੋਗ ਸਮੱਗ੍ਰੀ ਦਾ ਨਿਰਮਾਣ ਹੋ ਰਿਹਾ ਹੈ। ਵਿਲਾਸਤਾ ਪੂਰਨ ਜੀਵਨ ਹੀ ਸੁੱਖ ਦਾ ਬਿੰਬ ਬਣ ਗਿਆ ਹੈ। ਇਹ ਗੰਭੀਰ ਬਿਮਾਰੀ ਦਾ ਲੱਛਣ ਹੈ। ਗੁਰੂ ਨਾਨਕ ਪਾਤਸ਼ਾਹ ਸਿੰਘਲਦੀਪ, ਸ੍ਰੀ ਲੰਕਾ ਗਏ। ਰਾਜੇ ਨੇ ਸੁੰਦਰ ਯੁਵਤੀਆਂ, ਸੇਵਾ ਲਈ ਭੇਜ ਦਿੱਤੀਆਂ। ਗੁਰੂ ਨਾਨਕ ਪਾਤਸ਼ਾਹ, ਉਨ੍ਹਾਂ ਯੁਵਤੀਆਂ ਨੂੰ ਬਾਣੀ ਰਾਹੀਂ ਉਪਦੇਸ਼ ਦਿੰਦੇ ਹਨ—

ਕਾਮਨਿ ਚਾਹੈ ਸੁੰਦਰਿ ਭੋਗੁ॥
ਪਾਨ ਫੂਲ ਮੀਠੇ ਰਸ ਰੋਗ॥
ਖੀਲੈ ਬਿਗਸੈ ਤੇਤੋ ਸੋਗ॥

ਕਾਮਨਿ, ਕਾਮ ਨੂੰ ਜਨਮ ਦੇਣ ਵਾਲੀ ਅਰਥਾਤ, ਮਨ! ਮਨ ਸੁੰਦਰ ਭੋਗ ਚਾਹੁੰਦਾ ਹੈ, ਪਾਨ, ਸੁਗੰਧੀ, ਮਠਿਆਈ ਅਤੇ ਇਨ੍ਹਾਂ ਭੋਗਾਂ ਤੋਂ ਰੋਗ ਅਤੇ ਫਿਰ ਸੋਗ। ਤਾਂ ਭੋਗ, ਰੋਗ ਅਤੇ ਸੋਗ, ਇਹ ਇਕੱਠੇ ਹੀ ਆਉਂਦੇ ਹਨ।

ਦੁਬਈ ਦਾ ਸੰਸਥਾਪਕ, 'ਸ਼ੇਖ ਰਾਸ਼ਿਦ ਬਿਨ ਅਲ ਮਖ਼ਤੂਮ' ਕਹਿੰਦਾ ਹੈ, ਸਾਡੇ ਵਡੇਰੇ ਊਠ ਦੀ ਸਵਾਰੀ ਕਰਦੇ ਸਨ। ਹਰ ਪਾਸੇ ਤਪਦੀ ਹੋਈ ਰੇਤ ਦੇ ਟੀਲੇ ਹੈ ਸਨ ਅਤੇ ਸਵਾਰੀ ਲਈ ਊਠ! ਪਰ ਅੱਜ ਸਾਡੇ ਬੱਚਿਆਂ ਕੋਲ ਦੁਨੀਆਂ ਦੀਆਂ ਸਭ ਤੋਂ ਮਹਿੰਗੀਆਂ ਕਾਰਾਂ, ਜਹਾਜ਼ ਹਨ। ਪਰ ਮੈਂ ਭਵਿੱਖ ਵੇਖ ਰਿਹਾ ਹਾਂ। ਭੋਗ ਵਾਦ ਤੋਂ ਆਉਂਦੀ ਵਿਲਾਸਤਾ, ਆਲਸ ਅਤੇ ਅਹੰਕਾਰ ਭਵਿੱਖ ਵਿਚ, ਕ੍ਰੋਧ ਦੀ ਅੱਗ, ਇਨ੍ਹਾਂ ਦਾ ਸਾਰਾ ਸਾਮਰਾਜ ਜਲਾ ਕੇ ਰਾਖ ਕਰ ਦੇਵੇਗੀ। ਉਸ ਤੋਂ ਅਗਲੀ ਪੀੜ੍ਹੀ ਦੇ ਲੋਕਾਂ ਕੋਲ, ਫਿਰ ਸਵਾਰੀ ਲਈ ਮਾਤਰ ਊਠ ਹੀ ਹੋਣਗੇ।

ਮਹਾਂਰਿਸ਼ੀ ਅਰਬਿੰਦ 'ਦ ਹੁਮੈਨ ਸਾਈਕਲ' ਵਿਚ ਲਿਖਦੇ ਹਨ, ਇਹ ਕਾਲ ਅਤੇ ਸੁਭਾਅ ਦਾ ਚੱਕਰ ਹੈ। ਰਾਤ ਮਗਰੋਂ ਦਿਨ...ਔਰ ਫਿਰ ਰਾਤ ਦਾ ਹਨੇਰਾ! ਇਹ ਕੁਦਰਤ ਦਾ ਨਿਯਮ ਹੈ! ਤਪੋਂ ਰਾਜ ਅਤੇ ਰਾਜੋਂ ਨਰਕ!

ਸਾਂਖ ਯੋਗ ਦੀ ਵਿਆਖਿਆ ਕਰਦਿਆਂ ਮਹਾਂਰਿਸ਼ੀ ਕਪਿਲ ਲਿਖਦੇ ਹਨ, ਕਦੇ ਸਿਰਜਣ ਨਹੀਂ ਹੁੰਦਾ, ਵਿਕਾਸ ਹੁੰਦਾ ਹੈ। ਬੱਚਾ, ਮਾਤ ਗਰਭ ਤੋਂ ਜਨਮ ਲੈਂਦਾ ਹੈ, ਰੁੱਖ ਨੂੰ ਫਲ ਲੱਗੇ...ਇਹ ਸ੍ਰਿਜਨ ਨਹੀਂ ਹੈ, ਵਿਕਾਸ ਹੋਇਆ। ਇਕ ਲੜਕੀ ਵਿਚ ਮਾਂ ਬਣਨ ਦੀ ਸੰਭਾਵਨਾ ਹੈ, ਮਾਂ ਵਿਚ ਬਾਲ ਨੂੰ ਜਨਮ ਦੇਣ ਦੀ ਸੰਭਾਵਨਾ ਹੈ। ਇਕ ਪਨੀਰੀ ਦਾ ਰੁੱਖ ਬਣ ਜਾਣਾ ਅਤੇ ਰੁੱਖ ਤੇ ਫਲ ਦਾ ਲੱਗਣਾ, ਉਨ੍ਹਾਂ ਅੰਦਰ ਨਿਰੰਤਰ ਚਲ ਰਹੇ ਵਿਕਾਸ ਦਾ ਇਕ ਪ੍ਰਗਟਾਵਾ ਹੈ। ਔਰ ਇਹ ਵਿਕਾਸ ਅਤੇ ਵਿਨਾਸ਼, ਦੋਵੇਂ ਨਿਰੰਤਰ ਵਿਕਸਿਤ ਹੋ ਰਹੇ ਹਨ। ਰੋਗ ਦੇ ਕੀਟਾਣੂਆਂ ਨੂੰ ਮਾਰਨ ਲਈ ਜਿਤਨੀ ਦਵਾਈਆਂ, ਕੀਟਨਾਸ਼ਕ ਦਾ ਵਿਕਾਸ ਹੋ ਰਿਹੈ, ਰੋਗ ਦੇ ਕੀਟਾਣੂਆਂ ਅੰਦਰ ਵੀ ਇਨ੍ਹਾਂ ਕੀਟਨਾਸ਼ਕਾਂ ਨੂੰ ਸਹਿਣ ਦੀ ਸ਼ਕਤੀ ਦਾ ਭੀ ਵਿਕਾਸ ਹੋ ਰਿਹੈ। ਤਾਂ ਹੀ ਕੁਝ

ਸਮੇਂ ਮਗਰੋਂ ਦਵਾਈਆਂ ਬੇਅਸਰ ਹੋ ਜਾਂਦੀਆਂ ਹਨ। ਇਹ ਸਿਲਸਿਲਾ, ਸਿਰਜਨ ਦੇ ਆਦਿ ਕਾਲ ਤੋਂ ਹੀ ਚਲ ਰਿਹਾ ਹੈ : ਵਿਕਾਸ ਅਤੇ ਵਿਨਾਸ਼ ਦਾ!

ਗੁਰੂ ਨਾਨਕ ਪਾਤਸ਼ਾਹ ਤਬਦੀਲ ਹੋ ਰਹੇ ਮਨੁੱਖ ਦਾ ਸੁਭਾਅ ਅਤੇ ਉਸ ਸੁਭਾਅ ਦੇ ਅਨੁਰੂਪ ਸਮੇਂ ਦੀ ਪਛਾਣ, ਜੁਗ ਦਾ ਨਾਮਕਰਨ ਹੁੰਦਾ ਹੈ। ਦਿਨ-ਬ-ਦਿਨ, ਅੱਗੋਂ ਸੁਭਾਅ ਅਤੇ ਸਮਾਂ ਦੋਵੇਂ ਹੋਰ ਬੱਦਤਰ ਹੁੰਦੇ ਜਾਣਗੇ...ਉਦੋਂ ਤਕ ਇਹ ਸਿਲਸਿਲਾ ਚਲਦਾ ਰਹੇਗਾ, ਜਦੋਂ ਤਕ 'ਸਰਵਨਾਸ਼' ਨਹੀਂ ਹੋ ਜਾਂਦਾ। ਧਰਮ ਅਵਤਾਰਾਂ, ਧਰਮ ਅਦਾਰਿਆਂ ਦਾ ਇਹ 'ਧਰਮ' ਹੈ ਕਿ ਉਹ ਆਉਣ ਵਾਲੇ ਖ਼ਤਰੇ ਤੋਂ ਸੁਚੇਤ ਕਰਨ। ਮਨੁੱਖੀ ਸਮਾਜ ਵਿਚ ਦਿਖ ਰਹੇ ਲੱਛਣਾਂ ਨੂੰ ਵੇਖ ਕੇ, ਕੁਸ਼ਲ ਵੈਦ ਵਾਂਗ ਰੋਗ ਦੀ ਚੇਤਾਵਨੀ ਦੇਣ।

ਗੁਰੂ ਨਾਨਕ ਪਾਤਸ਼ਾਹ, ਸਾਰੰਗ ਰਾਗ ਵਿਚ ਗਾਉਂਦਿਆਂ ਹੋਇਆਂ, ਰੋਗ ਦਾ ਦੂਜਾ ਲੱਛਣ ਦੱਸਦੇ ਹਨ—

ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥

ਔਰਤਾਂ ਬਹੁਤ ਚਤੁਰ ਹੋ ਗਈਆਂ, ਮਰਦ ਸ਼ਿਕਾਰੀ ਹੋ ਗਏ। ਸੀਲ, ਸੰਜਮ, ਸੁੱਚ, ਨਿਰੰਤਰ ਖੰਡਤ ਹੋ ਰਹੇ ਹਨ...ਮਰਿਆਦਾਵਾਂ ਰੋਜ਼ ਟੁੱਟ ਰਹੀਆਂ ਹਨ। ਮਨੁੱਖ ਜਗਤ ਦੇ ਸਾਹਵੇਂ, ਭਿਆਨਕ ਬਿਮਾਰੀ ਆਉਣ ਵਾਲੀ ਹੈ।

ਖਾਣ-ਪੀਣ ਦੀ ਭੰਗ ਹੋਈ ਮਰਿਆਦਾ ਦਾ ਪ੍ਰਭਾਵ ਵੇਖੋ! ਤ੍ਰੇਤਾ ਯੁੱਗ ਵਿਚ, ਸ੍ਰੀ ਰਾਮ ਅਤੇ ਰਾਵਣ ਯੁੱਧ ਚੱਲ ਰਿਹਾ ਸੀ। ਲਛਮਣ ਨੇ ਮੇਘਨਾਥ ਨੂੰ ਮਾਰਿਆ। ਮੇਘਨਾਥ ਦੀ ਘਰ ਵਾਲੀ, ਸੁਲੋਚਨਾ ਪੂਰਨ ਪਤੀਵਰਤਾ ਨਾਰੀ ਸੀ। ਉਸ ਨੇ ਮੇਘਨਾਥ ਨੂੰ ਵਰ੍ਹ ਦਿੱਤਾ ਸੀ, ਮੇਰੇ ਸੁਆਮੀ, ਮੈਂ ਤੁਹਾਨੂੰ 'ਅਮਰ' ਹੋਣ ਦਾ ਵਰਦਾਨ ਤਾਂ ਨਹੀਂ ਦੇ ਸਕਦੀ। ਪਰ ਜਿਹੜਾ ਵੀ ਤੁਹਾਨੂੰ ਮਾਰੇਗਾ, ਤੁਹਾਡਾ ਸਿਰ ਧਰਤੀ 'ਤੇ ਡਿੱਗਦਿਆਂ ਸਾਰ, ਮਾਰਨ ਵਾਲੇ ਦਾ ਵੰਸ਼ ਨਾਸ਼ ਹੋ ਜਾਏਗਾ। ਭਗਵਾਨ ਰਾਮ, ਇਹ ਰਹੱਸ ਜਾਣਦੇ ਸਨ। ਉਨ੍ਹਾਂ ਲਛਮਣ ਨੂੰ ਕਿਹਾ, ਮੇਘਨਾਥ ਦਾ ਸੀਸ, ਯੁੱਧ ਖੇਤਰ ਵਿਚ ਨਹੀਂ ਗਿਰਨਾ ਚਾਹੀਦਾ। ਤੇਰਾ ਤੀਰ, ਉਸ ਦਾ ਸਿਰ ਲਾਹ ਕੇ ਤੇਰੇ ਕੋਲ ਲੈ ਆਵੇ। ਤੂੰ ਝੋਲੀ ਵਿਚ ਸਾਂਭ ਲਵੀਂ। ਇਸੇ ਤਰ੍ਹਾਂ ਹੋਇਆ। ਮੇਘਨਾਥ ਦੀ ਇਕ ਬਾਂਹ, ਉੱਡ ਕੇ ਸੁਲੋਚਨਾ ਦੇ ਸਾਹਵੇਂ ਡਿੱਗੀ। ਮੇਘਨਾਥ ਦੀ ਮੌਤ ਨਾਲ ਰਾਵਣ ਸੈਨਾ ਵਿਚ ਹਾਹਾਕਾਰ ਮੱਚ ਗਿਆ। ਸੁਲੋਚਨਾ ਵਿਲਾਪ ਕਰਦੀ ਹੋਈ, ਸਹੁਰੇ ਰਾਵਣ ਕੋਲ ਗਈ। ਰਾਵਣ ਨੂੰ ਪਤੀ ਦਾ ਸਸਕਾਰ ਕਰਨ ਲਈ, ਸੀਸ ਲਿਆਉਣ ਲਈ ਕਿਹਾ। ਰਾਵਣ ਨੇ ਸੁਲੋਚਨਾ ਨੂੰ ਹੀ ਜਾ ਕੇ ਯੁੱਧ ਭੂਮੀ ਤੋਂ ਸੀਸ ਲਿਆਉਣ ਲਈ ਕਿਹਾ। ਸੂਰਜ ਅਸਤ ਹੋ ਗਿਆ ਸੀ। ਯੁੱਧ ਵਿਰਾਮ ਹੋ ਚੁੱਕਿਆ ਸੀ। ਦੋਹਾਂ ਫ਼ੌਜਾਂ ਨੂੰ ਲੰਘ

ਸੁਲੋਚਨਾ, ਲਛਮਣ ਕੋਲ ਪਹੁੰਚੀ ਅਤੇ ਕਿਹਾ, ਲੱਛਮਣ! ਤੂੰ ਸ਼ੇਸ਼ਨਾਗ ਦਾ ਅਵਤਾਰ ਹੈਂ, ਅਤੇ ਮੈਂ ਤੇਰੇ ਭਾਈ ਵਾਸੁਕੀ ਨਾਗ ਦੀ ਧੀ ਹਾਂ। ਮੈਂ ਪਤੀਵਰਤ ਦਾ ਪਾਲਨ ਕੀਤਾ ਹੈ, ਮੇਰੇ ਪਤੀ ਨੇ ਭੀ ਪਤਨੀ ਵਰਤ ਦਾ ਪਾਲਨ ਕੀਤਾ ਹੈ। ਸਾਡੇ ਦੋਹਾਂ ਵਿਚ ਅਜੇਯ ਸ਼ਕਤੀ ਮੌਜੂਦ ਹੈ ਸੀ, ਪਰ ਮੇਰੇ ਸਹੁਰੇ ਪਿਤਾ ਤੋਂ, ਪਰਾਈ ਨਾਰੀ ਹਰਨ ਦੀ ਭੁੱਲ ਹੋ ਗਈ। ਉਸ ਦਾ ਘਰ ਮਹਿਲ, ਉਸ ਦਾ ਭੋਜਨ, ਦੂਸ਼ਿਤ ਹੋ ਗਿਆ। ਅਸੀਂ, ਉਹ ਭੋਜਨ ਛਕਦੇ ਰਹੇ, ਸਾਡੀ ਸ਼ਕਤੀ ਦਾ ਨਾਸ਼ ਹੋ ਗਿਆ। ਤੂੰ ਹੰਕਾਰ ਨਾ ਕਦੇ ਕਰੀਂ ਕਿ ਤੂੰ ਮੇਘਨਾਥ ਨੂੰ ਮਾਰਿਆ ਹੈ। ਮਲੀਨ ਭੋਜਨ ਖਾਣ ਕਰ ਕੇ ਅਸੀਂ ਮਾਰੇ ਗਏ ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ—

ਸੀਲ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥

ਕਹਿੰਦੇ ਹਨ, ਕਲਜੁਗਿ ਵਿਚ ਬਹੁਤ ਸ਼ੋਰ ਹੈ। ਨਰਕ-ਕਲਜੁਗਿ ਦਾ ਬਿੰਬ ਹੈ; ਨਰਕ ਵਿਚ ਰਹਿੰਦੇ ਹਨ, ਸਾਰੇ ਹਾਇ ਹਾਇ ਕਰ ਰਹੇ ਹਨ...ਬਹੁਤ ਰੌਲ਼ਾ ਹੈ। ਸਤਿਜੁਗ ਸ਼ਾਂਤ ਹੈ। ਸੰਤ ਦੀ ਕੁਟੀਆ ਵਿਚ ਪਰਮ ਮੌਨ ਪਸਰਿਆ ਹੈ। ਉਸ ਮੌਨ ’ਚੋਂ ਆਤਮ ਕਲਿਆਣ ਜੋਗ ਸੰਦੇਸ਼, ਨਿਰੰਤਰ ਪ੍ਰਸਾਰਿਤ ਹੋ ਰਿਹਾ ਹੈ। ਲਫ਼ਜ਼ ਨਹੀਂ ਹਨ, ਧੁਨੀ ਨਹੀਂ ਹੈ, ਪਰ ਫ਼ਿਜ਼ਾ ਵਿਚ ਪਰਮ ਆਨੰਦ ਦਾ ਸੁਖੇਵਾਂ ਅਹਿਸਾਸ ਹੈ।

ਨਵੰਬਰ 2023 ਨੂੰ ‘ਚੰਡੀਗੜ੍ਹ ਲਿਟ ਫੇਸਟ’ ਵਿਚ, ‘ਗੀਤਾਂਜਲੀ ਸ੍ਰੀ’ ਦੀ ਪੁਸਤਕ **ਰੇਤ ਦੀ ਸਮਾਧੀ** ’ਤੇ ਸਾਹਿਤਕ ਚਰਚਾ ਹੋਈ। ਲੇਖਿਕਾ ਕਹਿੰਦੀ ਹੈ, ਇਕ ਥਾਂ ’ਤੇ, ਜਦੋਂ ਮੌਨ ਪਸਰਿਆ ਹੋਵੇ ਤਾਂ ਜਿਵੇਂ ਕਮਰੇ ਦੀਆਂ ਦੀਵਾਰਾਂ, ਖਿੜਕੀਆਂ, ਦਰਵਾਜ਼ੇ ਵੀ ਸੰਵਾਦ ਕਰਨ ਲੱਗਦੇ ਹਨ। ਭਾਵੇਂ ਇਹ ਸੰਵਾਦ ਮੌਨ ਹੁੰਦਾ ਹੈ, ਪਰ ਬਹੁਤ ਰਮਜ਼ ਵਾਲਾ ਹੁੰਦਾ ਹੈ।

ਧਰਮ ਜਾਂ ਅਧਰਮ, ਸੁਭਾਅ ਦਾ, ਕਰਮਾਂ ਰਾਹੀਂ ਪ੍ਰਗਟਾਵਾ ਹੈ। ਸੁਭਾਅ ਵਿਚ ਅਧਰਮ ਹੈ ਤਾਂ ਕਰਮ ਵਿਚ ਲੋਕ ਪੀੜਾ ਪ੍ਰਗਟ ਹੋਵੇਗੀ, ਬਾਬਰ, ਔਰੰਗਜ਼ੇਬ ਜਾਂ ਹੋਰ ਅੱਤਿਆਚਾਰੀਆਂ ਵਾਂਗ।

ਸੁਭਾਅ ਵਿਚ ਸਤਿ ਹੈ, ਧਰਮ ਹੈ ਤਾਂ ਕਰਮ ਵਿਚ ਲੋਕ ਕਲਿਆਣ ਪ੍ਰਗਟ ਹੋਵੇਗਾ।

ਰਾਮ ਰਾਵਣ ਯੁੱਧ ਵਿਚ, ਲਛਮਣ ਨੂੰ ਮੇਘਨਾਥ ਨੇ ਸ਼ਕਤੀ ਬਾਣ ਮਾਰਿਆ। ਬੇਹੋਸ਼ ਹੋ ਕੇ ਡਿੱਗਾ। ਰਾਮ ਸੈਨਾ ਵਿਚ ਹਾਹਾਕਾਰ ਮੱਚ ਗਿਆ। ਸਾਰੇ ਯੋਧੇ ਇਕੱਠੇ ਹੋਏ। ਜਾਂਬਵੰਤ ਸਭ ਤੋਂ ਵੱਡੇ ਅਤੇ ਯੁੱਧ ਕਲਾ ਦੇ ਮਾਹਰ ਹੈ ਸਨ। ਜਾਂਬਵੰਤ ਕਹਿੰਦੇ ਹਨ, ਤਤਕਾਲ ਉਪਚਾਰ ਨਾ ਹੋਇਆ ਤਾਂ ਮੌਤ ਹੋ ਸਕਦੀ ਹੈ। ਇਥੇ, ਰਾਵਣ ਦੀ ਧਰਤੀ ’ਤੇ ਕਿਹੜਾ ਵੈਦ, ਉਪਚਾਰ ਲਈ ਆਉਣ ਦੀ ਹਿੰਮਤ ਕਰੇਗਾ। ਦੁਸ਼ਮਣ ਦਾ ਇਲਾਜ ਅਰਥਾਤ ਰਾਜ ਦ੍ਰੋਹ! ਕੌਣ ਰਾਵਣ ਨਾਲ ਵੈਰ ਲਵੇਗਾ। ਜਾਂਬਵੰਤ ਜੀ ਕਿਹਾ, ਮੈਂ ਸੁਸ਼ੈਣ ਵੈਦ ਨੂੰ ਜਾਣਦਾ ਹਾਂ, ਲੋਕ ਕਲਿਆਣ ਲਈ ਉਹ, ਲੰਕਾਪਤੀ ਦੀ ਵੀ

ਪਰਵਾਹ ਨਹੀਂ ਕਰੇਗਾ। ਇਵੇਂ ਹੀ ਹੋਇਆ। ਰਾਤ ਇਕ ਪਹਿਰ ਬੀਤ ਚੁੱਕੀ ਸੀ। ਜਦੋਂ ਸੁਸ਼ੈਣ ਵੈਦ ਨੂੰ ਜਗਾ ਕੇ ਦੱਸਿਆ ਗਿਆ, ਉਸ ਵੇਲੇ, ਦਵਾ-ਬੂਟੀਆਂ ਦਾ ਪਿਟਾਰਾ ਚੁੱਕ ਕੇ ਤੁਰ ਪਿਆ। ਵੇਖਿਆ ਤੇ ਕਿਹਾ, ਜੇ ਸੂਰਜ ਉਦੈ ਤੋਂ ਪਹਿਲਾਂ, ਸੰਜੀਵਨੀ ਬੂਟੀ ਦੀ ਅਉਖਦ ਬਣਾ ਕੇ ਦਿੱਤੀ ਜਾਏ ਤਾਂ ਬਚ ਸਕਦਾ ਹੈ...ਵਰਨਾ, ਸੂਰਜ ਚੜ੍ਹਦਿਆਂ ਇਸ ਦੀ ਮੌਤ ਹੋ ਜਾਏਗੀ। ਹਨੂੰਮਾਨ ਰਾਤੋ ਰਾਤ ਉਡਾਰੀ ਮਾਰ 'ਦ੍ਰੋਣਗਿਰੀ ਪਰਬਤ' ਹੀ ਚੁੱਕ ਲਿਆਏ। ਵੈਦ ਨੇ ਅਉਖਧ ਬਣਾ ਕੇ ਲੱਛਮਣ ਨੂੰ ਪਿਲਾਈ, ਉਹ ਹੋਸ਼ ਵਿਚ ਆ ਗਏ। ਇਕ ਜੀਵਨ ਬਚ ਗਿਆ।

ਕਹਿੰਦੇ ਹਨ, ਸੰਗੀਤਕਾਰ, ਚਿੱਤਰਕਾਰ, ਮੂਰਤੀਕਾਰ, ਦਾਰਸ਼ਨਿਕ, ਕਵੀ, ਭਗਤ ਜਾਂ ਸੂਰਮਾ, ਆਮ ਤੌਰ 'ਤੇ ਏਕਾਂਤਪ੍ਰਿਯ ਹੁੰਦਾ ਹੈ। ਇਸ ਏਕਾਂਤ ਦੇ ਮੌਨ 'ਚ ਰੂਹ ਬੋਲਦੀ ਹੈ। ਇਸ ਮੌਨ 'ਚੋਂ 'ਧਰਮ' ਦਾ ਉਦੈ ਹੁੰਦਾ ਹੈ।

ਅਮਰੀਕੀ ਕਹਾਣੀਕਾਰ ਓ ਹੇਨਰੀ ਨੇ ਬਹੁਤ ਪ੍ਰੇਰਣਾਦਾਇਕ ਛੋਟੀ ਕਹਾਣੀ ਲਿਖੀ ਹੈ। ਗ੍ਰੀਨਵਿਚ ਦੇ ਇਕ ਛੋਟੇ ਜਿਹੇ ਕਸਬੇ ਵਿਚ, ਇਕ ਚਿੱਤਰਕਾਰ, ਬੇਹਰਾਮ' ਹਮੇਸ਼ਾ ਚਾਹੁੰਦਾ ਰਿਹਾ, ਕੋਈ ਅਦੁੱਤੀ, ਯਾਦਗਾਰ ਚਿੱਤਰ ਬਣਾਵਾਂ। ਉਮਰ ਦੇ ਅਖੀਰਲੇ ਪੜਾਅ ਤਕ ਪਹੁੰਚ ਗਿਆ, ਪਰ ਹਸਰਤ ਨਾ ਪੂਰੀ ਹੋਈ। ਚਿੱਤਰਕਾਰ ਦੇ ਹੇਠਲੇ ਮਾਲੇ ਤੇ ਇਕ ਲੜਕੀ 'ਸੂ' ਰਹਿੰਦੀ ਸੀ। ਉਹ ਕਦੇ-ਕਦੇ ਬੇਹਰਾਮ ਦੀਆਂ ਪੇਂਟਿੰਗਜ਼ ਵੇਖਦੀ, ਗੱਲ ਬਾਤ ਕਰਦੀ। ਇਕ ਵਾਰ ਉਸ ਨੇ ਦੱਸਿਆ ਕਿ ਉਸ ਦੀ ਬਹੁਤ ਮਿਲਾਪੜੀ ਮਿੱਤਰ 'ਜੋਹਾਂਸੀ' ਸਖ਼ਤ ਬਿਮਾਰ ਹੈ। ਨਿਮੋਨੀਆ ਫੇਫੜਿਆਂ ਤਕ ਪਹੁੰਚ ਗਿਆ ਹੈ। ਕਈ ਦਿਨਾਂ ਤੋਂ ਹੋ ਰਹੀ ਬਰਫ਼ਬਾਰੀ ਵਿਚ, ਬਿਮਾਰ ਜੋਹਾਂਸੀ ਹਮੇਸ਼ਾ ਆਪਣੇ ਬੈੱਡ 'ਤੇ ਪਈ ਹੋਈ, ਖਿੜਕੀ ਤੋਂ ਬਾਹਰ, ਪੁਰਾਣੇ ਬ੍ਰਿਖ ਨੂੰ ਦੇਖਦੀ ਰਹਿੰਦੀ ਹੈ। ਉਸ ਦੇ ਪੱਤੇ ਬਹੁਤੇ ਝੜ ਚੁੱਕੇ ਹਨ। ਰੋਜ਼, ਹੋਰ ਝੜ ਜਾਂਦੇ ਹਨ। ਉਸ ਨੂੰ ਬਲਿਕ (ਪੱਕਾ ਵਹਿਮ) ਹੋ ਗਿਆ ਹੈ ਕਿ ਜਿਸ ਦਿਨ ਇਸ ਰੁੱਖ ਦੇ ਸਾਰੇ ਪੱਤੇ ਝੜ ਜਾਣਗੇ, ਉਸੇ ਦਿਨ ਮੈਂ ਮਰ ਜਾਵਾਂਗੀ। ਬਸ ਹੁਣ, ਥੋੜੇ ਜਿਹੇ ਵਿਰਲੀ ਵਿਰਲੀ ਸ਼ਾਖ 'ਤੇ ਕੁਝ ਪੱਤੀਆਂ ਰਹਿ ਗਈਆਂ ਹਨ। 'ਬੇਹਰਾਮ' ਨੇ ਜਾ ਕੇ ਉਸ ਰੁੱਖ ਦੀਆਂ ਪੱਤੀਆਂ...ਰੰਗ, ਰੂਪ, ਆਕਾਰ ਦੀ ਬਣਾ ਕੇ, ਰਾਤ ਦੇ ਇਕ ਹਨੇਰੇ ਵਿਚ, ਉਸੇ ਰੁੱਖ ਦੀ ਸ਼ਾਖ 'ਤੇ, ਜੋਹਾਂਸੀ ਦੀ ਖਿੜਕੀ ਦੇ ਸਾਹਵੇਂ ਪੱਕੀ ਤਰ੍ਹਾਂ ਲਾ ਦਿੱਤੀ। ਹੋਰ ਤਾਂ ਸਾਰੇ ਪੱਤੇ ਭਾਰੀ ਬਰਫ਼ਬਾਰੀ ਵਿਚ ਝੜ ਗਏ। ਉਸ ਇਕੱਲੀ ਪੱਤੀ ਨੂੰ ਜੋਹਾਂਸੀ ਰੋਜ਼ ਵੇਖਦੀ ਰਹੀ...ਜੀਵਨ ਦੀ ਆਸ ਬਣੀ ਰਹੀ। ਕੁਝ ਸਮੇਂ ਬਾਦ ਪੇਂਟਰ ਬੇਹਰਾਮ ਤਾਂ ਮਰ ਗਿਆ ਪਰ 'ਜੋਹਾਂਸੀ' ਸੁਅੱਸਥ ਹੋ ਗਈ। ਬਿਮਾਰੀ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਣ 'ਤੇ, ਇਕ ਦਿਨ 'ਸੂ' ਨੇ, ਬੇਹਰਾਮ ਦੀ ਉਸ ਪੱਤੀ ਦਾ ਸੱਚ ਦੱਸਿਆ। ਆਪ, ਇਕਾਂਤ ਅਤੇ ਬੁਢੇਪੇ ਦੇ ਮੌਨ ਵਿਚ ਰਹਿੰਦਿਆਂ, ਉਸ ਕਲਾਕਾਰ ਦੀ ਇਕ ਰਚਨਾ, ਕਿਸੇ ਨੂੰ ਜੀਵਨ ਦਾ ਹੌਸਲਾ

ਦੇ ਗਈ। ਇਹ ਕਹਾਣੀ 'ਦੀ ਲਾਸਟ ਲੀਫ', 'ਆਖਰੀ ਪੱਤਾ' ਨੈਤਿਕ ਸਿੱਖਿਆ ਵਜੋਂ, ਅਮਰੀਕਾ ਦੇ ਵਿਦਿਆਲਯ ਵਿਚ ਪੜ੍ਹਾਈ ਜਾਂਦੀ ਹੈ। ਚਿੱਤਰਕਾਰ ਨੂੰ ਇਹ ਪੱਤਾ ਅਮਰ ਕਰ ਗਿਆ। ਉਸ ਨੂੰ ਮਰਨ ਉਪਰਾਂਤ ਕਲਾਕਾਰੀ ਦਾ ਸਭ ਤੋਂ ਵੱਡਾ ਐਵਾਰਡ 'ਬ੍ਰੋਂਜ ਸਕੱਲਪਚਰ ਐਵਾਰਡ' ਨਾਲ ਸਨਮਾਨਤ ਕੀਤਾ ਗਿਆ।

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਇਕ ਦੇ ਸੁਭਾਅ ਵਿਚ ਕਲਜੁਗ ਵਸਿਆ ਹੈ, ਸਾਰਾ ਕੁਨਬਾ, ਸਾਰਾ ਖਲਜਗਨ, ਸਮਾਜ ਨੂੰ ਕਲੇਸ਼ ਦਿੰਦਾ ਰਹਿੰਦਾ ਹੈ। ਅਤੇ ਇਕ ਦੇ ਸੁਭਾਅ ਅੰਦਰ ਸਤਿਜੁਗ ਵਸਦਾ ਹੈ, ਮਨੁੱਖੀ ਸਮਾਜ ਨੂੰ ਖ਼ੁਸ਼ੀਆਂ ਵੰਡਦਾ ਹੋਇਆ, ਜੱਗ ਤੋਂ ਰੁਖਸਤ ਹੋ ਜਾਂਦਾ ਹੈ।

ਭਾਈ ਰਤਨ ਸਿੰਘ ਭੰਗੂ **ਪੰਥ ਪ੍ਰਕਾਸ਼** ਵਿਚ ਲਿਖਦੇ ਹਨ—

ਇਤ ਨੌਰੰਗ ਉਤ ਤੇਗ ਬਹਾਦਰ॥
ਦੋਊ ਜਗ ਮਹਿ ਭਏ ਉਜਾਗਰ॥

ਔਰੰਗਜ਼ੇਬ ਮਸ਼ਹੂਰ ਹੋਇਆ, ਕਲਜੁਗੀ ਸੁਭਾਅ ਕਰਕੇ, ਗੁਰੂ ਤੇਗ ਬਹਾਦਰ, ਜਗ ਵਿਚ ਪ੍ਰਗਟ ਹੋਏ, ਸਤਿਜੁਗੀ ਸੋਚ ਕਰ ਕੇ।

# ਜਿਨ੍ਹਾਂ ਨੈਣ ਨੀਂਦ੍ਰਾਵਲੇ

ਧਰਮ ਸ਼ਾਸਤ੍ਰਾਂ ਨੇ ਮਨੁੱਖ ਜਗਤ ਨੂੰ ਦੋ ਵਰਗਾਂ ਵਿਚ ਵੰਡਿਆ ਹੈ; ਨਾਸਤਿਕ ਅਤੇ ਆਸਤਿਕ।

ਨਾਸਤਿਕ ਉਹ ਲੋਗ ਹਨ, ਜਿਹੜੇ ਰੱਬ ਦੀ ਹੋਂਦ ਨੂੰ ਨਹੀਂ ਮੰਨਦੇ। ਕਰਮ ਫਲ, ਪੁਨਰਜਨਮ, ਪੂਜਾ ਅਰਚਨਾ, ਸਿਮਰਨ, ਵੇਦਾਂ ਦੀ ਮਹੱਤਤਾ ਨੂੰ ਨਹੀਂ ਸਵੀਕਾਰ ਕਰਦੇ। ਇਸ ਵਰਗ ਦਾ ਮਨੁੱਖ, ਦੁਬਿਧਾ ਵਿਚ ਨਹੀਂ ਰਹਿੰਦਾ। ਰੱਬ ਨਹੀਂ ਹੈ, ਪਾਪ ਪੁੰਨ, ਕਰਮ ਗਤੀ, ਸਾਰੀਆਂ ਗੱਲਾਂ ਫਜ਼ੂਲ ਹਨ। ਉਹ ਆਪਣੀ ਸੋਚ 'ਤੇ ਦ੍ਰਿੜ੍ਹ ਹੈ। ਰੱਬੀ ਹੋਂਦ ਦੇ ਵਿਰੁੱਧ ਸੌ ਸੌ ਤਰਕ ਖੜਿਆਂ ਕਰ ਦਿੰਦਾ ਹੈ। ਹਿੰਦੂ, ਸਿੱਖ, ਈਸਾਈ, ਮੁਸਲਿਮ...ਨਾਸਤਿਕਾਂ ਦਾ ਇਕੋ ਵਰਗ ਹੁੰਦਾ ਹੈ। ਕਿਸੇ ਪਰਹੇਜ਼ ਤੋਂ ਬਗ਼ੈਰ ਇਕੱਠੇ ਬਹਿ ਜਾਣਗੇ।

ਆਸਤਿਕ ਵਰਗ ਧਰਮ ਸੰਪਰਦਾਵਾਂ ਵਿਚ ਵੰਡਿਆ ਹੋਇਆ ਹੁੰਦਾ ਹੈ। ਖਾਣ-ਪਾਣ, ਆਚਾਰ-ਵਿਚਾਰ, ਪੂਜਾ ਦੀ ਵਿਧੀ, ਹਰ ਥਾਂ ਕਈ ਕਈ ਵਰਗ ਦਿਸ ਪੈਂਦੇ ਹਨ। ਆਸਤਿਕ ਦੁਵਿਧਾ ਵਿਚ ਰਹਿੰਦਾ ਹੈ। ਆਸ਼ਾਵਾਂ, ਕਾਮਨਾਵਾਂ ਦੀ ਪੂਰਤੀ ਨੂੰ ਹੀ ਰੱਬ ਹੋਣ ਦਾ ਪ੍ਰਮਾਣ ਮੰਨਦਾ ਹੈ। ਇਕ ਮੰਗ ਅਧੂਰੀ ਰਹਿ ਜਾਏ ਤਾਂ ਕਾਹਦਾ ਰੱਬ! ਇਕ ਮੰਗ ਪੂਰੀ ਨਹੀਂ ਕਰ ਸਕਿਆ। ਧਰਮ ਦੀ ਪਹਿਲੀ ਅਵਸਥਾ ਵਿਚ, ਧਰਮੀ ਦਾ ਭਰੋਸਾ ਡੁੱਬਦਾ ਤਰਦਾ ਨਜ਼ਰ ਆਉਂਦਾ ਹੈ। ਇਹ ਅਵਸਥਾ ਧਾਰਮਿਕ ਪ੍ਰਪੱਕਤਾ ਤੋਂ ਪਹਿਲਾਂ ਦੀ ਹੁੰਦੀ ਹੈ। ਡਾਵਾਂਡੋਲ ਹੋ ਜਾਂਦਾ ਹੈ। ਪਰ ਪਰਮੇਸ਼ਰ ਉਸ ਦੇ ਭਰੋਸੇ ਨੂੰ ਟੁੱਟਣ ਨਹੀਂ ਦਿੰਦਾ। ਸੁਲਤਾਨ ਨੇ ਕਿਹਾ ਨਾਮਦੇਵ ਨੂੰ, ਆਪਣੇ ਰੱਬ ਨੂੰ ਕਹੋ...ਇਹ ਮੋਈ ਗਊ ਜੀਵਾਇ...ਨਹੀਂ ਤਾਂ ਤੇਰਾ ਸਿਰ ਕਲਮ ਕਰ ਦਿੱਤਾ ਜਾਏਗਾ। ਨਾਮਦੇਵ ਪ੍ਰਾਰਥਨਾ ਕਰਦਾ ਹੈ। ਰਾਜਾ ਹੈ, ਪ੍ਰਜਾ ਦੀ ਭੀੜ ਹੈ...ਨਾਮਦੇਵ ਤੀਜੀ ਵਾਰ ਅਰਦਾਸ ਕਰਦਾ ਹੈ। ਸੱਤ ਘੜੀਆਂ ਲੰਘ ਗਈਆਂ, ਨਾ ਪਰਮੇਸ਼ਰ ਆਇਆ, ਨਾ ਗਊ ਜੀਉਂਦੀ ਹੋਈ, ਨਾਮਦੇਵ ਦਾ ਧੀਰਜ ਡੋਲਿਆ...ਕਹਿੰਦਾ ਹੈ—

ਜਉ ਅਬਕੀ ਬਾਰ ਨ ਜੀਵੈ ਗਾਇ॥
ਤ ਨਾਮਦੇਵ ਕਾ ਪਤੀਆ ਜਾਇ॥

ਇਹ ਅਖ਼ੀਰਲੀ ਅਰਦਾਸ ਹੈ...ਇਸ ਵਾਰ ਜੇ ਗਊ ਨਾ ਜੀਉਂਦਿਆਂ ਕੀਤੀ ਤਾਂ

ਮੇਰਾ ਭਰੋਸਾ ਡੋਲ ਜਾਣੈ। ਉਸ ਵੇਲੇ, ਰਾਜੇ ਸਹਿਤ ਸਾਰੇ ਨਗਰ ਵਾਸੀਆਂ ਵੇਖਿਆ—

ਪਾਖੰਤਣ ਬਾਜ ਬਜਾਇਲਾ॥
ਗਰੁੜ ਚੜ੍ਹੇ ਗੋਬਿੰਦ ਆਇਲਾ॥

ਖੰਭਾਂ ਦਾ ਸਾਜ ਵਜਾਉਂਦਾ, ਗਰੁੜ ਤੇ ਸਵਾਰ ਗੋਬਿੰਦ ਪ੍ਰਗਟ ਹੋਏ। ਗਊ ਜੀਉਂਦੀ ਹੋਈ...ਭਗਤ ਦੀ ਪੈਜ ਰੱਖੀ।

ਧਰਮ ਯਾਤਰਾ ਦੇ ਪੰਜ ਪੜਾਅ, ਮਨੁੱਖੀ ਚੇਤਨਾ ਦੇ ਅੰਦਰ ਹੁੰਦੇ ਹਨ, ਜਿਨ੍ਹਾਂ ਨੂੰ ਲੰਘ ਕੇ ਸੁਰਤ, ਸੰਪੂਰਨਤਾ ਤਕ ਪਹੁੰਚਦੀ ਹੈ। ਉਹ ਹਨ—ਮਨ, ਬੁੱਧੀ, ਚਿੱਤ, ਅਹੰਕਾਰ ਅਤੇ ਅੰਤਰਾਤਮਾ। ਪੰਜਵੇਂ ਪਾਤਸ਼ਾਹ, ਸੁਖਮਨੀ ਵਿਚ ਇਸ ਅਵਸਥਾ ਦਾ ਸੰਕੇਤ ਦਿੰਦੇ ਹਨ—

ਮਨ ਤਨ ਰੰਗਿ ਰਤੇ ਰੰਗ ਏਕੈ॥
ਨਾਨਕ ਜਨ ਕੈ ਬਿਰਤਿ ਬਿਬੇਕੈ॥

ਮਨ, ਸਰੀਰ, ਬੁੱਧੀ ਅਤੇ ਵਿਵੇਕ, ਚੌਹਾਂ ਸ਼ਕਤੀਆਂ ਦਾ ਇਕ ਸੁਰ ਵਿਚ ਹੋ ਜਾਣਾ। ਇਹ ਪ੍ਰਭੂ ਜਨ ਦੀ ਪਛਾਣ ਹੈ। ਉਥੇ ਫਿਰ ਦਵੰਦ ਨਹੀਂ ਰਹਿ ਜਾਂਦਾ...ਦੁਵਿਧਾ ਜਾਂ ਸੰਕਲਪ-ਵਿਕਲਪ ਨਹੀਂ ਰਹਿ ਜਾਂਦਾ ਤਾਂ ਇਸ ਬਿਖਮ ਮਾਰਗ ਦੇ ਪਾਂਧੀਆਂ ਨੂੰ ਦਿਸ਼ਾ ਨਿਰਦੇਸ਼ ਦੇਣ ਲਈ, ਗੁਰਬਾਣੀ ਵਿਚ ਪੰਜ ਬਿੰਦੂ ਰੇਖਾਂਕਤ ਕੀਤੇ ਗਏ ਹਨ। ਪਹਿਲਾ ਬਿੰਦੂ 'ਰਾਤ' ਹੈ। ਮਨੁੱਖ ਦਾ ਜੀਵਨ ਇਕ ਰਾਤ ਦਾ ਵਕਫ਼ਾ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ, ਆਸਾ ਰਾਗ ਵਿਚ ਕਹਿੰਦੇ ਹਨ—

ਏਕ ਨ ਭਰੀਆ ਗੁਣ ਕਰਿ ਧੋਵਾ॥
ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ॥

ਜੀਵਨ, ਇਕ ਰਾਤ ਦੀ ਅਵਧੀ ਹੈ, ਸੁਆਮੀ, ਮੇਰਾ ਸਹੁ ਉਡੀਕ ਵਿਚ ਹੈ...ਜਾਗੇ ਤਾਂ ਪ੍ਰੇਮ ਅਲਾਪ ਹੋਵੇ—ਰੂਹ ਅਤੇ ਰੱਬ ਦਾ ਸੰਵਾਦ ਹੋਵੇ।

ਇਹ 'ਰਾਤ' ਬਹੁਤ ਅਰਥ ਪੂਰਨ ਹੈ। ਯਥਾਰਥ ਤਾਂ ਇਹ ਹੈ ਕਿ ਰਾਤ ਸਦੀਵੀ ਹੈ...ਸੱਤ ਹੈ, ਦਿਨ ਝੂਠ ਹੈ...ਕ੍ਰਿਤਿਮ ਹੈ...ਜੁਗਤ ਨਾਲ ਬਣਾਇਆ ਗਿਆ ਹੈ। ਇਹ ਦੀਵੇਂ ਬਿਜਲੀ ਦੇ ਬਲਬ ਆਰਜੀ ਹਨ, ਬਣਾਏ ਗਏ ਹਨ। ਜਦੋਂ ਮਹਾਂ ਵਿਸਫੋਟ ਹੋਇਆ..."ਬਿਗ ਬੈਂਗ" ਵਰਤਿਆ ਤਾਂ ਧਰਤੀ, ਸੂਰਜ, ਚੰਦ ਸਿਰਜੇ ਗਏ। ਉਸ ਤੋਂ ਪਹਿਲਾਂ ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਮਾਰੂ ਰਾਗ ਦੇ ਸ਼ਬਦ ਵਿਚ—

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥

ਸੂਰਜ ਸਿਰਜਿਆ ਗਿਆ ਤਾਂ ਦਿਨ ਚੜ੍ਹਿਆ। ਕਿਸੇ ਵੇਲੇ, ਕੁਦਰਤ ਦੀ ਕੋਈ ਘਟਨਾ ਵਾਪਰੇ...ਇਕ ਪ੍ਰਲਯਕਾਰੀ ਕੋਈ ਘਟਨਾ ਔਰ ਸੂਰਜ, ਚੰਦ ਨਸ਼ਟ ਹੋ ਜਾਣ ਤਾਂ ਬਸ ਹਨੇਰਾ ਹੀ ਹਨੇਰਾ ਰਹਿ ਜਾਏਗਾ...ਬਸ ਰਾਤ ਹੀ ਰਾਤ।

ਇਹ ਰਾਤ ਮਨੁੱਖ ਦੇ ਅੰਦਰ ਉਤਰ ਆਏ। ਬਾਹਰ ਰਾਤ ਹੋਈ ਤਾਂ ਹਾਟ, ਬਾਜ਼ਾਰ, ਕਲੱਬ, ਮੇਲੇ ਸਾਰੇ ਬੰਦ ਹੋ ਗਏ...ਦੁਕਾਨਾਂ ਦੇ ਸ਼ਟਰ ਡਿੱਗ ਪਏ, ਸੜਕਾਂ ’ਤੇ ਆਵਾਗਮਨ ਥੰਮ ਗਿਆ। ਇਕ ‘ਮੌਨ’ ਘਿਰ ਆਇਆ। ਘਰ ਦੇ ਬੱਚੇ ਸੌਂ ਗਏ, ਵਾਤਾਵਰਣ ਸ਼ਾਂਤ ਹੋਇਆ ਤਾਂ ਮਾਂ ਪਾਠ ਲਈ ਬੈਠੀ। ਹਰ ਸਰੀਰ ਵਿਚ, ਇੰਦ੍ਰੀਆਂ ਦਾ ਸ਼ੋਰ ਹੈ। ਮਨ, ਬੁੱਧੀ ਦੀ ਚੰਚਲਤਾ, ਵਾਤਾਵਰਣ ਨੂੰ ਅਸ਼ਾਂਤ ਕਰਦੀ ਰਹਿੰਦੀ ਹੈ। ਰੂਹ, ਘਰ ਵਿਚ ਮਾਂ ਵਾਂਗ ਉਡੀਕ ਵਿਚ ਰਹਿੰਦੀ ਹੈ, ਇਹ ਬੱਚਿਆਂ ਦੇ ਲੜਾਈ ਝਗੜੇ...ਇੰਦ੍ਰੀਆਂ ਦੀ ਫੁਰਮਾਇਸ਼ਾਂ...ਇਹ ਸ਼ੋਰ ਥੰਮ ਜਾਏ...ਮੌਨ ਘਿਰ ਆਏ ਔਰ ਇਸ ਮੌਨ ਵਿਚ, ਨੀਂਦ ਆ ਜਾਏ। ਨੀਂਦ, ਕੁਦਰਤ ਵੱਲੋਂ ਪ੍ਰਾਪਤ ਇਕ ਵਿਸਮਾਦੀ ਘਟਨਾ ਹੁੰਦੀ ਹੈ। ਸਵਾਸ ਚੱਲ ਰਹੇ ਹਨ, ਫੇਫੜੇ, ਹਿਰਦੇ ਦੀ ਧੜਕਨ ਸਹਿਜ ਸ਼ਾਂਤ, ਨਿਰੰਤਰ ਕੰਮ ਕਰ ਰਹੇ ਹਨ। ਮਨ, ਬੁੱਧੀ, ਇੰਦ੍ਰੀਆਂ, ਚਿੱਤ ਅਤੇ ਅਹੰਕਾਰ ਸੁੱਤੇ ਪਏ ਹਨ। ਇਹ ਮੌਨ...ਇਹ ਨੀਂਦ, ਸਮਾਧੀ ਤੋਂ ਠੀਕ ਪਹਿਲਾਂ ਦਾ ਤਲ ਹੁੰਦਾ ਹੈ। ਅੱਖ, ਕੰਨ, ਇੰਦ੍ਰੀਆਂ ਸੌਂ ਗਈਆਂ...ਚੇਤਨਾ ਭੀ ਲੁਪਤ ਹੈ ਤਾਂ ਇਹ ਨੀਂਦ ਹੈ। ਸੰਤਾਂ, ਭਗਤਾਂ ਦੀ ਨਿਵੇਕਲੀ ਅਵਸਥਾ ਹੁੰਦੀ ਹੈ, ਜਦੋਂ ਇੰਦ੍ਰੀਆਂ, ਸਾਰਾ ਸਰੀਰ ਸੌਂ ਗਿਆ, ਪਰ ਚੇਤਨਾ ਜਾਗ੍ਰਿਤ ਰਹੀ...ਇਹ ਸਮਾਧੀ ਹੈ। ਵੇਖਣ ਵਿਚ ਅੱਖਾਂ ਨੀਂਦ ਭਰੀਆਂ, ਪਰ ਅੰਦਰ ਜੋਤਿ ਪੂਰੀ ਤਰ੍ਹਾਂ ਜਾਗ੍ਰਿਤ...ਰੱਬ ਦੀ ਭਾਲ ਵਿਚ ਹੁੰਦਾ ਹੈ, ਇਵੇਂ ਦੇ ਸੰਤਾਂ ਦੀ, ਸਾਧਾਂ ਦੀ—

ਜਿੰਨ੍ਾ ਨੈਣ ਨੀਂਦ੍ਾਵਲੇ ਤਿੰਨ੍ਾ ਮਿਲਣੁ ਕੁਆਉ॥

ਵਾਜ ਮਾਰ ਕੇ ਮਿਲਦਾ ਹੈ, ਪਰਮੇਸ਼ਰ। ਉਹ ਅੱਖਾਂ ਨਿਵੇਕਲੀਆਂ ਹੁੰਦੀਆਂ ਹਨ, ਜਿਹੜੀਆਂ ਸੰਸਾਰਕ ਪੱਖੋਂ ਨੀਂਦ ਭਰੀਆਂ ਪਰ ਗੁਰੂ ਪ੍ਰਤੀ, ਪਰਮੇਸ਼ਰ ਪ੍ਰਤੀ ਪੂਰਨ ਚੈਤਨਯ। ਚਉਥੇ ਪਾਤਸ਼ਾਹ, ਆਸਾ ਰਾਗ ਵਿਚ ਫੁਰਮਾਉਂਦੇ ਹਨ, ਉਹ ਅੰਮ੍ਰਿਤ ਭਰੇ ਨੇਤਰ ਹੁੰਦੇ ਹਨ, ਸੁੱਕੇ ਰੁੱਖਾਂ ਨੂੰ ਹਰਿਆ ਕਰ ਦੇਣ ਦੀ ਸਮਰੱਥਾ ਭਰੇ ਨੈਣ—

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ॥

ਉਹ ਅੰਮ੍ਰਿਤ ਭਰੇ ਨੇਤਰ...ਪ੍ਰੇਮ ਅਤੇ ਕਰੁਣਾ ਭਰਪੂਰ ਮਨ! ‘ਰਾਮ’ ਜੌਹਰੀ ਦੀ ਕਸਵੱਟੀ ’ਤੇ ਉਹ ਸੌ ਪ੍ਰਤੀਸ਼ਤ ਸ਼ੁੱਧ ਸੋਨਾ...ਟੰਚ ਹੁੰਦੇ ਹਨ।

ਨਾਮਧਾਰੀ ਪੰਥ ਨੇ, ਇਵੇਂ ਦੇ ਕਈ ਅੰਮ੍ਰਿਤ ਭਰੇ ਨੇਤਰਾਂ ਵਾਲੇ ਸਾਧ, ਜਗ ਨੂੰ ਦਿੱਤੇ ਹਨ। ਸੰਤ ਅਤਰ ਸਿੰਘ, ਸੰਤ ਕੇਸਰ ਸਿੰਘ ਚਵਿੰਡੇ ਵਾਲੇ, ਸੰਤ ਜਵਾਹਰ ਸਿੰਘ ਮਿਰਜੇ ਵਾਲੀਏ। ਕਰਣੀ ਵਾਲੇ ਸਾਧ, ਅਲੌਕਿਕ ਸ਼ਕਤੀਆਂ ਨਾਲ ਭਰਪੂਰ, ਪਰ ਜ਼ਾਹਿਰ ਨਹੀਂ ਕਰਨਾ...ਮੇਰੇ ਸਤਿਗੁਰ ਦਾ ਹੁਕਮ ਨਹੀਂ। ਸੰਤ ਤਖਤ ਸਿੰਘ, ਜਲੰਧਰ ਜ਼ਿਲ੍ਹੇ ਦੇ ਗੁਜਰਪੁਰਾ ਪਿੰਡ ਦੇ ਸਾਧ। ਤੜਕੇ ਇਕ ਵਜੇ ਜਾਗਣਾ...ਦੋ ਵਜੇ ਇਸ਼ਨਾਨ...ਫੇਰ ਬਿਰਤੀ ਜੋੜ ਲੈਣੀ। ਪੂਰੀ ਕਰਨੀ ਵਾਲੇ ਸਾਧ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦਾ ਪਰਦੇਸ ਗਮਨ ਹੋਇਆ। ਦਰਸ਼ਨ ਦੀ ਤਾਂਘ ਉੱਠੀ। ਕਲਕੱਤੇ ਵਾਲੇ ਪਾਸਿਉਂ ਪਤਾ ਲੱਗਾ ਕਿ ਸਖ਼ਤੀ ਬਹੁਤ ਹੋ ਗਈ। ਸ਼ਕਤੀਆਂ ਵੱਸ ਵਿਚ ਸਨ। ਸੰਤ ਕਹਿੰਦੇ, ਟੁਰ ਕੇ ਚਲਦੇ ਹਾਂ...ਬੰਗਾਲ ਆਸਾਮ ਬਰਮਾ ਵਾਲੇ ਰਾਹ ਤੋਂ। ਉਹਨਾਂ ਬਾਬਤ, ਅੰਗਰੇਜ਼ਾਂ ਕੋਲ ਪੂਰੀ ਖ਼ਬਰ ਸੀ, ਇਹ ਕੂਕਾ ਬੇੜੀਆਂ, ਹਥਕੜੀਆਂ ਵਿਚੋਂ ਵੀ ਅਲੋਪ ਹੋ ਜਾਂਦਾ ਹੈ। ਪੁਲਿਸ ਕਪਤਾਨ ਬਾਰਬਰਟਨ ਨੇ ਬੰਗਾਲ ਆਸਾਮ ਦੀ ਪੁਲਿਸ ਨੂੰ ਸੂਚਿਤ ਕਰ ਦਿੱਤਾ। ਸੰਤ ਬੰਗਾਲ 'ਚੋਂ ਅੱਗੇ ਪਹੁੰਚੇ ਤਾਂ ਫੜੇ ਗਏ। ਹੱਥਾਂ ਵਿਚ ਹਥਕੜੀਆਂ, ਪੈਰਾਂ ਵਿਚ ਬੇੜੀਆਂ ਪਾ ਕੇ ਹਵਾਲਾਤ ਵਿਚ ਬੰਦ ਕਰ ਦਿੱਤਾ। ਥਾਣੇਦਾਰ ਕਹਿੰਦਾ ਹੈ, ਬਾਬਾ ਜੀ ਸੁਣਿਆ ਹੈ ਕਿ ਤੁਸੀਂ ਬੇੜੀਆਂ, ਹਥਕੜੀਆਂ ਵਿਚੋਂ ਵੀ ਨਿਕਲ ਜਾਂਦੇ ਹੋ ?

ਸੰਤ ਕਹਿੰਦੇ, ਮੇਰੇ ਸਤਿਗੁਰੂ ਦੀ ਮੇਹਰ ਸਦਕਾ।

ਹਵਾਲਾਤ ਵਿਚ ਬੰਦ ਕਰਕੇ ਪਿਛਾਂਹ ਨੂੰ ਹੋਏ ਕਿ ਬੇੜੀਆਂ, ਹਥਕੜੀਆਂ, ਉਵੇਂ ਹੀ ਪਈਆਂ ਰਹਿ ਗਈਆਂ, ਸੰਤ ਨਿਕਲ ਕੇ ਰੰਗੂਨ ਸਤਿਗੁਰਾਂ ਸਾਹਵੇਂ ਜਾ ਮੱਥਾ ਟੇਕਿਆ। ਸਤਿਗੁਰੂ ਜੀ ਬਚਨ ਕੀਤਾ, ਸੰਤ ਜੀ ਇਹ ਕੰਮ ਨਹੀਂ ਕਰਨਾ। ਜੇ ਇਵੇਂ ਹੀ ਕਰਨਾ ਹੁੰਦਾ ਤਾਂ ਕਿਸ ਦੀ ਮਜਾਲ ਸੀ, ਸਾਨੂੰ ਦੇਸੋਂ ਪਰਦੇਸ ਕੱਢ ਦਿੰਦਾ ?

ਸੰਤਾਂ ਨੇ ਸੀਸ ਨਿਵਾਇਆ। ਵਾਪਸ ਫਿਰ ਉਸੇ ਰਾਹ ਪਰਤੇ। ਉਸੇ ਥਾਣੇ ਜਾ ਹਾਜ਼ਰ ਹੋਏ। ਮੈਂ ਆਪਣਾ ਕੰਮ ਕਰ ਆਇਆਂ...ਹੁਣ ਤੁਸੀਂ ਗ੍ਰਿਫ਼ਤਾਰ ਕਰ ਲਉ... ਜਿਹੜੀ ਮਰਜ਼ੀ ਸਜ਼ਾ ਦਿਉ। ਗ੍ਰਿਫ਼ਤਾਰ ਕਰ ਜੱਜ ਸਾਹਵੇਂ ਪੇਸ਼ ਕੀਤਾ। ਡੇਢ ਸਾਲ, ਪਿਸ਼ਾਵਰ ਦੀ ਜੇਲ੍ਹ ਵਿਚ ਪੱਥਰ ਕੁੱਟੇ...ਸਜ਼ਾ ਪੂਰੀ ਕੀਤੀ।

ਲਾਲ ਸਿੰਘ ਕਮਲਾ ਅਕਾਲੀ ਨੇ, ਗੁਰੂ ਰਾਮ ਸਿੰਘ ਜੀ ਦਾ ਰੰਗੂਨ ਕਾਰਾਵਾਸ ਦਾ ਰੇਖਾ ਚਿਤਰ ਖਿੱਚਿਆ ਹੈ। ਰਾਤ ਦਾ ਪਿਛਲਾ ਪਹਿਰ! ਸਤਿਗੁਰ ਜੀ ਇਸ਼ਨਾਨ ਕਰ ਕੇ ਆਸਣ 'ਤੇ ਬਿਰਾਜਮਾਨ ਹੋਇ, ਅਕਾਲ ਪੁਰਖ ਨਾਲ ਜੁੜ ਬੈਠੇ ਸਨ। ਅੰਗਰੇਜ਼ ਸੰਤਰੀ, ਮੋਢੇ 'ਤੇ ਰਾਈਫ਼ਲ ਰੱਖ ਬੂਟਾਂ ਦਾ ਖੜਾਕ ਕਰੇ, ਪਹਿਰਾ ਲਾਵੇ। ਬਿਰਤੀ ਖਿੰਡਰ ਜਾਏ। ਸਤਿਗੁਰਾਂ ਬੱਸ ਇਕ ਵਾਰ ਨੇਤਰ ਖੋਲ੍ਹ ਕੇ, ਸੰਤਰੀ ਵੱਲ ਵੇਖਿਆ। ਸੰਤਰੀ ਉਸੇ ਵੇਲੇ, ਰਾਈਫਲ ਫ਼ਰਸ਼ 'ਤੇ ਟਿਕਾ ਕੇ, ਇਕ ਪਾਸੇ ਬੈਂਚ 'ਤੇ ਬੈਠ ਗਿਆ। ਨੇਤਰਾਂ ਵਿਚ ਮੌਜੂਦ ਅੰਮ੍ਰਿਤ ਨੇ, ਅੱਗ ਦਾ ਰੂਪ ਧਾਰ ਸੰਤਰੀ ਨੂੰ ਵਿਖਾਇਆ।

ਇਤਿਹਾਸਕਾਰਾਂ ਨੇ ਲਿਖਿਆ ਹੈ, ਸਤਿਗੁਰੂ ਰਾਮ ਸਿੰਘ ਦੌਰੇ 'ਤੇ ਜਾਂਦੇ। ਚੀਨੀ ਘੋੜੀ 'ਤੇ ਸਵਾਰ ਸਤਿਗੁਰੂ ਜੀ, ਉਨ੍ਹਾਂ ਦੇ ਮਗਰ, ਸੂਬੇ ਸਾਹਿਬਾਨ, ਫਿਰ ਮਾਈ ਭਾਈ ਸੰਗਤ। ਪੂਰਾ ਕਾਫਲਾ ਚਲਦਾ, ਪਰ ਕੋਈ ਆਵਾਜ਼ ਨਹੀਂ, ਵਾਰਤਾਲਾਪ ਨਹੀਂ। ਕੋਈ ਸਿਮਰਨ ਕਰਦੇ ਹੋਏ, ਕੋਈ ਕੰਠ ਕੀਤੇ ਗੁਰਬਾਣੀ ਦੇ ਪਾਠ ਕਰਦੇ ਜਾਂਦੇ। ਬਿਲਕੁਲ ਸ਼ਾਂਤ...ਮੌਨ ਪਸਰਿਆ ਹੁੰਦਾ। ਟੁਰਦੇ ਫਿਰਦੇ ਕਾਰ ਵਿਹਾਰ ਭੀ ਕਰਦੇ ਹੋਏ, ਗੁਰੂ ਦੇ ਸਿੰਘ ਅੰਦਰੋਂ ਜੁੜੇ ਰਹਿੰਦੇ।

ਸੰਨ 1920 ਵਿਚ, ਬੰਬੀ ਪਿੰਡ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਦੇ ਇਕ ਸਿੱਖ, ਸ੍ਰੀ ਭੈਣੀ ਸਾਹਿਬ ਆਏ। ਸਤਿਗੁਰ ਪ੍ਰਤਾਪ ਸਿੰਘ ਜੀ ਦੇ ਘੋੜਿਆਂ ਦੇ ਸੇਵਾਦਾਰ, ਸੰਤ ਹਰਦੇਵ ਸਿੰਘ ਨੇ, ਇਹ ਪ੍ਰਸੰਗ ਆਪ ਮਹੰਤ ਆਤਮਾ ਸਿੰਘ 'ਸਨਖਤ੍ਰਵੀ' ਨੂੰ ਸੁਣਾਇਆ ਅਤੇ ਅੱਗੋਂ ਸਨਖਤ੍ਰਾ ਜੀ ਨੇ, ਉਹ ਸਾਰਾ ਪ੍ਰਸੰਗ ਸੰਨ 1972 ਦੇ ਪਰਦੇਸ ਗਮਨ ਸ਼ਤਾਬਦੀ ਅੰਕ ਵਿਚ ਛਾਪਿਆ। ਹਰਦੇਵ ਸਿੰਘ ਹੋਰੀਂ ਕਹਿੰਦੇ ਹਨ, ਉਹ ਸਰਦਾਰ ਜੀ, ਬਤੌਰ ਜੰਗਲਾਤ ਵਿਭਾਗ ਦੇ ਓਵਰਸੀਅਰ, ਅਪਰ ਬਰਮਾ ਦੇ ਮਹਿਖੋਂ ਪਹਾੜੀ ਬਸਤੀ ਵਿਚ ਗਸ਼ਤ ਕਰਦਿਆਂ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਹਨ। ਪਹਾੜੀ ਲੋਗ ਸਤਿਗੁਰ ਜੀ ਨੂੰ 'ਰਾਜਨ ਰਾਜਾ' ਕਹਿ ਕੇ ਸੰਬੋਧਨ ਕਰਦੇ। ਸਰਦਾਰ ਜੀ, ਸ੍ਰੀ ਭੈਣੀ ਸਾਹਿਬ ਆਏ ਤਾਂ ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਬਾਹਰ ਕਿਤੇ ਦੌਰੇ 'ਤੇ ਗਏ ਸਨ। ਉਨ੍ਹਾਂ ਨੇ ਮਾਤਾ ਜੀਉਣ ਕੌਰ ਜੀ ਨੂੰ ਦੱਸਿਆ ਕਿ ਸਾਡੇ ਮਹਿਕਮੇ ਦੀ ਟੀਮ ਮੇਰੇ ਨਾਲ ਗਸ਼ਤ ਕਰ ਰਹੀ ਸੀ। ਜੰਗਲ ਅਤੇ ਪਹਾੜੀ ਇਲਾਕੇ ਵਿਚ, ਇਕ ਥਾਂ ਅਸੀਂ ਵੇਖਿਆ, ਸੁਫ਼ੇਦ ਬਸਤਰ ਅਤੇ ਦਸਤਾਰੇ ਵਿਚ ਇਕ ਦਿੱਵ ਪੁਰਖ ਬੈਠੇ ਸਨ। ਆਲੇ ਦੁਆਲੇ, ਸ਼ੇਰ, ਚੀਤੇ ਆਦਿ ਹਿੰਸਕ ਜਾਨਵਰ ਸ਼ਾਂਤ ਚਿਤ ਬੈਠੇ ਸਨ। ਸਾਨੂੰ ਜਗਿਆਸਾ ਹੋਈ...ਅਸੀਂ ਹੋਰ ਨੇੜੇ ਹੋਏ ਤਾਂ ਉਹ ਜਾਨਵਰ ਉੱਠ ਖਲੋਤੇ...ਅਤੇ ਜੰਗਲ ਨੂੰ ਚਲੇ ਗਏ। ਅਸੀਂ ਨੇੜੇ ਜਾ ਕੇ ਦਰਸ਼ਨ ਕੀਤੇ, ਪਰ ਉਨ੍ਹਾਂ ਸਾਨੂੰ ਬਹੁਤਾ ਚਿਰ ਉਸ ਥਾਂ ਨਾ ਰਹਿਣ ਦਿੱਤਾ। ਉਹ ਗੁਰੂ ਰਾਮ ਸਿੰਘ ਹੈ ਸਨ। ਹਰਦੇਵ ਸਿੰਘ ਨੂੰ ਦਰਸ਼ਨ ਦੀ ਤਾਂਘ ਹੋਈ। ਅੰਮ੍ਰਿਤਸਰ ਦੇ ਪਿੰਡ ਖਤਰਾਵਾਂ ਨਿਵਾਸੀ ਸੂਰਤ ਸਿੰਘ ਨਾਲ ਬਚਨ ਹੋਇਆ, ਉਹ ਵੀ ਤਿਆਰ ਹੋ ਗਿਆ।

ਇਹ ਦੋਵੇਂ ਕਲਕੱਤੇ ਤੋਂ ਸਮੁੰਦਰੀ ਜਹਾਜ਼ ਰਾਹੀਂ ਰੰਗੂਨ ਪਹੁੰਚੇ। ਅੱਗੋਂ ਮਰਗੋਈ ਅਤੇ ਉਥੋਂ ਵੀ ਅੱਗੇ ਤਰਾਸੇਮੀ ਪਹਾੜੀ ਇਲਾਕੇ ਦੇ ਗੁਪਤ ਥਾਂ 'ਤੇ ਸਤਿਗੁਰ ਜੀ ਨੂੰ ਭੇਜਿਆ...ਉਹ ਸਾਰੇ ਥਾਂ ਗੁਰੂ ਦੇ ਦੋਵੇਂ ਸਿੱਖ, ਭਾਲ ਵਿਚ ਕਈ ਲੋਕਾਂ ਨਾਲ ਮਿਲੇ। ਰੰਗੂਨ ਤੋਂ ਮਰਗੋਈ, ਜਿਸ ਸਮੁੰਦਰੀ ਜਹਾਜ਼ 'ਤੇ ਸਤਿਗੁਰ ਜੀ ਨੂੰ ਬ੍ਰਿਟਿਸ਼ ਅਧਿਕਾਰੀ ਲੈ ਗਏ, ਉਸ ਜਹਾਜ਼ ਦਾ ਕਪਤਾਨ ਮੁਹੰਮਦ ਅਲੀ, ਬਹੁਤ ਬਜ਼ੁਰਗੀ ਅਵਸਥਾ ਵਿਚ ਮਿਲਿਆ। ਉਸ ਨੇ ਦੱਸਿਆ ਕਿ ਕਿਵੇਂ ਅੱਧ ਰਾਹ ਸਤਿਗੁਰ ਜੀ ਨੇ ਆਪਣਾ ਡੋਲ

(ਗੜਵਾ) ਸਮੁੰਦਰ ਵਿਚ ਸੁੱਟ ਦਿੱਤਾ। ਮਰਗੋਈ ਜਹਾਜ਼ੋਂ ਉਤਰਦਿਆਂ, ਇਕ ਸਿਆਹਪੋਸ਼ ਸਿਰ ਝੁਕਾ ਕੇ ਅੱਗੇ ਆਇਆ। ਉਸ ਦੇ ਹੱਥ ਵਿਚ ਉਹੋ ਡੋਲ ਸੀ। ਉਹ ਸ਼ਰਧਾ ਸਹਿਤ ਡੋਲ ਭੇਟ ਕਰ ਫਿਰ ਸਮੁੰਦਰ ਵੱਲ ਅਲੋਪ ਹੋ ਗਿਆ। ਬਰਮੀ ਲੋਗ ਉਸ ਸਿਆਹਪੋਸ਼ ਨੂੰ 'ਜਲ ਨਟ' ਅਰਥਾਤ ਜਲ ਦੇਵਤਾ ਕਹਿੰਦੇ ਹਨ।

ਹੋਰ ਖੋਜ ਪੜਚੋਲ ਕਰਦਿਆਂ ਪਿਮਨੇ, ਫਿਰ ਮਹਿਖੋਂ ਪਹਾੜੀ ਬਸਤੀਆਂ ਵਿਚ ਗਏ। ਉਥੇ ਸਾਨੂੰ ਸ੍ਰ. ਆਤਮਾ ਸਿੰਘ ਦਾ ਪਤਾ ਲੱਗਾ। ਉਹ ਹਿੰਦੁਸਤਾਨ ਦੇ ਫਤਹਿਗੜ੍ਹ ਜ਼ਿਲ੍ਹੇ ਦੇ ਰਹਿਣ ਵਾਲੇ ਸਨ। ਕਈ ਸਾਲਾਂ ਤੋਂ ਇਥੇ ਹੀ ਵੱਸ ਗਏ। ਉਨ੍ਹਾਂ ਦੀ ਉਥੇ ਰਬੜ ਦੀ ਫੈਕਟਰੀ ਸੀ। ਉਨ੍ਹਾਂ ਇਕ ਬਰਮੀ ਔਰਤ ਨਾਲ ਹੀ ਵਿਆਹ ਕਰ ਲਿਆ ਸੀ। ਉਸ ਔਰਤ ਦਾ ਮਾਮਾ, ਮਰਗੋਈ ਦੇ ਉਸ ਬੰਗਲੇ ਦਾ ਸੰਤਰੀ ਸੀ, ਜਿਸ ਵਿਚ ਸਤਿਗੁਰੂ ਜੀ ਨੂੰ ਰੱਖਿਆ ਗਿਆ ਸੀ। ਉਸ ਦੱਸਿਆ, ਉਸ ਰਾਤ ਮੇਰੀ ਡਿਊਟੀ ਬੰਗਲੇ ਤੇ ਹੈ ਸੀ। ਪਹਿਲਾਂ ਵੀ ਕਈ ਰਾਤਾਂ ਮੈਂ ਉਸ ਥਾਂ ਪਹਿਰੇਦਾਰੀ ਕਰ ਚੁੱਕਿਆ ਸਾਂ। ਹਰ ਰੋਜ਼, ਅੱਧੀ ਰਾਤ ਮਗਰੋਂ 'ਰਾਜਨ ਰਾਜਾ' ਜਾਗਦੇ...ਹੱਥ ਵਿਚ ਲੋਟਾ ਅਤੇ ਲਵੇਟਿਆ ਹੋਇਆ ਆਸਨ ਲੈ ਕੇ ਬੰਦ ਦਰਵਾਜ਼ੇ ਵੱਲ ਨੂੰ ਆਉਂਦੇ... ਇਕ ਨਜ਼ਰ ਤਾਲੇ 'ਤੇ ਪੈਂਦੀ ਔਰ ਉਹ ਤਾਲਾ ਖੁੱਲ੍ਹ ਜਾਂਦਾ। ਉਹ ਟੁਰਦੇ ਹੋਏ ਸਮੁੰਦਰ ਪਾਸੇ ਜਾਂਦੇ, ਸ਼ੌਚ-ਇਸ਼ਨਾਨ ਮਗਰੋਂ ਸਮੁੰਦਰ ਕੰਢੇ ਧਿਆਨ ਲਗਾਉਂਦੇ ਅਤੇ ਆਪਣੀ ਮਰਜ਼ੀ ਨਾਲ ਫਿਰ ਵਾਪਸ ਬੰਗਲੇ ਵਿਚ ਪ੍ਰਵੇਸ਼ ਕਰਦੇ ਤਾਂ ਦਰਵਾਜ਼ਾ ਆਪਣੇ ਆਪ ਬੰਦ ਹੋ ਜਾਂਦਾ...ਤਾਲਾ ਫਿਰ ਲੱਗ ਜਾਂਦਾ।

ਉਸ ਦਿਨ ਦੀ ਗੱਲ ਉਹ ਸੰਤਰੀ ਕਰਦਾ ਹੈ, ਜਿਸ ਦਿਨ ਅੰਗਰੇਜ਼ਾਂ ਕਿਹਾ, ਸਤਿਗੁਰ ਜੀ ਚੜ੍ਹਾਈ ਕਰ ਗਏ। ਉਹ ਸੰਤਰੀ ਕਹਿੰਦਾ ਹੈ...ਰੋਜ਼ ਦੇ ਨਿਯਮ ਅਨੁਸਾਰ ਪਿਛਲ ਰਾਤ 'ਰਾਜਨ ਰਾਜਾ' ਉੱਠੇ...ਤਾਲਾ ਖੁੱਲ੍ਹ ਗਿਆ। ਬਾਹਰ ਨਿਕਲੇ। ਸਮੁੰਦਰ ਵਾਲੇ ਪਾਸੇ ਗਏ। ਇਸ਼ਨਾਨ ਕੀਤਾ...ਧਿਆਨ ਵਿਚ ਬੈਠੇ। ਬਹੁਤ ਦੇਰ ਹੋਈ। ਹੁਣ ਪਹੁ ਫੁੱਟਣ ਨੂੰ ਹੋਈ ਤਾਂ ਮੈਂ ਨੇੜੇ ਜਾ ਕੇ ਅਰਜ਼ ਕੀਤੀ, 'ਰਾਜਨ ਰਾਜਾ', ਹੁਣ ਚੱਲੋ...ਦੇਰ ਹੋ ਗਈ। ਹੁਣ ਦਿਹਾੜੀ ਦੀ ਡਿਊਟੀ ਵਾਲੇ ਅਫ਼ਸਰ ਆਉਣਗੇ। ਕਮਰੇ 'ਚੋਂ ਗ਼ਾਇਬ ਵੇਖ, ਮੇਰੇ 'ਤੇ ਵੱਡਾ ਦੋਸ਼ ਲਾ ਕੇ ਸਜ਼ਾ ਦੇਣਗੇ। 'ਰਾਜਨ ਰਾਜਾ' ਨੇ ਇਕ ਵਾਰ ਨੇਤਰ ਖੋਲ੍ਹ ਮੇਰੇ ਵੱਲ ਵੇਖਿਆ...ਉਨ੍ਹਾਂ ਨੇਤਰਾਂ ਵਿਚ ਅੰਮ੍ਰਿਤ ਰਸ ਭਰਿਆ ਹੋਇਆ ਸੀ। ਬਚਨ ਕੀਤਾ, ਹੁਣ ਮੈਂ ਨਹੀਂ ਜਾਣਾ...ਤੂੰ ਜਾ... ਤੈਨੂੰ ਕੁਝ ਨਹੀਂ ਹੋਵੇਗਾ...ਸਾਰੀ ਗੱਲ ਸੱਚ ਦੱਸ ਦੇ। ਆਪ ਸਮੁੰਦਰ ਪਾਸੇ ਅਲੋਪ ਹੋ ਗਏ। ਦਿਨ ਦਾ ਉਜਾਲਾ ਹੋਇਆ...ਅਫ਼ਸਰ ਲੋਗ ਆਏ। ਮੈਂ ਸਾਰੀ ਗੱਲ ਦੱਸੀ ਤਾਂ ਰੌਲ਼ਾ ਪੈ ਗਿਆ। ਡਿਪਟੀ ਕਮਿਸ਼ਨਰ, ਪੁਲਿਸ ਕਪਤਾਨ, ਹੋਰ ਕਈ ਅਫ਼ਸਰ ਪਹੁੰਚ ਗਏ। ਆਪਸ ਵਿਚ ਸਾਰੇ ਅਫ਼ਸਰ ਵਾਰਤਾ ਕਰ ਕੇ, ਸਾਰੇ ਕਰਮਚਾਰੀਆਂ ਨੂੰ ਸੱਦ ਕੇ ਚੰਗੀ ਤਰ੍ਹਾਂ ਸਮਝਾਇਆ ਕਿ ਇਕੋ ਗੱਲ ਕਰਨੀ ਹੈ,

'ਰਾਜਨ ਰਾਜਾ' ਕਾ ਫੋਤ ਹੋ ਗਿਆ। ਉਨ੍ਹਾਂ ਸਿਵਲ ਹਸਪਤਾਲ ਨਾਲ ਸੰਪਰਕ ਕੀਤਾ। ਸੰਯੋਗ ਨਾਲ, ਪੰਜਾਬ ਦੇ ਜਲੰਧਰ ਤੋਂ ਆਇਆ ਇਕ ਘੁਮੰਤਰੂ ਸਿੱਖ, ਰਾਤ ਡਾਇਰੀਆ ਨਾਲ ਪੀੜਤ ਹੋਇ ਕੇ ਦਾਖਲ ਹੋਇਆ ਸੀ। ਰਾਤ ਉਸ ਦੀ ਮੌਤ ਹੋ ਗਈ। ਹਸਪਤਾਲ ਦੇ ਰਜਿਸਟਰ ਵਿਚ ਉਸ ਦਾ ਨਾਮ 'ਰਾਮ ਸਿੰਘ' ਦਰਜ ਕੀਤਾ ਗਿਆ। ਮ੍ਰਿਤਕ ਸਰੀਰ, ਬੰਗਲੇ ਵਿਚ ਲਿਆ ਕੇ, ਜ਼ਰੂਰੀ ਕਾਰਵਾਈ ਕਰ ਕੇ ਸਸਕਾਰ ਕਰ ਦਿੱਤਾ ਅਤੇ ਰਜਿਸਟਰ ਵਿਚ ਦਰਜ਼ ਕੀਤਾ ਗਿਆ ਕਿ 29 ਨਵੰਬਰ 1885 ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਦੇਹ ਸ਼ਾਂਤ ਹੋ ਗਈ।

ਅੱਜ ਵੀ, ਅੰਮ੍ਰਿਤ ਭਿੰਨੇ, ਉਨ੍ਹਾਂ ਨੇਤਰਾਂ ਵਾਲੇ ਸਤਿਗੁਰੂ ਦੀ, ਕੂਕਿਆਂ ਨੂੰ ਉਡੀਕ ਹੈ।

# ਹਰ ਦਿਲ ਅੰਦਰ ਦੁਖੜੇ

ਬੁੱਲੇ ਸ਼ਾਹ ਕਹਿੰਦਾ ਹੈ, ਸੂਫ਼ੀ ਫ਼ਕੀਰ ਗਾਉਂਦੇ ਹਨ—

ਲਿਸ਼ਕ ਪੁਸ਼ਕ ਤੂੰ ਵੇਖ ਨਾ ਬੁੱਲਿਆ
ਵੇਖ ਨਾ ਸੁੰਦਰ ਮੁਖੜੇ।
ਹਰ ਮੁਖੜੇ ਦੇ ਅੰਦਰ ਦਿਲ ਹੈ
ਹਰ ਦਿਲ ਅੰਦਰ ਦੁਖੜੇ।

ਵੰਨ-ਸੁਵੰਨੀਆਂ ਪੋਸ਼ਾਕਾਂ, ਲਿਸ਼ਕਦੇ ਪਹਿਰਾਵਿਆਂ ਅੰਦਰ, ਦੌੜਦੀ ਦੁਨੀਆਂ, ਕੋਈ ਨਾ ਕੋਈ ਦੁੱਖ ਦਰਦ ਵੀ ਢੋਅ ਰਹੀ ਹੈ। ਕੋਈ ਗ਼ਰੀਬੀ ਢੋਅ ਰਿਹਾ ਹੈ, ਕੋਈ ਨਿਪੂਤਾ ਹੈ, ਕੋਈ ਰੋਗੀ ਹੈ, ਕੋਈ ਸੋਗੀ ਹੈ। ਹਸਦੇ ਮੁਸਕਰਾਉਂਦੇ ਲੋਗ ਅੰਦਰ ਦੇ ਦਰਦ ਨੂੰ ਲੁਕਾਉਣ ਦਾ ਹੀਲਾ ਕਰ ਰਹੇ ਹੁੰਦੇ ਹਨ।

ਸਾਰਾ ਜਗ ਮੰਗਤਾ ਹੈ, ਮੇਰੇ ਸਤਿਗੁਰ ਕਹਿੰਦੇ ਹਨ—

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥ **(ਗਉੜੀ ਮਹਲਾ ੫)**

ਕੋਈ ਦੁੱਧ ਮੰਗ ਰਿਹੈ, ਕੋਈ ਪੁੱਤ ਮੰਗ ਰਿਹੈ। ਕੋਈ ਤਨ ਦੀ ਨਿਰੋਗਤਾ, ਕੋਈ ਧਨ ਦੀ ਬਰਕਤ। ਕੋਈ ਮੰਦਰ, ਗੁਰਦੁਆਰਿਆਂ ਦੇ ਅੰਦਰ ਮੰਗ ਰਿਹੈ, ਕੋਈ ਬਾਹਰ, ਹੱਥ ਵਿਚ ਕਟੋਰਾ ਫੜ ਕੇ ਮੰਗ ਰਿਹੈ। ਸਤਿਗੁਰ ਕਹਿੰਦੇ ਹਨ—

ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥
ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ॥

ਜਗ ਭ੍ਰਮਣ ਕਰਦਿਆਂ, ਇਕ ਵੱਡੀ ਦੁਕਾਨ ਦੇ ਬਾਹਰ ਬੋਹੜ ਹੇਠ ਬੈਠਦਿਆਂ, ਭਾਈ ਮਰਦਾਨਾ ਸਤਿਗੁਰਾਂ ਵੱਲ ਮੁਖ਼ਾਤਬ ਹੁੰਦਾ ਹੈ, "ਬੜਾ ਤਕੜਾ ਸ਼ਾਹੂਕਾਰ ਹੈ...ਸੁਖੀ ਸੰਪੰਨ ਜਾਪਦਾ ਹੈ। ਗੁਰੂ ਨਾਨਕ ਪਾਤਸ਼ਾਹ, ਰਾਮਕਲੀ ਰਾਗ ਵਿਚ, ਗੁਰਬਾਣੀ ਉਚਾਰਦੇ ਹੋਏ, ਜਗ ਦਾ ਦਰਦ ਪ੍ਰਗਟ ਕਰਦੇ ਹਨ—

ਨਾਨਕ ਦੁਖੀਆ ਸਭੁ ਸੰਸਾਰੁ॥

ਮਰਦਾਨਿਆਂ, ਇਹ ਮਾਤ ਲੋਕ ਹੈ, ਦੁੱਖਾਂ ਭਰਿਆ ਲੋਕ! ਇਸ ਲੋਕ ਵਿਚ, ਰਾਜੇ ਭੀ ਰੋਂਦੇ ਰਹੇ, ਅਵਤਾਰ ਭੀ ਇਕ ਖਿਨ ਆਇਆ, ਜਦੋਂ...ਜਲ ਭਰੇ ਨੇਤਰ ਵੇਖੇ ਗਏ।

ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥
ਪਰਸ ਰਾਮੁ ਰੋਵੈ ਘਰਿ ਆਇਆ॥

ਅਹਿਲਯਾ ਦਾ ਸ਼ੀਲ ਹਰਨ ਕੀਤਾ ਤਾਂ ਗੌਤਮ ਰਿਖੀ ਦੇ ਸਰਾਪ ਨਾਲ ਚਿਹਰੇ ’ਤੇ...ਸਰੀਰ ’ਤੇ ਹਜ਼ਾਰਾਂ ਭਗ ਚਿਹਨ ਉਭਰ ਆਏ...ਉਦੋਂ ਦੇਵਤਿਆਂ ਦਾ ਰਾਜਾ ਇੰਦਰ ਰੋਇਆ।

ਪਰਸ਼ੂਰਾਮ ਬਾਰ੍ਹਾਂ ਵਰ੍ਹੇ ਤਪ ਕਰ ਕੇ ਸ਼ਿਵਜੀ ਤੋਂ ਵਰਦਾਨ ਰੂਪ ਵਿਚ ਫਰਸ਼ਾ ਮੋਢੇ ’ਤੇ ਰੱਖ ਘਰ ਆਇਆ। ਚਿੱਤ ਬਹੁਤ ਪ੍ਰਸੰਨ ਸੀ, ਲੰਬੇ ਸਮੇਂ ਤੋਂ ਬਾਦ, ਪਿਤਾ ਸ੍ਰੀ ਜਮਦਗਨੀ ਰਿਸ਼ੀ ਅਤੇ ਮਾਤਾ ਰੇਣੁਕਾ ਨਾਲ ਮਿਲਣਾ ਨਸੀਬ ਹੋਵੇਗਾ। ਘਰ ਦਾ ਮਾਹੌਲ ਤਣਾਓ ਪੂਰਨ ਵੇਖ ਕੇ, ਪਰਸ਼ੂਰਾਮ ਨੇ ਪਿਤਾ ਤੋਂ ਜਾਣਨਾ ਚਾਹਿਆ। ਜਮਦਗਨੀ ਰਿਸ਼ੀ ਦੇ ਆਸ਼ਰਮ ਵਿਚ ਦੇਵਲੋਕ ਤੋਂ ਪ੍ਰਾਪਤ ਨੰਦਿਨੀ ਗਊ ਹੈ ਸੀ। ਉਸ ਗਊ ਤੋਂ ਜਿਹੜੇ ਵੀ ਭੋਜਨ ਪਦਾਰਥ ਦੀ ਮੰਗ ਕਰਦੇ, ਤਤਕਾਲ ਉਹ ਪਦਾਰਥ ਸਾਮ੍ਹਣੇ ਆ ਜਾਂਦੇ। ਰਾਜਾ ਸਹਸਤ੍ਰ ਬਾਹੂ ਅਤੇ ਉਸ ਦੇ ਪੁੱਤਰ ਅਤਿ ਦੇ ਅਹੰਕਾਰੀ ਅਤੇ ਦੁਰਾਚਾਰੀ ਹੈ ਸਨ। ਉਹ ਰਿਸ਼ੀ ਜਮਦਗਨੀ ਦੇ ਆਸ਼੍ਰਮ ’ਚੋਂ ਗਊ ਨੂੰ ਫੜ ਕੇ ਰਾਜਮਹੱਲ ਲੈ ਗਏ। ਰਿਸ਼ੀ ਨੇ ਰੋਕਣਾ ਚਾਹਿਆ ਤਾਂ ਮਾਰ ਕੁੱਟ ਕੇ ਸੁੱਟ ਗਏ। ਰਿਸ਼ੀ ਦੀ ਘਰ ਵਾਲੀ ਪਿੱਛੋਂ ਚੰਦਰਵੰਸ਼ੀ ਖੱਤਰੀ ਰਾਜਾ ਦੀ ਲੜਕੀ ਸੀ। ਸੁਭਾਅ ਵਿਚ ਨਿਰਭੈਅਤਾ, ਨਿਡਰਤਾ ਸੀ। ਉਹ ਗਊ ਨੂੰ ਲੈਣ ਹਿੱਤ ਰਾਜ ਮਹਿਲ ਪਹੁੰਚ ਗਈ। ਮਹਿਲ ਵਿਚ ਰਾਜਾ ਸਹਸਤ੍ਰ ਬਾਹੂ, ਰੇਣੁਕਾ ਦੀ ਸੁੰਦਰਤਾ ’ਤੇ ਮੁਗਧ ਹੋ ਕੇ, ਸ਼ੀਲ ਹਰਣ ਕਰਨਾ ਚਾਹਿਆ। ਮਾਤਾ ਰੇਣੁਕਾ, ਆਪਣੇ ਸਤੀ ਬਲ ਨਾਲ ਸਾਰੇ ਦਰਵਾਜ਼ੇ ਖੋਲ੍ਹ ਕੇ ਆਸ਼੍ਰਮ ਆ ਗਈ। ਪਰ ਰਿਸ਼ੀ ਜਮਦਗਨੀ ਨੇ ਨਾਰਾਜ਼ ਹੋ ਕੇ ਪਤਨੀ ਰੇਣੁਕਾ ਦਾ ਤਿਆਗ ਕਰ ਦਿੱਤਾ। ਪਰਸ਼ੂਰਾਮ ਬਾਰ੍ਹਾਂ ਵਰ੍ਹਿਆਂ ਬਾਦ ਆਏ। ਪਿਤਾ ਨੂੰ ਉਦਾਸ ਵੇਖ ਪੁੱਛਿਆ, ਪਿਤਾ ਜੀ, ਮੈਨੂੰ ਵੇਖ ਕੇ ਤੁਸੀਂ ਖੁਸ਼ ਨਹੀਂ ਹੋਏ।

ਰਿਸ਼ੀ ਨੇ ਕਿਹਾ, ਪੁੱਤਰ ਮੈਨੂੰ ਖੁਸ਼ ਵੇਖਣਾ ਚਾਹੁੰਦਾ ਹੈ ਤਾਂ ਆਪਣੀ ਮਾਂ ਦਾ ਸਿਰ ਲਾਹ ਦੇ। ਪਰਸ਼ੂਰਾਮ ਆਪਣੀ ਮਾਤਾ ਨਾਲ ਬਹੁਤ ਪਿਆਰ ਸਤਿਕਾਰ ਕਰਦੇ ਸੀ। ਧਰਮ ਸੰਕਟ ਵਿਚ ਘਿਰੇ ਹੋਏ ਪੁੱਤਰ ਨੂੰ ਵੇਖ ਕੇ, ਮਾਤਾ ਰੇਣੁਕਾ ਨੇ ਕਿਹਾ, ਪੁੱਤਰ ਪਰਸ਼ੂਰਾਮ, ਆਪਣੇ ਪਿਤਾ ਦੀ ਆਗਿਆ ਦੀ ਪਾਲਣਾ ਕਰੋ। ਮਾਂ ਨੇ ਸਿਰ ਅੱਗੇ ਕਰ ਦਿੱਤਾ...ਪਰਸ਼ੂਰਾਮ ਨੇ ਜ਼ੋਰ ਦੀ ਗਰਜਣਾ ਕੀਤੀ, ਹੇ ਮਹਾਂਦੇਵ! ਔਰ ਮਹਾਦੇਵ ਤੋਂ ਪ੍ਰਾਪਤ ਕੋਹਾੜੇ ਦੇ ਇਕ ਵਾਰ ਨਾਲ ਮਾਂ ਦਾ ਸੀਸ, ਵੱਖ ਕਰ ਦਿੱਤਾ। ਉਸ ਵੇਲੇ ਪਰਸ਼ੂਰਾਮ ਦੇ ਵਿਲਾਪ ਨਾਲ ਦਿਸ਼ਾਵਾਂ ਕੰਬ ਗਈਆਂ। ਤਾਂ ਸਤਿਗੁਰ ਕਹਿੰਦੇ ਹਨ, ਮਰਦਾਨਿਆ...

ਪਰਸ ਰਾਮੁ ਰੋਵੈ ਘਰਿ ਆਇਆ॥

ਇਸ ਧਰਤੀ ’ਤੇ ‘ਨਾਨਕ ਦੁਖੀਆ ਸਭੁ ਸੰਸਾਰੁ॥’

ਪੰਜਵੇਂ ਪਾਤਸ਼ਾਹ, ਜਗ ਦੇ ਦੁੱਖ ਤੋਂ ਦ੍ਰਵਿਤ ਹਨ। ਬੇਨਤੀ ਕਰਦੇ ਹਨ—

ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ॥

ਦੁੱਖ ਤਾਂ ਆਪਣੇ ਹੀ ਕੀਤੇ ਹੋਏ ਕਰਮਾਂ ਦਾ ਪ੍ਰਾਲੱਬਧ ਬਣ ਕੇ ਆਉਂਦਾ ਹੈ। ਪ੍ਰੇਮ, ਦੁੱਖ ਦਾ ਦਾਰੂ ਹੈ। ਕਰੁਣਾ ਭਰਿਆ ਹੱਥ, ਪੇਨ ਕੀਲਰ...ਦਰਦ ਨਿਵਾਰਣ ਦਾ ਕੰਮ ਕਰਦਾ ਹੈ। ਸਤਿਗੁਰ, ਪਰਮੇਸ਼ਰ ਅਨਾਥਾਂ ਦਾ ਸਹਾਰਾ ਹੈ...ਮਨੁੱਖ ਮਾਤਰ ਦਾ ਦਰਦੀ ਹੈ...ਦੁਖਿਆਰਿਆਂ ਦਾ ਸਖਾ ਹੈ, ਹਮਦਰਦ ਹੈ।

ਰੱਬ ਨਾ ਕਰੇ, ਕਿਸੇ 'ਤੇ ਪਰਚਾ ਪੈ ਜਾਏ। ਕੋਈ ਕੁਲੱਖਣੀ ਘੜੀ ਆਉਂਦੀ ਹੈ ਤਾਂ ਨਾਂਹ ਕਰਾ ਦਿੰਦੀ ਹੈ। ਆਪਣੇ ਵੀ ਬਿਗਾਨੇ ਹੋ ਜਾਂਦੇ ਹਨ। ਦੁੱਖਾਂ ਭਰਿਆ ਅੰਨ੍ਹਾ ਖੂਹ, ਹਨੇਰੀ ਰਾਤ...ਕੋਈ ਮਦਦਗਾਰ ਨਹੀਂ ਦਿਸਦਾ।

"ਅੰਧ ਕੂਪ ਮਹਾ ਭਇਅਨ ਨਾਨਕ ਪਾਰਿ ਉਤਾਰ॥"

ਹਿਰਦੇ ਵਿਚ ਦਰਦ ਹੈ...ਅੱਖਾਂ ਵਿਚ ਉਡੀਕ ਕਿਸੇ ਆਪਣੇ ਦੀ।

ਇਕ ਵਾਰ ਗੁਰੂ ਨਾਨਕ ਪਾਤਸ਼ਾਹ ਦੂਰ, ਅਰਬ ਦੇ ਇਲਾਕੇ ਵਿਚ ਟੁਰੀ ਜਾ ਰਹੇ ਹਨ। ਨਾਲ, ਪਿੱਛੇ-ਪਿੱਛੇ ਮਰਦਾਨਾ ਵੀ ਟੁਰੀ ਜਾਂਦਾ ਹੈ। ਸਤਿਗੁਰ ਬਾਬਾ, ਇਹ ਕਿਥਾਉਂ ਆਏ ਗਏ? ਅਨਜਾਣ ਇਲਾਕਾ, ਅਜਨਬੀ ਲੋਕ, ਨਾ ਸਮਝ ਆਉਂਦੀ ਇਨ੍ਹਾਂ ਦੀ ਭਾਸ਼ਾ। ਜੀ ਕਰਦੈ, ਆਪਣੇ ਦੇਸ਼ ਦਾ ਕੁੱਤਾ ਵੀ ਮਿਲੇ, ਮੈਂ ਤਿਸ ਦੇ ਗੱਲ ਲੱਗ ਰੋਵਾਂ। ਇਹ ਪ੍ਰੇਮ, ਜੀਆਂ ਪ੍ਰਤੀ ਕਰੁਣਾ, ਕੋਈ ਧਰਮੀ...ਕੋਈ ਰੱਬ ਦਾ ਬੰਦਾ...ਕੋਈ ਸੱਚਾ ਇਨਸਾਨ ਹੀ ਕਰੇਗਾ। ਬਹੁਤ ਕਿਰਪਾ...ਗੁਰੂ ਦੀ ਅਪਾਰ ਅਨੁਕੰਪਾ ਹੋਵੇ ਤਾਂ ਕੋਈ ਪ੍ਰੇਮ ਵਾਲਾ ਨਸੀਬ ਹੁੰਦਾ ਹੈ।

ਦਸਮ ਪਾਤਸ਼ਾਹ ਫੁਰਮਾਉਂਦੇ ਹਨ—

ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ
ਏਕ ਰਤੀ ਬਿਨੁ ਏਕ ਰਤੀ ਕੇ॥

ਰਤੀ ਸ਼ਬਦ ਦੋ ਵਾਰ ਆਇਆ ਹੈ। ਰਤੀ ਦਾ ਅਰਥ ਪ੍ਰੇਮ ਹੈ। ਦੂਜਾ ਰਤੀ ਤੋਲ-ਮਾਪ ਦਾ ਸਭ ਤੋਂ ਛੋਟਾ ਪੈਮਾਨਾ ਹੈ; ਤੋਲਾ, ਮਾਸਾ, ਰਤੀ!

'ਏਕ ਰਤੀ ਬਿਨੁ ਏਕ ਰਤੀ ਕੇ'—ਭਾਵ ਇਕ ਪ੍ਰੇਮ ਤੋਂ ਬਗ਼ੈਰ ਮਨੁੱਖ, ਇਕ ਰਤੀ ਜਿਹਾ ਹੌਲਾ ਹੁੰਦਾ ਹੈ, ਜੇ ਦੁੱਖ ਦੀ ਘੜੀ ਕਿਸੇ ਦੇ ਕੰਮ ਨਾ ਆਵੇ।

ਮਿਰਜ਼ਾ ਗ਼ਾਲਿਬ ਕਹਿੰਦਾ ਹੈ—

ਬਸ ਦੁਸ਼ਵਾਰ ਹੈ ਹਰ ਕਾਮ ਕਾ ਆਸਾਂ ਹੋਨਾ।
ਆਦਮੀ ਕੋ ਅਯੱਸਰ ਨਹੀਂ ਹੈ, ਇੰਸਾਂ ਹੋਨਾ।

ਇਨਸਾਨ ਤਾਂ ਉਹ ਜਿਹੜਾ ਕਿਸੇ ਦੇ ਕੰਮ ਆਵੇ।

ਸਾਰੇ ਧਰਮ ਪਰਉਪਕਾਰ ਦੀ ਗੱਲ ਕਰਦੇ ਹਨ। ਬਹੁਤ ਤਿਆਗ, ਬਹੁਤ

ਧੀਰਜ ਚਾਹੀਦਾ ਹੈ, ਪਰਉਪਕਾਰ ਲਈ। ਬੋਧ ਭਿੱਖੂ ਮਹਾਸੈਨ ਨਿਯਮ ਅਨੁਸਾਰ ਰੋਜ਼ ਪੰਜ ਘਰ ਭਿਖਿਆ ਲੈਣ ਜਾਂਦਾ ਸੀ। ਮੱਠ 'ਚੋਂ ਨਿਕਲਦਿਆਂ, ਉਨ੍ਹਾਂ ਪੰਜ ਘਰਾਂ 'ਚੋਂ ਇਕ ਘਰ 'ਬ੍ਰਾਹਮਣ' ਦਾ ਹੈ ਸੀ। ਉਹ ਕਦੇ ਕੁਝ ਨਾ ਦਿੰਦਾ। ਸਗੋਂ ਬੋਲ-ਕੁਬੋਲ ਬੋਲਦਾ; ਵੇਹਲੜ...ਨਿਕੰਮੇ...ਹਰਾਮਖੋਰ। ਇਕ ਦਿਨ ਪੰਡਤ ਜੀ, ਕਿਸੇ ਜਜਮਾਨ ਘਰ ਜਾ ਰਹੇ ਸਨ। ਘਰ ਵਾਲੀ ਪੰਡਤਾਣੀ ਨੂੰ ਚੰਗੀ ਤਰ੍ਹਾਂ ਤਾਕੀਦ ਕਰ ਗਏ, ਉਹ ਵੇਹਲਾ ਭਿੱਖੂ ਆਏਗਾ...ਯਾਦ ਰੱਖੀਂ, ਉਸ ਨੂੰ ਕੁਝ ਦੇਣਾ ਨਹੀਂ। ਪੰਡਿਤ ਜੀ, ਚੰਗੀ ਤਰ੍ਹਾਂ ਤਾੜਨਾ ਕਰ ਕੇ ਘਰੋਂ ਨਿਕਲੇ। ਰੋਜ਼ ਦੀ ਤਰ੍ਹਾਂ, ਭਿੱਖੂ ਹੱਥ ਵਿਚ ਭਿਖਿਆ ਪਾਤਰ ਲੈ ਕੇ ਆਇਆ।

ਭਿਖਿਆ ਦੇਹੁ ਜੀ।

ਅੰਦਰੋਂ ਬ੍ਰਾਹਮਣੀ ਆਈ। ਹੱਥ ਜੋੜ ਬੋਲੀ, ਭਿੱਖੂ ਜੀ ਅੱਜ ਤਾਂ ਕੁਝ ਨਹੀਂ ਦੇ ਸਕਦੀ...ਤੁਸੀਂ ਫੇਰ ਕਿਰਪਾ ਕਰਿਓ।

ਭਿੱਖੂ ਅੱਗੇ ਤੁਰ ਪਿਆ। ਥੋੜ੍ਹੀ ਦੂਰ ਅੱਗੋਂ ਉਹ ਬ੍ਰਾਹਮਣ ਆ ਰਿਹਾ ਸੀ। ਉਸ ਨੂੰ ਧੁੜਕੂ ਲੱਗਾ ਸੀ, ਪੰਡਤਾਣੀ ਭੋਲੀ ਜਿਹੀ ਹੈ, ਕਿਤੇ ਕੁਝ ਦੇ ਨਾ ਬੈਠੀ ਹੋਵੇ। ਅੱਗੋਂ ਹੋ ਕੇ ਭਿੱਖੂ ਨੂੰ ਮਿਲੇ ਤੇ ਪੁੱਛਿਆ, ਕਹੋ ਭਿੱਖੂ, ਸਾਡੇ ਘਰ ਭੀ ਗਏ ਸੀ ?

ਹਾਂ ਜੀ...ਗਿਆ ਸੀ।

ਕੁਝ ਭਿਖਿਆ ਮਿਲੀ ?

ਹਾਂ ਜੀ, ਜ਼ਰੂਰ ਮਿਲੀ।

ਪੰਡਿਤ ਤਾਂ ਅੱਗ ਬਬੂਲਾ ਹੋ ਕੇ ਘਰ ਵੱਲ ਤੇਜ਼ੀ ਨਾਲ ਟੁਰ ਪਿਆ। ਪੰਡਤਾਣੀ ਨੂੰ ਪੁੱਛਿਆ, ਮੈਂ ਤੈਨੂੰ ਪੱਕਿਆਂ ਕਰ ਕੇ ਗਿਆ ਸਾਂ, ਉਸ ਵੇਹਲੜ ਭਿੱਖੂ ਨੂੰ ਕੁਝ ਨਹੀਂ ਦੇਣਾ।

ਪੰਡਤਾਣੀ ਬੋਲੀ, ਹਾਂ ਜੀ, ਮੈਂ ਕੁਝ ਨਹੀਂ ਦਿੱਤਾ।

ਪੰਡਤ—ਫੇਰ ਕਿਵੇਂ ਉਹ ਭਿੱਖੂ ਝੂਠ ਬੋਲਦੈ। ਕੱਲ੍ਹ ਆਉਣ ਦਿਉ।

ਅਗਲੇ ਦਿਨ, ਰੋਜ਼ ਦੀ ਤਰ੍ਹਾਂ ਬਾਹਰੋਂ ਆਵਾਜ਼ ਆਈ, ਭਿੱਖਿਆ ਦਿਉ ਜੀ।

ਪੰਡਤ ਬਾਹਰ ਵੱਲ ਦੌੜਿਆ। ਕ੍ਰੋਧ ਵਿਚ ਮੂੰਹੋਂ ਝੱਗ ਛੱਡਣ ਲੱਗਾ, ਓਏ ਨਿਠੱਲੇ ਭਿੱਖੂ, ਝੂਠਾ ਮੱਕਾਰ! ਤੂੰ ਤਾਂ ਕਹਿੰਦਾ ਸੀ, ਮੇਰੇ ਘਰੋਂ ਭਿੱਖਿਆ ਮਿਲੀ ਸੀ।

ਹਾਂ ਜੀ, ਬ੍ਰਾਹਮਣ ਦੇਵ! ਬਰੋਬਰ ਮਿਲੀ ਸੀ।

ਮਿੱਠੇ ਬੋਲਾਂ ਦੀ ਭਿੱਖਿਆ...ਜਿਸ ਨਾਲ ਮਨੁੱਖ ਦਾ ਮਨ ਤਨ ਤ੍ਰਿਪਤ ਹੁੰਦੇ ਹਨ।

ਪੰਡਤ ਹੈਰਾਨ ਹੋਇਆ ਹੱਥ ਜੋੜ ਭਿੱਖੂ ਅੱਗੇ ਝੁਕ ਗਿਆ। ਪਤਾ ਨਹੀਂ ਕਿਹੜੀ ਮਿੱਟੀ ਦੇ ਬਣੇ ਹੋ। ਇਤਨਾ, ਧੀਰਜ! ਇਤਨਾ ਠਰ੍ਹੰਮਾ! ਚਿੱਤ ਵਿਚ ਇਤਨੀ ਸ਼ਾਂਤੀ!

ਮੇਰੇ ਪੁੱਤਰ ਨੂੰ ਸਿੱਖਿਆ ਦਿਉਗੇ ?

ਹਾਂ ਜੀ, ਜ਼ਰੂਰ।

ਉਸ ਬ੍ਰਾਹਮਣ ਦਾ ਪੁੱਤਰ ਮਹਾਸੈਨ ਦੇ ਨਾਲ ਟੁਰ ਪਿਆ, ਦੀਖਿਆ ਲਈ। ਵੱਡਾ ਹੋ ਕੇ ਇਹੋ ਬ੍ਰਾਹਮਣ-ਬ੍ਰਾਹਮਣੀ ਜਾਇਆ ਬਾਲਕ, ਬੋਧ ਧਰਮ ਦਾ ਮਹਾਂਪੰਡਤ ਧੁਰੰਧਰ ਵਿਦਵਾਨ 'ਨਾਗਸੈਣ' ਹੋਇਆ, ਜਿਸ ਨੇ ਅਨੇਕਾਂ ਪੁਸਤਕਾਂ ਲਿਖ ਕੇ ਬੋਧ ਸਾਹਿਤ ਨੂੰ ਸਮ੍ਰਿੱਧ ਕੀਤਾ। ਰਾਜਾ ਮਿਲਿੰਦ ਨਾਲ, ਨਾਗਸੈਨ ਦੇ ਪ੍ਰਸ਼ਨ-ਉਤਰ ਅਧਾਰਿਤ ਬਹੁ-ਚਰਚਿਤ ਗ੍ਰੰਥ **ਮਿਲਿੰਦ ਪ੍ਰਸ਼ਨ** ਵੀ ਨਾਗਸੈਨ ਦੀ ਹੀ ਦੇਣ ਹੈ।

ਦਸਮ ਪਾਤਸ਼ਾਹ ਕਹਿੰਦੇ ਹਨ, ਪਰਮੇਸ਼ਰ ਜਪ ਨਾਲ ਨਹੀਂ, ਤਪ ਨਾਲ ਨਹੀਂ, ਯੱਗ ਨਾਲ ਜਾਂ ਬਹੁਤੇ ਪੂਜਾ ਪਾਠ ਨਾਲ ਨਹੀਂ ਪਾਇਆ ਜਾ ਸਕਦਾ। ਉਹ ਤਾਂ ਪ੍ਰੇਮ ਦਾ ਭੁੱਖਾ ਹੈ। ਭਾਈ ਗੁਰਦਾਸ ਕਹਿੰਦੇ ਹਨ—

ਗੋਵਿੰਦ ਭਾਉ ਭਗਤ ਦਾ ਭੁਖਾ॥

ਪਰ ਮਨੁੱਖ ਜਗਤ ਦੀ ਵਿਡੰਬਨਾ ਹੈ ਕਿ ਪ੍ਰੇਮ ਦੀ ਰਾਸ਼ਨਿੰਗ ਹੋ ਗਈ ਹੈ। ਪ੍ਰੀਤ ਦੁਰਲੱਭ ਹੋ ਗਈ। ਦੁਨੀਆਂ ਦੇ ਮੁਲਕ ਭੀ ਸੰਪਰਦਾ ਦੇ ਆਧਾਰ 'ਤੇ ਵੰਡੇ ਜਾ ਰਹੇ ਹਨ। ਮੁਸਲਿਮ ਰਾਸ਼ਟਰ, ਯਹੂਦੀ ਰਾਸ਼ਟਰ, ਹਿੰਦੂ ਰਾਸ਼ਟਰ ਅਤੇ ਸਿੱਖ ਲੈਂਡ ਦੀ ਚਰਚਾ ਜ਼ੋਰਾਂ 'ਤੇ ਹੈ।

ਇਵੇਂ ਦੀਆਂ ਤੱਤੀਆਂ ਹਵਾਵਾਂ ਦੇ ਵਿਚੋਂ ਸੱਚੇ ਭਗਤਾਂ, ਸੱਚੇ ਗਿਆਨੀਆਂ ਦੀ ਹੋਂਦ, ਬਸੰਤੀ ਬਿਆਰ ਵਾਂਗ ਸ਼ੀਤਲ ਸਪਰਸ਼ ਦੇ ਜਾਂਦੀ ਹੈ। ਸੰਨ 1930-40 ਦੇ ਦਹਾਕੇ ਵਿਚ, ਨਾਮਧਾਰੀਆਂ ਵੱਲੋਂ ਆਜ਼ਾਦੀ ਦੀ ਮੰਗ ਜ਼ੋਰਾਂ 'ਤੇ ਸੀ। ਲਾਹੌਰ, ਸਿਆਲਕੋਟ, ਫਿਰੋਜ਼ਪੁਰ, ਜਿਹੇ ਕਈ ਥਾਵਾਂ 'ਤੇ ਰੋਸ ਪ੍ਰਦਰਸ਼ਨ ਅਤੇ ਮੁਜ਼ਾਹਰੇ ਹੋ ਰਹੇ ਸਨ। ਇਸੇ ਸਿਲਸਿਲੇ ਵਿਚ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਭੀ ਗ੍ਰਿਫ਼ਤਾਰ ਕਰ ਕੇ, ਲਾਹੌਰ ਸੈਂਟ੍ਰਲ ਜੇਲ੍ਹ ਭੇਜੇ ਗਏ। ਜੇਲ੍ਹ ਵਿਚ ਹਿੰਦੂ, ਮੁਸਲਮਾਨ, ਸਿੱਖ, ਸਾਰੀਆਂ ਸੰਪਰਦਾਵਾਂ ਦੇ ਲੋਕ ਸਜ਼ਾ ਭੁਗਤ ਰਹੇ ਸਨ। ਕਈ ਅਪਰਾਧੀ, ਕਾਤਲ ਭੀ ਹੈ ਸਨ। ਪੈਸਿਆਂ ਦੇ ਸਿਰ 'ਤੇ ਜੇਲ੍ਹ ਵਿਚ ਵੀ ਅਫ਼ੀਮ, ਗਾਂਜਾ, ਭੁੱਕੀ ਪਹੁੰਚ ਜਾਂਦੀ। ਖ਼ਬਰ ਪ੍ਰਸ਼ਾਸ਼ਨ ਨੂੰ ਲੱਗੀ ਤਾਂ ਰੈੱਡ ਪਈ। ਜੇਲ੍ਹ ਵਿਚ ਹਫੜਾ ਦਫੜੀ ਮੱਚ ਗਈ। ਸੰਤਾਂ ਦਾ ਜੇਲ੍ਹ ਅਧਿਕਾਰੀ ਵੀ ਬਹੁਤ ਸਤਿਕਾਰ ਕਰਦੇ ਸਨ, ਇਹ ਸਾਰਿਆਂ ਨੂੰ ਪਤਾ ਸੀ। ਪੰਜ ਸੱਤ ਮੁੰਡੇ, ਵਿਚੇ ਹਿੰਦੂਆਂ ਦੇ, ਵਿਚੇ ਮੁਸਲਮਾਨਾਂ ਦੇ ਆਏ।

ਸੰਤਾਂ ਅੱਗੇ ਗਿੜਗਿੜਾਉਣ ਲੱਗੇ। ਸੰਤ ਜੀ ਬਚਾ ਲਓ...ਨਹੀਂ ਤਾਂ ਅੱਜ ਮਾਰੇ ਜਾਵਾਂਗੇ।

ਸੰਤਾਂ ਪੁੱਛਿਆ, ਦੱਸੋ ਮੈਂ ਕੀ ਕਰ ਸਕਦਾ ਹਾਂ।

ਤੁਸੀਂ ਇਹ ਸਾਡੀਆਂ ਪੁੜੀਆਂ ਨਸ਼ੇ ਦੀਆਂ ਆਪਣੇ ਕੋਲ ਕਿਤੇ ਰੱਖ ਲਓ...ਨਹੀਂ ਤਾਂ ਅਸੀਂ ਸਾਰੇ ਮਾਰੇ ਜਾਵਾਂਗੇ।

"ਇਕ ਸ਼ਰਤ ਹੈ", ਹੁਣ ਸੰਤਾਂ ਨੇ ਸੌਦੇਬਾਜ਼ੀ ਕੀਤੀ।

"ਦੱਸੋ ਜੀ...ਕੀ ਸ਼ਰਤ ਹੈ ?"

"ਵਾਅਦਾ ਕਰੋ...ਅੱਗੋਂ ਨਸ਼ਾ ਨਹੀਂ ਕਰੋਗੇ"—ਸੰਤਾਂ ਵਚਨ ਕੀਤਾ।

"ਮੰਜ਼ੂਰ ਹੈ" ਸਾਰਿਆਂ ਨਸ਼ਾ ਤਿਆਗਣ ਦੀ ਸਹੁੰ ਚੁੱਕੀ।

ਸੰਤਾਂ ਨੇ ਹੱਥ ਉਪਰ ਚੁੱਕ ਲਿਆ ਤੇ ਕਿਹਾ, ਜੋ ਕੁਝ ਵੀ ਤੁਹਾਡੇ ਕੋਲ ਹੈ, ਉਹ ਮੇਰੀਆਂ ਜੇਬਾਂ ਵਿਚ ਪਾ ਦਿਉ। ਸੰਤਾਂ ਦਾ ਚੋਲਾ...ਵੱਡੀਆਂ ਜੇਬਾਂ, ਫਿਰ ਉੱਤੋਂ ਇਵੇਂ ਦੀ ਹੀ ਫਤੂਹੀ। ਆਪੋ ਆਪਣੀ ਸਮੱਗਰੀ ਸੰਤਾਂ ਦੀਆਂ ਜੇਬਾਂ ਵਿਚ ਪਾ ਦਿੱਤੀ।

ਸਰਚ ਹੋਇਆ। ਕੈਦੀਆਂ ਦੀਆਂ ਬੈਰਕਾਂ, ਕਮਰਿਆਂ, ਝੋਲੇ, ਬਸਤਰ, ਬਿਸਤਰੇ...ਸਾਰੇ ਖੰਘਾਲੇ। ਸੰਤਾਂ ਪ੍ਰਤੀ ਸ਼ਰਧਾ ਸੀ, ਭਰੋਸਾ ਸੀ...ਇਹ ਤਾਂ ਹੱਥ ਵੀ ਨਹੀਂ ਲਾਉਂਦੇ। ਸਾਰੇ ਬਚ ਗਏ। ਮਗਰੋਂ ਇਕ ਸੇਵਕ ਕੈਦੀ ਦੀ ਸਹਾਇਤਾ ਨਾਲ, ਸਾਰੀਆਂ ਪੁੜੀਆਂ ਅਤੇ ਸਮੱਗਰੀ ਕੂੜੇਦਾਨ ਵਿਚ ਸੁਟਵਾਇਆ, ਝੱਗਾ ਧੋ ਲਿਆ। ਇਹ ਗੁਰੂ ਦੀ ਦਿੱਤੀ ਸਿੱਖੀ ਹੈ...ਸਿੱਖ ਧਰਮ ਦਰਸ਼ਨ ਹੈ—

ਸਤਿਗੁਰ ਰਾਮ ਸਿੰਘ ਨਾਮ ਚੜ੍ਹਦੀ ਕਲਾ॥<br>
ਤੇਰੇ ਭਾਣੇ ਸਰਬੱਤ ਦਾ ਭਲਾ॥

ਇਹ ਸਿੱਖ ਦੀ ਸਿੱਖਿਆ ਹੈ। ਜਗ ਤੋਂ ਨਿਵੇਕਲਾ ਸਿੱਖੀ ਸਕੂਲ, ਵਿਲੱਖਣ ਵਿਦਿਆ ਅਤੇ ਫਰਿਸ਼ਤਿਆਂ ਦਾ ਸਮਾਜ। ਇਥੇ ਜਾਤ-ਪਾਤ ਦੇ ਭੇਦ ਭਾਵ ਤੋਂ ਉਪਰ ਦੀ ਸਿੱਖਿਆ ਦਿੱਤੀ ਜਾਂਦੀ ਹੈ। ਪ੍ਰਾਣੀ ਮਾਤਰ ਦੀ ਰੱਖਿਆ, ਮਿੱਟੀ, ਪਾਣੀ, ਹਵਾ ਦੀ ਸੰਭਾਲ, ਪਰਉਪਕਾਰ ਅਤੇ ਸਿੱਖ ਦਾ ਸ੍ਵੈਮਾਣ, ਇਥੇ ਲਹੂ ਵਿਚ ਪ੍ਰਵੇਸ਼ ਕਰਵਾਇਆ ਜਾਂਦਾ ਹੈ। ਕਹਿੰਦੇ ਹਨ, ਔਖੀ ਘੜੀ ਜਿਹੜਾ ਨਿਰਭੈਅ ਹੋ ਕੇ ਖਲੋਵੇ, ਉਹ ਮਿੱਤਰ ਹੁੰਦਾ ਹੈ।

ਸੰਨ 1708 ਵਿਚ ਨਾਂਦੇੜ, ਕਲਗੀਧਰ ਪਾਤਸ਼ਾਹ ਦੇ ਕੌਤਕ ਅਤੇ ਸੰਨ 1716 ਵਿਚ ਬੰਦਾ ਬਹਾਦਰ ਦੀ ਸ਼ਹਾਦਤ ਤੋਂ ਬਾਦ, ਸਿੱਖ ਕੌਮ ਤੇ ਜ਼ੁਲਮਾਂ ਦੇ ਝੱਖੜ ਝੁੱਲੇ। ਪਰ ਉਸ ਬਿਪਤ ਦੀ ਘੜੀ ਵਿਚ ਭੀ, ਗੁਰੂ ਦੇ ਸਿੱਖਾਂ ਨੇ ਸਿੱਖੀ ਆਦਰਸ਼ ਨਿਭਾਇਆ। ਮੁਗ਼ਲਾਂ-ਪਠਾਣਾਂ ਨਾਲ ਘਾਤ ਲਾ ਕੇ ਹਮਲਾ ਕਰਦੇ...ਲੁੱਟ ਦੇ ਮਾਲ ਦੇ ਨਾਲ ਨਾਲ ਹਿੰਦੁਸਤਾਨੀਆਂ ਦੀਆਂ ਔਰਤਾਂ ਲੜਕੀਆਂ ਨੂੰ ਮੁਕਤ ਕਰਵਾਉਂਦੇ...ਉਨ੍ਹਾਂ ਦੇ ਘਰਾਂ ਤਕ ਪਹੁੰਚਾਉਂਦੇ। ਅਫ਼ਗਾਨ, ਇਰਾਕ, ਟਰਕੀ ਤੋਂ ਆਏ ਲੁਟੇਰਿਆਂ, ਹਮਲਾਵਰਾਂ ਨਾਲ ਲੋਹਾ ਲੈਂਦੇ। ਇਹ ਭੇਖ...ਸਿੱਖੀ ਸਰੂਪ; ਆਪਣੇ ਵਿਚ ਸੂਰਮਤਾਈ ਅਤੇ ਸੰਘਰਸ਼ ਦਾ ਲੰਬਾ ਇਤਿਹਾਸ ਵੀ ਪ੍ਰਕਾਸ਼ਤ ਕਰਦਾ ਹੈ। ਇਕ ਵਾਰ ਸੁਆਮੀ ਰਾਮਕ੍ਰਿਸ਼ਨ ਤੋਂ ਕਿਸੇ ਪੁੱਛਿਆ, ਇਹ ਤੁਹਾਡੇ ਅਨੁਯਾਈਆਂ ਦਾ ਜਿਹੜਾ ਕੇਸਰੀਆ ਬਾਣਾ ਹੈ, ਇਹ ਭੇਖ ਜ਼ਰੂਰੀ ਹੈ ?

"ਹਾਂ ਬਹੁਤ ਜ਼ਰੂਰੀ ਹੈ"—ਸੁਆਮੀ ਜੀ ਕਿਹਾ, ਇਹ ਜੋ ਧਾਨ ਹੈ...ਚਾਵਲ ਦੇ ਉਪਰ ਆਵਰਣ ਚੜ੍ਹਿਆ ਹੋਇਆ। ਇਹ ਲਾਹ ਦਿਉ ਤਾਂ ਚਾਵਲ, ਪਤੀਲੀ ਵਿਚ

ਉਬਾਲਣ ਜੋਗਾ ਰਹਿ ਜਾਏਗਾ। ਇਸ ਦੀ ਉਤਪਾਦਨ ਛਮਤਾ, ਬਸਤਰ, ਭੇਖ ਤੋਂ ਪ੍ਰੇਰਤ ਹੋ ਕੇ ਜਿਹੜੇ ਹੋਰ ਲੋਗ, ਸੇਵਕ ਬਣਦੇ ਹਨ, ਪਰੋਪਕਾਰੀ ਬਣਦੇ ਹਨ...ਧਰਮੀ ਬਣਦੇ ਹਨ...ਉਹ ਉਤਪਾਦਕਤਾ, ਉਹ ਸਿਰਜਕਤਾ, ਫਿਰ ਗਵਾਚ ਜਾਂਦੀ ਹੈ।

ਸੱਚਾ ਮਿੱਤਰ, ਹਰ ਔਖੇ ਜਾਂ ਸੌਖੇ ਸਮੇਂ ਨਾਲ ਹੀ ਰਹਿੰਦਾ ਹੈ। ਭਾਈ ਸੱਤੇ ਬਲਵੰਡ ਨੇ ਜਦੋਂ ਗੁਰੂਆਂ ਲਈ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਤਾਂ ਸਹਿਜੇ ਸਤਿਗੁਰਾਂ ਦੇ ਮੁਖਾਰਬਿੰਦ ’ਚੋਂ ਬਚਨ ਨਿਕਲਿਆ, ਜਾਓ ਓਏ ਕੋੜੀਓ! ਫਿਟ ਗਏ ਹੋ...ਤੁਹਾਨੂੰ ਕੋਹੜ ਹੋਵੇ। ਗੁਰੂ ਦਾ ਬਚਨ ਹੋਇਆ ਤਾਂ ਭਾਣਾ ਵਰਤ ਗਿਆ। ਸਾਰੇ ਸਰੀਰ ਵਿਚ ਕੋਹੜ ਹੋ ਗਿਆ। ਲੋਕਾਂ ਛੇਕ ਦਿੱਤਾ...ਪਿੰਡੋਂ ਬਾਹਰ ਕਰ ਦਿੱਤਾ। ਸਾਰੇ ਸਰੀਰ ’ਤੇ ਫੋੜੇ ਨਿਕਲ ਆਏ...ਮਵਾਦ ਰਿਸਦੀ ਰਹਿੰਦੀ...ਮੱਖੀਆਂ ਭਿੰਨ ਭਿੰਨ ਕਰਦੀਆਂ। ਭਾਈ ਲੱਧਾ ਜੀ, ਸਤਿਗੁਰ ਦੇ ਪਰਉਪਕਾਰੀ ਸਿੱਖ, ਮੂੰਹ ਕਾਲਾ ਕਰ ਕੇ, ਖੋਤੇ ’ਤੇ ਬੈਠ ਕੇ, ਜਲੂਸ ਦੀ ਸ਼ਕਲ ਵਿਚ, ਸ੍ਰੀ ਅੰਮ੍ਰਿਤਸਰ ਦੀ ਗਲੀਆਂ ’ਚੋਂ ਹੁੰਦਿਆਂ, ਸ੍ਰੀ ਦਰਬਾਰ ਸਾਹਿਬ, ਦੁਖ ਭੰਜਨੀ ਬੇਰੀ ਹੇਠ ਬਿਰਾਜਮਾਨ, ਸਤਿਗੁਰਾਂ ਕੋਲ ਪੁੱਜੇ। ਗੱਲ ਵਿਚ ਪੱਲਾ ਪਾ, ਹਜ਼ੂਰੀ ਰਾਗੀਆਂ ਨੂੰ ਬਖ਼ਸ਼ਾਇਆ। ਗੁਰੂ ਬਾਬਤ, ਸੰਤ ਬਾਬਤ ਕਹਿੰਦੇ ਹਨ, ਸੰਸਾਰ ਦੇ ਲੋਗ ਤਾਂ ਬਿਪਤਾ ਪੈਂਦਿਆਂ, ਜੀਉਂਦਿਆਂ ਸਾਥ ਛੱਡ ਜਾਂਦੇ ਹਨ ਪਰ ਗੁਰੂ ਦੇ ਸੰਤ, ਮੋਇਆਂ ਵੀ ਸਾਥ ਨਿਭਾਉਂਦੇ ਹਨ।

ਵਰਨਾ ਪਿੰਡ, ਕੂਕਿਆਂ ਦੀ ਕਾਸ਼ੀ ਕਹੀ ਜਾਂਦੀ ਸੀ। ਸੰਤ ਆਲ੍ਹਾ ਸਿੰਘ ਹੁਰੀਂ ਇਥੋਂ ਦੇ ਹੀ ਹੈ ਸਨ। ਇੰਦਰ ਸਿੰਘ ਹੁਰਾਂ ਤੋਂ ਇਕ ਸਮੇਂ ਭੁੱਲ ਹੋ ਗਈ। ਲੜਕੀ ਦਾ ਵਿਆਹ, ਘਰ ਹੀ ਖੁੱਲ੍ਹਿਆਂ ਦੀ ਰੀਤ ਨਾਲ ਕਰ ਲਿਆ। ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ, ਬਚਨ ਕਰ ਕੇ ਛੇਕ ਦਿੱਤਾ। ਸਤਿਜੁਗ ਵਿਚ ਵੀ ਹੁਕਮ ਛਪ ਗਿਆ। ਕੋਈ ਹੁਣ ਨੇੜੇ ਨਹੀਂ ਆਉਂਦਾ। ਇਨ੍ਹਾਂ ਦਾ ਮਿੱਤਰ, ਮੱਕੀ ਪਿੰਡ ਦਾ ਮੰਨਾ ਸਿੰਘ। ਉਹ ਆਇਆ, ਚਲ ਇੰਦਰ ਸਿੰਘਾ, ਸਤਿਗੁਰ ਕੋਲੋਂ ਭੁੱਲ ਬਖਸ਼ਾਈਏ। ਲਾਟੋ ਵਾਲੇ ਪਾਸਿਉਂ ਸ੍ਰੀ ਭੈਣੀ ਸਾਹਿਬ ਦੀ ਜੂਹ ਵਿਚ ਪੁੱਜੇ। ਇੰਦਰ ਸਿੰਘ ਨੇ ਮੂੰਹ ਤੇ ਗਮਛਾ ਲਵੇਟ ਲਿਆ, ਕੋਈ ਵੇਖ ਕੇ ਪਛਾਣ ਨਾ ਸਕੇ। ਸ੍ਰੀ ਹਰੀਮੰਦਰ ਦੇ ਸਾਹਵੇਂ ਬੋਹੜ ਹੇਠ ਦੀਵਾਨ ਸ਼ਾਮ ਦਾ ਚੱਲ ਰਿਹਾ ਸੀ। ਇੰਦਰ ਸਿੰਘ ਕਹਿੰਦੈ, ਮੈਂ ਇਧਰ ਅਕਾਲ ਬੁੰਗੇ ਵਾਲੇ ਪਾਸੇ ਹੀ ਕਿਤੇ ਰਹਾਂਗਾ। ਲੁਕ ਛਿਪ ਕੇ ਲੰਗਰ ’ਚੋਂ ਪਰਸ਼ਾਦਾ ਛਕ ਆਵਾਂਗਾ। ਤੂੰ ਬਖਸ਼ਬੰਦੀ ਇਕ ਵਾਰ ਕਰਵਾ ਦੇ। ਦੀਵਾਨ ਵਿਚ ਮੱਥਾ ਟੇਕ ਕੇ ਬੈਠਾ ਹੋਇਆ ਮੰਨਾ ਸਿੰਘ ਹੱਥ ਜੋੜ ਅੱਗੇ ਆਇਆ। ਅਰਜ਼ ਕੀਤੀ, ਸੱਚੇ ਪਾਤਸ਼ਾਹ ਕਿਰਪਾ ਕਰੋ...ਇੰਦਰ ਸਿੰਘ ਨੂੰ ਬਖਸ਼ ਦਿਓ...ਭੁੱਲ ਹੋ ਗਈ...ਬਹੁਤ ਪਸ਼ਚਾਤਾਪ ਕਰ ਰਿਹਾ ਹੈ।

“ਚਲ ਤੂੰ ਬਹਿ ਜਾ, ਚੁੱਪ ਕਰ ਕੇ।” ਸਤਿਗੁਰਾਂ ਝਾੜ ਕੇ ਬਿਠਾ ਦਿੱਤਾ।

ਕੁਝ ਚਿਰਾਂ ਮਗਰੋਂ, ਫਿਰ ਉਠਿਆ, ਸੱਚੇ ਪਾਤਸ਼ਾਹ ਜੀ, ਇੰਦਰ ਸਿੰਘ ਤੇ

ਕਿਰਪਾ ਕਰ ਦਿਉ।

ਸਤਿਗੁਰ ਜੀ ਹੋਰ ਨਾਰਾਜ਼ ਹੋ ਕੇ ਬਚਨ ਕੀਤਾ, "ਚਲ ਤੂੰ ਵੀ ਉਸ ਦੇ ਨਾਲ ਹੀ ਜਾ।"

ਮੰਨਾ ਸਿੰਘ ਨੂੰ ਵੀ, ਇੰਦਰ ਸਿੰਘ ਦੇ ਨਾਲ ਹੀ ਛੇਕ ਕੇ ਸੰਗਤ 'ਚੋਂ ਬਾਹਰ ਕਰ ਦਿੱਤਾ।

ਸਿਰ ਥੱਲੇ ਸੁੱਟ, ਨੇਤਰ ਜਲ ਨਾਲ ਭਰੇ ਹੋਏ ਉਦਾਸ ਅਕਾਲ ਬੁੰਗੇ ਵੱਲ ਤੁਰੀ ਜਾ ਰਹੇ ਸਨ। ਲੰਗਰ ਡਿਉਢੀ ਤੋਂ ਥੋੜ੍ਹੀ ਪਹਿਲਾਂ, ਸੰਤ ਆਲ੍ਹਾ ਸਿੰਘ ਹੁਰੀਂ ਅੱਗੋਂ ਆਉਂਦਿਆਂ ਮਿਲ ਪਏ। ਇਕੇ ਪਿੰਡ ਦੇ ਹੈ ਸਨ।

ਕਿਉਂ ਭਾਈ ਇੰਦਰ ਸਿੰਘ, ਕੀ ਗੱਲ ਹੋਈ।

ਇੰਦਰ ਸਿੰਘ ਰੋ ਪਿਆ। ਸਾਰੀ ਵਾਰਤਾ ਦੱਸੀ। ਚੱਲ ਮੈਂ ਵੀ ਪੱਲਾ ਗਲ ਪਾ ਕੇ ਅਰਜ਼ ਕਰਦਾ ਹਾਂ। ਅਰਜ਼ ਹੋਈ...ਉਸੇ ਭਰੀ ਸੰਗਤ ਵਿਚ। ਸੱਚੇ ਪਾਤਸ਼ਾਹ ਮਨੁੱਖ ਤਾਂ ਭੁੱਲਾਂ ਕਰੇਗਾ...ਕਿਸੇ ਵੇਲੇ ਅਵੱਗਿਆ ਹੋ ਜਾਏਗੀ, ਪਰ ਸਤਿਗੁਰ ਤਾਂ ਸਦ ਬਖਸ਼ਿੰਦ ਹੁੰਦਾ ਹੈ। ਭੁੱਲਿਆ ਸਿੱਖ ਫਿਰ ਕਿੱਥੇ ਜਾਏ ?

ਸਤਿਗੁਰ ਬਖਸ਼ਿਸ਼ ਦੇ ਘਰ ਵਿਚ ਆਏ। ਇੰਦਰ ਸਿੰਘ ਨੂੰ ਕਹਿ ਦਿਓ, ਬਖਸ਼ਿਆ ਗਿਆ...ਅੱਗੋਂ ਭੁੱਲ ਨਾ ਹੋਵੇ। ਇਹ ਜੋ ਦੁਨੀਆਂ ਹੈ, ਦੁੱਖਾਂ, ਮੁਸੀਬਤਾਂ ਅਤੇ ਸੰਘਰਸ਼ਾਂ ਭਰੀ ਹੈ। ਪਤਾ ਨਹੀਂ ਕਿਸ ਘੜੀ ਬਦਨਸੀਬੀ ਗੱਲ ਪੈ ਜਾਏ।

ਪ੍ਰਾਣੀ ਪ੍ਰਾਰਥਨਾ ਕਰੇ—

ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ॥

# ਰਤੇ ਸੇਈ ਜਿ ਮੁਖੁ ਨ ਮੋੜੰਨਿ

ਅਲਬਰਟ ਆਈਂਸਟੀਨ ਨੂੰ ਸੰਨ 1921 ਵਿਚ ਭੌਤਿਕ ਵਿਗਿਆਨ ਦਾ ਨੋਬਲ ਐਵਾਰਡ ਮਿਲਿਆ ਤਾਂ ਉਨ੍ਹਾਂ ਆਪਣੀ ਲੜਕੀ ਲਾਈਸੇਰਲ ਆਈਂਸਟੀਨ ਨੂੰ ਇਕ ਪੱਤਰ ਲਿਖਿਆ; ਮੈਂ ਸਿਰਜਨਹਾਰ ਦੀ ਸ੍ਰਿਸ਼ਟੀ ਵੇਖਦਾ ਹਾਂ...ਜੀਅ, ਪਸ਼ੂ, ਮਨੁੱਖ, ਨਦੀਆਂ, ਰੁੱਖ, ਪਹਾੜ ਵੇਖਦਾ ਹਾਂ ਤਾਂ ਹਰ ਸ਼ੈਅ ਦੇ ਕੇਂਦਰ ਵਿਚ ਇਕੋ ਤੱਤ ਮੌਜੂਦ ਦਿਖਦਾ ਹੈ...ਓਹ ਪ੍ਰੇਮ ਹੈ। ਪਸ਼ੂਆਂ ਦਾ ਵੀ ਪਰਿਵਾਰ ਹੈ, ਮਨੁੱਖ ਦਾ ਪਰਿਵਾਰ ਹੈ, ਪੱਥਰਾਂ ਪਹਾੜਾਂ ਦਾ ਵੀ ਪਰਿਵਾਰ ਦਿਸਦਾ ਹੈ। ਕਰੋੜਾਂ ਅਣੂ ਪ੍ਰੇਮਵੱਸ ਇਕ ਨਾਲ ਜੁੜ ਗਏ ਅਤੇ ਪੱਥਰ, ਪਹਾੜ ਖੜ੍ਹੇ ਹੋ ਗਏ। ਪ੍ਰੀਤ, ਮਨੁੱਖ ਦਾ ਸੰਵੇਦਨਸ਼ੀਲ ਅਤਿ ਮਿੱਠਾ ਭਾਵ ਹੈ।

ਇਹ ਪ੍ਰੇਮ, ਪਰਿਵਾਰ ਨਾਲ, ਪੰਥ ਨਾਲ, ਗੁਰੂ ਨਾਲ, ਗੁਰਬਾਣੀ ਨਾਲ, ਦੇਸ਼ ਨਾਲ, ਮਨੁੱਖਤਾ ਨਾਲ, ਪ੍ਰਾਣੀ ਮਾਤਰ ਨਾਲ, ਕਈ ਖੇਤਰਾਂ ਵਿਚ ਸਹਜ ਪ੍ਰਵਾਹਤ ਹੁੰਦਾ ਨਜ਼ਰ ਆਉਂਦਾ ਹੈ।

ਪੰਜਵੇਂ ਪਾਤਸ਼ਾਹ ਕੋਲ, ਸ੍ਰੀ ਅੰਮ੍ਰਿਤਸਰ, ਬਾਦਸ਼ਾਹ ਜਹਾਂਗੀਰ ਦਾ ਦਸਤਖ਼ਤ ਕੀਤਾ ਹੋਇਆ ਗ੍ਰਿਫ਼ਤਾਰੀ ਫੁਰਮਾਨ ਲੈ ਕੇ ਅਤਿ ਕਰੂਰ ਸੈਨਾਪਤੀ ਮੁਰਤੁਜਾ ਖ਼ਾਨ ਆਇਆ। ਸਾਰੇ ਪਾਸੇ ਸਿੱਖ ਜਗਤ ਵਿਚ ਚਿੰਤਾ ਦੀ ਲਹਿਰ ਦੌੜ ਗਈ। ਸਤਿਗੁਰ ਸਹਜ ਹਨ। ਬਚਨ ਕੀਤਾ, ਕੱਲ੍ਹ ਸਵੇਰੇ ਆਸਾ ਦੀ ਵਾਰ ਭੋਗ ਉਪਰੰਤ, ਤੁਹਾਡੇ ਨਾਲ ਟੁਰ ਪਵਾਂਗੇ। (ਗੁਰੂ) ਹਰਿਗੋਬਿੰਦ ਸਾਹਿਬ ਨੂੰ ਹੁਕਮ ਹੋਇਆ, ਸਰੋਵਰ ਵਿਚ ਇਸ਼ਨਾਨ ਕਰ ਕੇ, ਸਵੱਛ ਬਸਤਰਾਂ ਵਿਚ ਹਾਜ਼ਰ ਹੋਣ। ਬਾਬਾ ਬੁੱਢਾ ਜੀ ਨੂੰ ਹੁਕਮ ਹੋਇਆ, ਗੁਰਤਾ ਗੱਦੀ ਜੋਗ, ਪੰਜ ਪੈਸੇ ਨਾਰੀਅਲ ਮੰਗਵਾਇਆ ਜਾਏ। ਆਸਾ ਦੀ ਵਾਰ ਦਾ ਭੋਗ ਪਿਆ। ਪਾਤਸ਼ਾਹ ਆਪ ਆਸਣ ਤੋਂ ਉੱਠ, ਬਾਂਹ ਪਕੜ ਹਰਿਗੋਬਿੰਦ ਸਾਹਿਬ ਨੂੰ ਆਸਣ ’ਤੇ ਬਿਠਾਇਆ। ਪਰਕਰਮਾ ਕਰ ਕੇ ਪੰਜ ਪੈਸੇ ਨਾਰੀਅਲ ਰੱਖ, ਮੱਥਾ ਟੇਕਿਆ। ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੋਧਤ ਹੋਏ, ਪਰਮੇਸ਼ਰ ਦੀ ਰਜ਼ਾ ਅਨੁਸਾਰ, ਅਸੀਂ ਮੁਗ਼ਲਾਂ ਨਾਲ ਚੱਲੇ ਹਾਂ। ਅੱਗੋਂ ਜੋ ਸਤਿਗੁਰ ਨੂੰ ਭਾਵੇ। ਤੁਸਾਂ ਦੇ ਮੋਢਿਆਂ ’ਤੇ, ਸਿੱਖ ਸੰਗਤਾਂ, ਗੁਰੂ ਮਰਿਆਦਾਵਾਂ ਦੀ ਰੱਖਿਆ ਦਾ ਭਾਰ ਰੱਖ ਚੱਲੇ ਹਾਂ। ਸੰਗਤਾਂ ਬਿਹਬਲ ਹੋ ਗਈਆਂ। ਕਈ ਪਤਵੰਤੇ ਸੱਜਣ ਗਲ ਵਿਚ ਪੱਲਾ ਪਾ ਕੇ ਆਏ ਖਲੋਤੇ। ਅਰਜ਼ ਕੀਤੀ, ਇਸ ਤਰ੍ਹਾਂ ਅਸੀਂ ਆਪ ਜੀ ਨੂੰ ਨਹੀਂ ਜਾਣ ਦੇਵਾਂਗੇ। ਸੰਗਤਾਂ ਵਿਚੋਂ ਤਿੰਨ ਪ੍ਰਸਤਾਵਨਾ ਆਈਆਂ।

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥

ਪਹਿਲਾ ਉਪਾਅ ਬਾਦਸ਼ਾਹ ਦੇ ਫੁਰਮਾਨ ਦੇ ਜੁਆਬ ਵਿਚ ਪੱਤਰ ਭੇਜਿਆ ਜਾਏ। ਕਿਸੇ ਗੁਰੂ ਪੀਰ ਨੂੰ ਇਸ ਤਰ੍ਹਾਂ ਗ੍ਰਿਫ਼ਤਾਰ ਕਰਨਾ, ਅਨੈਤਕ ਅਤੇ ਲੋਕਮਤ ਵਿਰੋਧੀ ਕਾਰਵਾਈ ਹੈ। ਦੂਜਾ ਪ੍ਰਸਤਾਵ ਦੋ ਸਿਆਣੇ ਸੱਜਣ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਦਿੱਲੀ ਵਾਰਤਾ ਲਈ ਭੇਜਿਆ ਜਾਏ। ਇਹ ਰਾਜੇ ਦੀ ਤਸੱਲੀ ਕਰਵਾਉਣ। ਸਤਿਗੁਰ ਜੀ ਨੇ ਦੋਵੇਂ ਪ੍ਰਸਤਾਵ, ਸਿੱਖਾਂ ਦੇ ਨਕਾਰ ਦਿੱਤੇ ਕਿ ਬਾਦਸ਼ਾਹ ਨੇ ਇਹ ਨਹੀਂ ਮੰਨਣਾ...ਉਸ ਦੀ ਨੀਅਤ ਕੁਝ ਹੋਰ ਹੀ ਹੈ। ਫਿਰ ਭਾਵੁਕ ਸੰਗਤਾਂ ਅਰਜ਼ ਕੀਤੀ, ਪਾਤਸ਼ਾਹ, ਸ਼ਾਹੀ ਫੁਰਮਾਨ ਨੂੰ ਨਕਾਰ ਕੇ ਵਿਰੋਧਤਾ ਪ੍ਰਗਟ ਕੀਤੀ ਜਾਏ, ਜ਼ਰੂਰੀ ਹੋਵੇ ਤਾਂ ਜੰਗ ਲੜੀ ਜਾਏ। ਪਰ ਇਸ ਤਰ੍ਹਾਂ ਅਸੀਂ ਆਪ ਜੀ ਨੂੰ ਨਹੀਂ ਜਾਣ ਦਿਆਂਗੇ। ਸਤਿਗੁਰ ਜੀ ਸ਼ਾਂਤ ਸਹਿਜ ਭਾਵ ਬਚਨ ਕੀਤਾ—

ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥

ਜਿਸ ਪਰਮੇਸ਼ਰ ਨਾਲ ਪ੍ਰੀਤ ਹੈ, ਉਸ ਪ੍ਰਤੀ ਭਰੋਸਾ ਵੀ ਹੋਣਾ ਚਾਹੀਦਾ ਹੈ। ਭਾਈ ਰਤਨ ਸਿੰਘ ਭੰਗੂ, **ਪ੍ਰਾਚੀਨ ਪੰਥ ਪ੍ਰਕਾਸ਼** ਵਿਚ ਲਿਖਦੇ ਹਨ—

ਇਤਹਿ ਨੌਰੰਗ ਉਤਹਿ ਤੇਗ ਬਹਾਦਰ
ਦੋਨੋ ਜਗ ਮਹਿ ਭਏ ਉਜਾਗਰ॥

ਅਤਿ ਕਰੂਰ ਬਾਦਸ਼ਾਹ ਦੇ ਰੂਪ ਵਿਚ ਔਰੰਗਜ਼ੇਬ ਅਤੇ ਮਨੁੱਖੀ ਅਧਿਕਾਰਾਂ ਲਈ ਜਾਨ ਕੁਰਬਾਨ ਕਰ ਦੇਣ ਵਾਲੇ, ਸ੍ਰੀ ਗੁਰੂ ਤੇਗ ਬਹਾਦਰ, ਦੋਵੇਂ ਜਗ ਵਿਚ ਮਸ਼ਹੂਰ ਹੋਏ ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ—"ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ"—ਸੱਚੇ ਆਸ਼ਕਾਂ ਦੀਆਂ ਬਾਤਾਂ ਹਨ। ਸਮਾਂ ਜਦੋਂ ਪ੍ਰੀਖਿਆ ਲੈਂਦਾ ਹੈ ਤਾਂ ਨਕਲੀ ਪ੍ਰੇਮੀ, ਝੜ ਜਾਂਦੇ ਹਨ। ਸੰਨ 1700 ਵਿਚ ਪਹਾੜੀ ਰਾਜੇ ਕੇਸਰੀ ਚੰਦ ਨੇ ਸ੍ਰੀ ਅਨੰਦਪੁਰ ਸਾਹਿਬ, ਲੋਹਗੜ੍ਹ ਕਿਲ੍ਹੇ ਦਾ ਘੇਰਾ ਪਾ ਲਿਆ। ਲੋਹੇ ਦੀਆਂ ਮੋਟੀਆਂ ਮੇਖਾਂ ਵਾਲਾ ਦਰਵਾਜ਼ਾ ਤੋੜਣ ਦੀ ਹਿੰਮਤ ਨਹੀਂ ਸੀ ਪੈਂਦੀ। ਇਕ ਦਿਨ ਸਾਜ਼ਿਸ਼ ਰਚੀ। ਇਕ ਤਗੜੇ ਹਾਥੀ ਨੂੰ ਦੋ ਮਟਕੇ ਸ਼ਰਾਬ ਪਿਆ ਕੇ, ਕੱਲ੍ਹ ਸਵੇਰੇ ਕਿਲ੍ਹੇ ਦਾ ਦਰਵਾਜ਼ਾ ਤੋੜ ਕੇ ਅੰਦਰ ਧਾਵਾ ਬੋਲਾਂਗੇ। ਜਾਸੂਸ ਨੇ ਸ਼ਾਮ ਦੇ ਦੀਵਾਨ ਉਪਰੰਤ ਇਹ ਖ਼ਬਰ ਦਿੱਤੀ। ਸਤਿਗੁਰਾਂ ਦੇ ਨੇੜੇ, ਭਾਈ ਦੁਨੀ ਚੰਦ ਮੋਟਾ ਪਹਿਲਵਾਨ ਬੈਠਾ ਸੀ। ਸਤਿਗੁਰਾਂ ਨੇ ਦੁਨੀ ਚੰਦ ਵੱਲ ਇਸ਼ਾਰਾ ਕੀਤਾ, ਕੋਈ ਗੱਲ ਨਹੀਂ, ਸਾਡੇ ਕੋਲ ਵੀ ਇਹ ਤਗੜਾ ਜਵਾਨ, ਹਾਥੀ ਦਾ ਮੁਕਾਬਲਾ ਕਰੇਗਾ। ਉਸ ਵੇਲੇ ਭਰੇ ਦਰਬਾਰ ਵਿਚ ਤਾਂ ਦੁਨੀ ਚੰਦ ਕੁਝ ਨਾ ਬੋਲਿਆ,

ਪਰ ਰਾਤ ਦੇ ਹਨੇਰੇ ਵਿਚ, ਮੌਤੋਂ ਡਰਦਾ ਹੋਇਆ ਭੱਜ ਖਲੋਤਾ। ਚੌਬਾਰੇ ਤੋਂ ਰੱਸਾ ਬੰਨ੍ਹ ਕੇ ਪਿਛਲੇ ਪਾਸਿਉਂ ਉਤਰਨ ਲੱਗਾ। ਭਾਰ ਬਹੁਤਾ ਸੀ, ਰੱਸਾ ਟੁੱਟ ਗਿਆ। ਥੱਲੇ ਡਿੱਗਾ, ਦੋਵੇਂ ਪੈਰ ਟੁੱਟ ਗਏ। ਦੋ ਹੋਰ ਡਰਪੋਕ ਸਾਥੀ, ਮੰਜੇ 'ਤੇ ਪਾ ਕੇ ਟੁਰ ਪਏ। ਅੰਮ੍ਰਿਤਸਰ ਪੁੱਜਣ ਤੋਂ ਪਹਿਲਾਂ ਹੀ ਮਰ ਗਿਆ...

ਝੜਿ ਝੜਿ ਪਵਦੇ ਕਚੇ ਬਿਰਹੀ ਜਿਨਾ ਕਾਰ ਨ ਆਈ॥

ਦੂਜੇ ਦਿਨ, ਆਸਾ ਦੀ ਵਾਰ ਦਾ ਕੀਰਤਨ ਹੋਇਆ। ਖ਼ਬਰ ਲੱਗੀ ਕਿ ਰਾਤ ਦੁਨੀ ਚੰਦ ਭੱਜ ਗਿਆ। ਸਤਿਗੁਰ ਜੀ ਹੱਸ ਪਏ। ਭਾਈ ਬਚਿੱਤਰ ਸਿੰਘ, ਭਾਈ ਮਨੀ ਸਿੰਘ ਦਾ ਜਵਾਨ ਲੜਕਾ, ਸੰਗਤ ਵਿਚ ਉੱਠ ਖਲੋਤਾ। ਪਾਤਸ਼ਾਹ ਜੀ, ਹੁਕਮ ਦਿਉ, ਮੈਂ ਹਾਥੀ ਨਾਲ ਲੜਾਂਗਾ। ਸਤਿਗੁਰਾਂ ਨੇ ਭਾਈ ਬਚਿੱਤਰ ਸਿੰਘ ਨੂੰ ਥਾਪੀ ਦਿੱਤੀ। ਗੁਰੂ ਪ੍ਰੀਤ ਨਾਲ ਭਰਿਆ ਹੋਇਆ, ਭਾਈ ਬਚਿੱਤਰ ਸਿੰਘ ਦਰਵਾਜ਼ੇ ਤੋਂ ਬਾਹਰ ਤਿਆਰ ਸੀ। ਸ਼ਰਾਬ ਦੇ ਨਸ਼ੇ ਵਿਚ ਮਦਮਸਤ ਹਾਥੀ ਦੇ ਉਪਰ ਬੈਠਾ ਮਹਾਵਤ, ਹੁੱਲ-ਹੁੱਲ ਕਰਦਾ, ਹਾਥੀ ਨੂੰ ਦੌੜਾਉਂਦਾ ਆਇਆ। ਗੁਰੂ ਦੇ ਲਾਡਲੇ ਸਿੱਖ, ਭਾਈ ਬਚਿੱਤਰ ਸਿੰਘ ਨੇ ਘੋੜੇ ਦੀਆਂ ਰਕਾਬਾਂ 'ਤੇ ਖੜਿਆਂ ਹੋ ਕੇ ਨਾਗਨੀ, ਬਰਛੀ, ਪੂਰੇ ਜ਼ੋਰ ਨਾਲ ਹਾਥੀ ਦੇ ਮੱਥੇ 'ਤੇ ਮਾਰੀ। ਲੋਹੇ ਦਾ ਮੋਟਾ ਕਵਚ ਪਾੜਦੀ ਹੋਈ ਬਰਛੀ, ਹਾਥੀ ਦੇ ਮੱਥੇ ਵਿਚ ਧੱਸ ਗਈ। ਹਾਥੀ ਪਾਗਲ ਹੋਇਆ, ਚੰਗਿਆੜਦਾ ਹੋਇਆ, ਪਿੱਛੇ ਪਰਤਿਆ ਅਤੇ ਪਹਾੜੀ ਫ਼ੌਜੀਆਂ ਨੂੰ ਮਿੱਧਦਾ ਹੋਇਆ ਪਹਾੜਾਂ ਵੱਲ ਜਾ ਕੇ ਡਿੱਗ ਪਿਆ...ਮਰ ਗਿਆ।

ਰਤੇ ਸੇਈ ਜਿ ਮੁਖੁ ਨ ਮੋੜੰਨਿ੍॥

ਇਹ ਪ੍ਰੀਤ ਹੈ, ਜਿਸ ਨਾਲ ਲੱਗ ਜਾਏ। ਸ਼ਹੀਦ ਭਗਤ ਸਿੰਘ ਦੀ ਮਾਤਭੂਮੀ ਨਾਲ ਲੱਗ ਗਈ। 21 ਮਾਰਚ 1931 ਨੂੰ ਡੇਥ ਵਾਰੰਟ 'ਤੇ ਜੱਜ ਨੇ ਦਸਤਖਤ ਕੀਤੇ। ਭਗਤ ਸਿੰਘ ਨੇ ਉਸੇ ਦਿਨ ਆਪਣੇ ਪਿਤਾ ਸ੍ਰ. ਕਿਸ਼ਨ ਸਿੰਘ ਨੂੰ ਪੱਤਰ ਲਿਖਿਆ—

ਉਨਹੇ ਫਿਕ੍ਰ ਹੈ ਹਰਦਮ ਕਿ ਨਯਾ ਤਰਜ਼ੇ ਜ਼ਫਾ ਕਿਆ ਹੈ।
ਹਮੇ ਸ਼ੌਕ ਹੈ ਕਿ ਦੇਖੇਂ ਸਿਤਮ ਕੀ ਇੰਤਹਾ ਕਿਆ ਹੈ।

ਹਕੂਮਤ ਰਾਤ ਦਿਨ ਇਸ ਸੋਚ ਵਿਚ ਹੈ ਕਿ ਮੌਤ ਦਾ ਕਿਹੜਾ ਨਵਾਂ ਸਭ ਤੋਂ ਵੱਧ ਦਰਦਨਾਕ ਤਰੀਕਾ ਵਰਤੀਏ, ਜਿਸ ਨੂੰ ਵੇਖ ਸੁਣ ਕੇ ਹਿੰਦੁਸਤਾਨੀਆਂ ਦੇ ਹੱਡ ਕੰਬ ਜਾਣ...ਅੱਗੋਂ ਕੋਈ ਹੋਰ ਬਗ਼ਾਵਤ ਕਰਨ ਦੀ ਹਿਮਾਕਤ ਨਾ ਕਰੇ। ਸਾਨੂੰ ਸ਼ੌਕ ਹੈ ਵੇਖੀਏ ਸਿਤਮ ਦੀ ਹੱਦ ਕਿੱਥੇ ਹੁੰਦੀ ਹੈ।

ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਿਲ ਮੇਂ ਹੈ।

ਸੰਨ 1748 ਤੋਂ 1752 ਤਕ ਸੂਬਾ ਲਾਹੌਰ, ਮੀਰ ਮੰਨੂ ਨੇ ਸਿੱਖਾਂ 'ਤੇ ਜ਼ੁਲਮ ਦੀ ਇੰਤਹਾ ਕਰ ਦਿੱਤੀ। ਅਬਦੁਲ ਸ਼ਾਹ ਅਬਦਾਲੀ ਨੇ ਹਮਲਾ ਕੀਤਾ। ਮੀਰ ਮੰਨੂ ਗ੍ਰਿਫ਼ਤਾਰ ਕਰ ਕੇ ਅਬਦਾਲੀ ਸਾਹਵੇਂ ਪੇਸ਼ ਕੀਤਾ। ਪੁੱਛਿਆ, ਤੇਰੇ ਨਾਲ ਕੀ ਸਲੂਕ ਕਰੀਏ ?

ਮੀਰ ਮੰਨੂ ਕਹਿੰਦੈ, ਜੇ ਤੂੰ ਵਪਾਰੀ ਹੈਂ ਤਾਂ ਮੇਰੀ ਕੀਮਤ ਲਗਾ, ਪੈਸੇ ਲੈ ਕੇ ਛੱਡ ਦੇ। ਜੇ ਤੂੰ ਦੂਰਅੰਦੇਸ਼ ਨਹੀਂ, ਤਾਂ ਮੈਨੂੰ ਮਾਰ ਦੇ। ਪਰ ਜੇ ਤੂੰ ਸਮਝਦਾਰ ਹੈਂ ਤਾਂ ਮੈਨੂੰ ਆਪਣਾ ਭਾਈਵਾਲ ਬਣਾ ਲੈ। ਮੈਂ ਪੰਜਾਬ ਅਤੇ ਸਿੱਖਾਂ ਦੀ ਰਗ਼-ਰਗ਼ ਤੋਂ ਵਾਕਿਫ਼ ਹਾਂ। ਹਿੰਦੁਸਤਾਨ ਵਿਚ ਦਾਖ਼ਲ ਹੋਣ ਅਤੇ ਵਾਪਸ ਅਬਦਾਲ ਜਾਣ ਲਈ ਮੈਂ ਤੇਰਾ ਰਸਤਾ ਸੁਰੱਖਿਅਤ ਰੱਖਾਂਗਾ। ਅਬਦਾਲੀ ਨੂੰ ਉਸ ਦੀ ਤਜਵੀਜ਼ ਪਸੰਦ ਆਈ। ਕੁਝ ਮਾਮਲੇ ਦੀ ਰਕਮ ਹਰ ਮਹੀਨੇ ਤੈਅ ਕਰਕੇ, ਮੀਰ ਮੰਨੂ ਨੂੰ ਆਪਣੇ ਅਧੀਨ ਰਹਿਣ ਦੀ ਸ਼ਰਤ 'ਤੇ ਇਕ ਵਾਰ ਫਿਰ ਸੂਬਾ ਲਾਹੌਰ ਥਾਪ ਦਿੱਤਾ। ਮੀਰ ਮੰਨੂ ਬਾਬਤ ਪੰਜਾਬ ਵਿਚ ਲੋਕ ਗੀਤ ਰੂਪ ਵਿਚ ਗਾਇਆ ਜਾਂਦਾ ਸੀ—

ਮੰਨੂ ਅਸਾਂ ਦੀ ਦਾਤਰੀ, ਅਸੀਂ ਮੰਨੂ ਦੇ ਸੋਏ।
ਜਿਉਂ ਜਿਉਂ ਮੰਨੂ ਵੱਢਦਾ ਅਸੀਂ ਦੂਣ ਸਵਾਏ ਹੋਏ।

ਅਬਦਾਲੀ ਦਾ ਹੱਥ ਪਿੱਠ 'ਤੇ ਸੀ...ਮੰਨੂ ਦਾ ਜ਼ੁਲਮ ਸਿਖਰ 'ਤੇ ਪਹੁੰਚ ਗਿਆ। 3 ਨਵੰਬਰ 1753 ਦਾ ਦਿਨ ਸੀ। ਮੀਰ ਮੰਨੂ ਦਾ ਹੁਕਮ ਹੋਇਆ, ਇਕ ਇਕ ਪਿੰਡ ਦੀ ਖ਼ਾਕ ਛਾਨੋ...ਕੋਈ ਸਿੱਖ, ਔਰਤ, ਮਰਦ ਜਾਂ ਬਾਲ ਜੀਉਂਦਾ ਨਹੀਂ ਰਹਿਣਾ ਚਾਹੀਦਾ। ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਅਨੇਕਾਂ ਸਿੱਖ ਭਾਈ, ਬੀਬੀਆਂ, ਬੱਚਿਆਂ ਸਮੇਤ ਕਮਾਦ ਦੇ ਖੇਤ ਵਿਚ ਛੁਪ ਗਏ। ਭੈਅ ਗ੍ਰਸਤ ਸਿੱਖ ਸਿੱਖਣੀਆਂ, ਗੁਰੂ 'ਤੇ ਭਰੋਸਾ ਰੱਖ, ਗੁਰਬਾਣੀ ਪਾਠ ਅਰਦਾਸਾਂ ਕਰ ਰਹੇ ਸਨ। ਜੱਸਾ ਸਿੰਘ ਰਾਮਗੜ੍ਹੀਆ ਨੂੰ ਖਬਰ ਲੱਗੀ। ਪੰਜ ਸੌ ਘੋੜਸਵਾਰ ਜਵਾਨਾਂ ਸਹਿਤ ਪਹੁੰਚ ਗਿਆ। ਦੋਹਾਂ ਪਾਸੇ ਜੰਗ ਸ਼ੁਰੂ ਹੋ ਗਈ। ਰਾਮਗੜ੍ਹੀਆ ਨੇ ਮੀਰ ਮੰਨੂ ਦਾ ਨਿਸ਼ਾਨਾ ਲੈ ਕੇ ਗੋਲੀ ਮਾਰੀ। ਮੰਨੂ ਘੋੜੇ ਨੂੰ ਏੜ ਲਾ ਕੇ ਪੈਂਤਰਾ ਬਦਲ ਲਿਆ, ਪਰ ਘੋੜੇ ਨੂੰ ਜਾ ਵੱਜੀ। ਘੋੜਾ ਬਿਦਕ ਕੇ ਉਛਲਿਆ। ਮੀਰ ਮੰਨੂ ਜਾ ਥੱਲੇ ਡਿੱਗਾ। ਰਕਾਬ 'ਚੋਂ ਇਕ ਪੈਰ ਬਾਹਰ ਨਿਕਲਿਆ, ਦੂਜਾ ਫਸਿਆ ਰਿਹਾ। ਸਿਰ ਪਰਨੇ ਥੱਲੇ ਡਿੱਗਾ। ਪੈਰ ਇਕ ਰਕਾਬ ਵਿਚ, ਜ਼ਖ਼ਮੀ ਘੋੜਾ ਅੰਨ੍ਹੇਵਾਹ ਦੌੜਿਆ। ਮੀਰ ਮੰਨੂ ਦਾ ਸਿਰ ਥੱਲੇ ਦਿਆਂ ਪੱਥਰਾਂ, ਚੱਟਾਨਾਂ ਨਾਲ ਵੱਜ ਵੱਜ ਕੇ ਫੱਟ ਗਿਆ। ਦਿਮਾਗ਼ ਦੀ ਮਿੱਜ ਬਾਹਰ ਨਿਕਲ ਆਈ...ਮੀਰ ਮੰਨੂ ਬਹੁਤ ਦਰਦਨਾਕ ਮੌਤ ਮਰਿਆ।

ਗੁਰੂ ਪਿਆਰੀ ਸੰਗਤਾਂ ਨੇ ਸ਼ਬਦ ਗਾਏ—

ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ॥
ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ॥

# ਸਿੱਖੀ

ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ—ਜਗ ਜਲ ਰਿਹਾ ਹੈ, ਜੰਗਲ ਦੀ ਅੱਗ ਵਾਂਗ। ਸਿੱਖੀ ਪ੍ਰੇਮ ਦੀ ਵਰਖਾ ਵਾਂਗ ਹੈ। ਇਹ ਪ੍ਰੇਮ ਦੀ ਗਲੀ ਹੈ, ਕੋਈ ਕੋਈ ਲੰਘਦਾ ਹੈ। ਸਿਰ ਦੇ ਕੇ, ਇਸ ਰਾਹ 'ਚ ਪ੍ਰਵੇਸ਼ ਮਿਲਦਾ ਹੈ—

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

ਪ੍ਰੋ. ਪੂਰਨ ਸਿੰਘ ਕਹਿੰਦੇ ਹਨ—"ਸਿੱਖੀ, ਸਮਝਦਾਰੀ ਦਾ ਤਲ ਹੈ...ਜਾਗ੍ਰਿਤੀ ਦਾ ਤਲ ਹੈ...ਸਤਿ ਚਿਤ ਆਨੰਦ ਦਾ ਤਲ ਹੈ। ਕੋਈ ਭਾਗਾਂ ਵਾਲਾ, ਜਿਹੜਾ ਸਿੱਖੀ ਨੂੰ ਵੇਖੇਗਾ...ਉਹ ਸਿੱਖ ਹੋਣ ਨੂੰ ਲੋਚੇਗਾ।"

17 ਅਤੇ 18 ਜਨਵਰੀ 1872, ਮਲੇਰਕੋਟਲੇ 65 ਨਾਮਧਾਰੀ ਸਿੱਖ ਤੋਪਾਂ ਨਾਲ ਉਡਾ ਦਿੱਤੇ ਗਏ। ਇਕ ਦਾ ਸੀਸ ਵੱਢ ਕੇ ਸ਼ਹੀਦ ਕੀਤਾ ਗਿਆ। ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲਿਆਂ ਬੁੱਧੀਜੀਵੀਆਂ ਨੇ ਪ੍ਰਤੀਕ੍ਰਿਆ ਵਜੋਂ ਅਖ਼ਬਾਰਾਂ ਰਾਹੀਂ ਰੋਸ ਭਰੇ ਲੇਖ ਪਾਠਕਾਂ ਤਕ ਪਹੁੰਚਾਏ। 'ਫਰੇਂਡਸ ਆਫ ਇੰਡੀਆ' ਦੇ ਅੰਗ੍ਰੇਜ਼ ਸੰਪਾਦਕ, ਜੇਮਸ ਰੁਟਲਿਜ ਨੇ ਸੰਪਾਦਕੀ ਲੇਖ ਵਿਚ, ਇਸ ਗ਼ੈਰਮਨੁੱਖੀ ਕ੍ਰਿਤ ਨੂੰ ਬਰਤਾਨਵੀ ਹਕੂਮਤ ਤੇ ਕਦੇ ਨਾ ਧੁਲਣ ਵਾਲਾ ਕਲੰਕ ਲਿਖਿਆ। 'ਦੀ ਸਟੇਟਸਮੈਨ' ਦੇ ਸੰਪਾਦਕ ਰੱਬਰਟ ਨਾਈਟੇ ਨੇ, ਇਸ ਕਾਂਡ ਨੂੰ ਨਰਸੰਘਾਰ ਲਿਖਿਆ। ਇਸ ਘਟਨਾ ਦੀ ਗੂੰਜ ਰੂਸ ਤੱਕ ਪੁੱਜੀ। ਪ੍ਰਮੁੱਖ ਵਿਦਵਾਨ, ਲੇਖਕ ਅਤੇ ਨਾਟਕਕਾਰ "ਲੀ ਟਾਲਸਟਾਏ" ਨੇ ਲਿਖਿਆ, "ਸਿੱਖੀ, ਗਿਆਨ, ਇੱਛਾ ਸ਼ਕਤੀ ਅਤੇ ਕੁਰਬਾਨੀ ਦਾ ਸੁਮੇਲ ਹੈ। ਇਕ ਦਿਨ ਸਿੱਖ ਦੁਨੀਆਂ 'ਤੇ ਰਾਜ ਕਰਨਗੇ।"

ਸਿੱਖੀ, ਮਨੁੱਖ ਮਾਤਰ ਦਾ ਸ਼ਿੰਗਾਰ ਹੈ। ਸਿਰਜਨਹਾਰ ਨੇ ਸ੍ਰਿਸ਼ਟੀ ਸਿਰਜੀ ਤਾਂ ਮਨੁੱਖ ਨੂੰ ਸ੍ਰਿਸ਼ਟੀ ਦਾ ਸਿਕਦਾਰ ਬਣਾਇਆ। ਪਰ ਇਕ ਮੰਦਭਾਗਾ ਸੁਭਾਅ ਮਨੁੱਖ 'ਤੇ ਹਾਵੀ ਹੋ ਗਿਆ, ਉਹ 'ਵੰਡ' ਸੀ। ਪਰਮੇਸ਼ਰ ਨੇ ਤਾਂ ਇਕ ਧਰਤੀ ਸਿਰਜੀ; ਮਨੁੱਖ ਨੇ ਭਾਰਤ, ਈਰਾਨ, ਯੂਰਪ ਅਤੇ ਅਮਰੀਕਾ ਜਿਹੀਆਂ ਵਿਚ ਵੰਡ ਦਿੱਤੀ।

ਮਨੁੱਖ ਵੰਡਦਾ ਰਿਹਾ, ਆਪ ਭੀ ਵੰਡਿਆ ਜਾਂਦਾ ਰਿਹਾ। ਹਿੰਦੂ, ਮੁਸਲਮਾਨ, ਯਹੂਦੀ, ਪਾਰਸੀ, ਸਿੱਖ, ਜੈਨ ਵਿਚ ਵੰਡਿਆ ਗਿਆ। ਅੱਗੋਂ ਹੋਰ ਜਾਤ, ਉਪਜਾਤ, ਗੋਤ...ਇਕ ਇਕ ਸਮਾਜ ਅੰਦਰ ਹੋਰ ਕਈ ਵਰਗਾਂ ਵਿਚ ਵੰਡ ਗਿਆ। ਕਈ ਸਮੂਹ ਆਪਣਿਆਂ ਦੇ ਹੀ ਖ਼ਿਲਾਫ਼ ਉੱਠ ਖਲੋਤੇ। ਧਰਮ ਅਤੇ ਸਿਆਸਤ, ਭੈੜੀ ਨੀਅਤ ਨਾਲ ਮਿਲੇ ਤਾਂ ਬੁਰਛਾਗਰਦੀ ਨੇ ਜਨਮ ਲਿਆ। ਮਹਾਂਭਾਰਤ ਜਿਹੀਆਂ ਬੇਲੋੜੀਆਂ ਜੰਗਾਂ, ਇਸੇ ਬਦਨੀਅਤੀ ਦਾ ਅੰਜਾਮ ਸੀ। ਸੰਨ 1839 ਵਿਚ ਸ਼ੇਰੇ ਪੰਜਾਬ ਦੀ ਮੌਤ ਮਗਰੋਂ, ਇਵੇਂ ਦੇ ਤੱਤ ਹੀ ਅੱਗੇ ਹੋ ਕੇ ਆਪਣਿਆਂ ਨੂੰ ਹੀ ਮਾਰਦੇ ਗਏ। ਬਾਬਾ ਬੀਰ ਸਿੰਘ ਨੌਰੰਗਾਬਾਦੀ ਜਿਹੇ ਸਾਧ ਨੂੰ ਭੀ, ਖਾਲਸਾ ਰਾਜ ਦੇ ਤਤਕਾਲੀਨ ਹਾਕਮਾਂ ਅਤੇ ਅਧਿਕਾਰੀਆਂ ਨੇ ਤੋਪਾਂ ਨਾਲ ਸਣੇ ਡੇਰਾ ਉਡਾ ਦਿੱਤਾ। ਮਰਨ ਤੋਂ ਪਹਿਲਾਂ ਅਤਿ ਜ਼ਖ਼ਮੀ ਬਾਬਾ ਬੀਰ ਸਿੰਘ ਦੇ ਮੂੰਹੋਂ ਬਚਨ ਨਿਕਲਿਆ, "ਜਾਓ ਓਏ ਪਾਪੀਓ, ਤੁਹਾਡੇ 'ਤੇ ਅੱਠਾਂ ਬਲਦਾਂ ਦਾ ਸੁਹਾਗਾ...ਬੇਦੋਸ਼ਿਆਂ ਤੇ ਜ਼ੁਲਮ ਕਰਦੇ ਹੋ!" ਇਹ ਘਟਨਾ, ਵੰਡਦੇ ਹੋਏ ਮਨੁੱਖ ਅਤੇ ਟੁੱਟਦੀ ਹੋਈ ਮਨੁੱਖਤਾ ਦਾ ਪ੍ਰਮਾਣ ਹੈ।

ਵੰਡਿਆ ਹੋਇਆ ਮਨੁੱਖ, ਹਮੇਸ਼ਾ ਤੁਲਨਾ ਕਰਦਾ ਰਹਿੰਦਾ ਹੈ। ਮੇਰੀ ਸ਼ਕਤੀ, ਮੇਰੀ ਪੂੰਜੀ ਕਿੰਨੀ ਅਤੇ ਦੂਜੇ ਦੀ ਕਿੰਨੀ। ਇਹ ਕੰਪੇਰੀਜਨ...ਇਹ ਤੁਲਨਾ, ਮਨ ਵਿਚ ਜ਼ਹਿਰ ਜਿਹੀ ਕੁੜੱਤਣ ਘੋਲ ਦਿੰਦੀ ਹੈ...ਵੈਰੀਆਂ ਦੁਸ਼ਮਣਾਂ ਦੀ ਹੱਦ ਤਕ। 18ਵੀਂ ਸਦੀ ਵਿਚ ਬਰਮਾ (ਹੁਣ ਮਿਆਂਮਾਰ) ਦੇ ਰਾਜਾ ਤੀਬੋ ਦੀ ਮਹਾਰਾਣੀ ਸੁਪਾਯਾ, ਜਦੋਂ ਆਪਣੇ ਤੋਂ ਵੱਧ ਸੋਹਣੀ ਕਿਸੇ ਮੁਟਿਆਰ ਨੂੰ ਵੇਂਹਦੀ ਤਾਂ ਈਰਖਾ ਦੀ ਅੱਗ ਵਿਚ ਸੜਣ ਲੱਗਦੀ। ਆਪਣੇ ਅੰਗ ਰੱਖਿਅਕ-ਸੈਨਿਕਾਂ ਤੋਂ ਉਸ ਨੂੰ ਮਰਵਾ ਦਿੰਦੀ। ਕਹਿੰਦੇ ਹਨ, ਰਾਣੀ ਸੁਪਾਯਾ ਨੇ ਦਸ ਹਜ਼ਾਰ ਤੋਂ ਵੱਧ ਬਰਮਾ ਦੀਆਂ ਮੁਟਿਆਰਾਂ ਨੂੰ ਮਰਵਾ ਘੱਤਿਆ। ਤੁਲਨਾ ਦਾ ਮਨੋਵਿਗਿਆਨ, ਜ਼ਹਿਰ ਘੋਲ ਦਿੰਦਾ ਹੈ। ਕਦੇ ਗੁਲਾਬ ਦਾ ਫੁੱਲ ਖਿੜਦੇ ਹੋਏ ਕਮਲ ਦਾ ਸੁਹੱਪਣ ਵੇਖ ਕੇ ਨਹੀਂ ਸੜ ਜਾਂਦਾ ਜਾਂ ਕਦੇ ਕੋਈ ਮੋਰ, ਕੋਇਲ ਦੀ ਸੁਰੀਲੀ ਕੂਕ ਸੁਣ ਕੇ ਹੀਣ ਭਾਵਨਾ ਨਾਲ ਨਹੀਂ ਭਰ ਜਾਂਦਾ। ਗੁਆਂਢੀ ਰਾਜੇ ਦੀ ਸੈਨਾ ਸ਼ਕਤੀ ਜਾਂ ਨਾਲ ਦੇ ਵਪਾਰੀ ਦੀ ਟਰਨ ਓਵਰ ਤੋਂ ਮਨੁੱਖ ਦਾ ਹੀ ਮੂੰਹ ਕੌੜਾ ਹੋ ਜਾਂਦਾ ਹੈ। ਸੁਖ ਲੈਣ ਲਈ, ਮਨੁੱਖ ਕੋਲ ਬਹੁਤ ਕੁਝ ਪਰਮਾਤਮਾ ਦਾ ਦਿੱਤਾ ਹੋਇਆ ਹੈ। ਇਕ ਵਸਦਾ ਪਰਿਵਾਰ, ਇਕ ਮਕਾਨ, ਰੁਜ਼ਗਾਰ, ਔਲਾਦ...ਬਹੁਤ ਕੁਝ ਹੈ। ਪਰ ਸਾਮ੍ਹਣੇ ਵਾਲੇ ਕੋਲ, ਮੇਰੇ ਤੋਂ ਵੱਡਾ ਘਰ ਜਾਂ ਮੇਰੇ ਤੋਂ ਵੱਡੀ ਗੱਡੀ, ਮਨੁੱਖ ਨੂੰ ਦੁਖੀ ਕਰ ਦਿੰਦੀ ਹੈ। ਇਵੇਂ ਦੀ ਸੋਚ ਦੀ ਅੱਗ ਭਖੀ ਤਾਂ ਧਰਮ ਦੀ ਵਰਖਾ ਚਿਤ ਸ਼ਾਂਤ ਕਰ ਦਿੰਦੀ ਹੈ।

ਜਹਾ ਤ੍ਰਿਖਾ ਮਨ ਤੁਝੁ ਆਕਰਖੈ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥

15ਵੀਂ ਸਦੀ ਆਉਂਦਿਆਂ ਤਕ ਇਸ ਦੇਸ਼ ਵਿਚ ਬਹੁਤ ਕੁਝ ਟੁੱਟ ਬਿਖਰ ਚੁੱਕਿਆ ਸੀ। ਮਨੁੱਖਤਾ, ਧਰਮ, ਨੈਤਿਕਤਾ ਦਾ ਗ੍ਰਾਫ ਬਹੁਤ ਥੱਲੇ ਡਿੱਗ ਚੁੱਕਿਆ ਸੀ। ਵੈਦਿਕ ਗਿਆਨ ਦੇ ਤਥਾਕਥਿਤ ਅਧਿਕਾਰੀ ਬ੍ਰਾਹਮਣ ਵਰਗ, ਆਪਣੇ ਹਿੱਤ ਵਿਚ ਵੇਦਾਂ, ਸ਼ਾਸਤ੍ਰਾਂ ਦੇ ਅਰਥ ਕਰ ਰਹੇ ਸਨ। ਆਪਣੇ ਆਪ ਨੂੰ ਦੇਵਤਿਆਂ ਦਾ ਪ੍ਰਤੀਨਿਧ ਘੋਸ਼ਤ ਕਰ ਲਿਆ। ਬ੍ਰਾਹਮਣ ਪੂਜਾ ’ਤੇ ਜ਼ੋਰ ਦਿੱਤਾ ਗਿਆ। ਦੱਖਣ ਦੇ ਮੰਦਰਾਂ ਵਿਚ, ਆਂਧਰਾ ਪ੍ਰਦੇਸ਼, ਕਰਨਾਟਕ, ਤਮਿਲਨਾਡੂ, ਕੇਰਲਾ ਅਤੇ ਮਹਾਂਰਾਸ਼ਟਰ ਦੇ ਕੁਝ ਮੰਦਰਾਂ ਵਿਚ, ਦੇਵਤਿਆਂ ਦੀ ਸੇਵਾ ਟਹਿਲ ਦੇ ਨਾਂ ’ਤੇ ਕੁਆਰੀਆਂ ਲੜਕੀਆਂ, ਭਰਤੀ ਕੀਤੀਆਂ ਗਈਆਂ। ਮੰਦਰਾਂ ਵਿਚ ਉਨ੍ਹਾਂ ਲੜਕੀਆਂ ਦਾ ਅਹੁਦਾ ‘ਦੇਵਦਾਸੀਆਂ’ ਦਾ ਹੈ ਸੀ, ਦੇਵਤਿਆਂ ਦੀਆਂ ਦਾਸੀਆਂ। ਮੰਦਰ ਦੇ ਪੁਜਾਰੀ ਅਤੇ ਪ੍ਰਬੰਧਕ ਗਣ, ਆਪ ਉਨ੍ਹਾਂ ਕੰਨਿਆਵਾਂ ਨੂੰ ਭੋਗਦੇ ਅਤੇ ਬਾਹਰੋਂ ਆਏ ਧਨਾਢ ਵਪਾਰੀਆਂ, ਯਾਤਰੂਆਂ ਅੱਗੇ ਵੀ ਪੈਸੇ ਲੈ ਕੇ ਪੇਸ਼ ਕਰਦੇ। ਚੀਨੀ ਯਾਤਰੀ ਕਨਫ਼ੂਸ਼ੀਅਸ ਨੇ ਆਪਣੇ ਯਾਤਰਾ ਸੰਸਮਰਣ ਵਿਚ ਮੰਦਰਾਂ ਦੇ ਪ੍ਰਬੰਧਕਾਂ, ਪੁਜਾਰੀਆਂ ਵਲੋਂ ਪੈਸਿਆਂ ਬਦਲੇ ਉਹ ਦੇਵਦਾਸੀਆਂ ਦੀ ਪੇਸ਼ਕਸ਼ ਦਾ ਜ਼ਿਕਰ ਕੀਤਾ ਹੈ।

‘ਧਰਮ’ ਆਪਣਾ ਥਾਂ ਛੱਡ ਗਿਆ ਤਾਂ ਪ੍ਰਕ੍ਰਿਤੀ ਵਿਚ ਪ੍ਰਤੀਕ੍ਰਿਆ ਹੋਈ ਔਰ ਕੁਦਰਤ ਦੀ ਕੁੱਖੋਂ ਇਕ ‘ਧਰਮ ਕ੍ਰਾਂਤੀ’ ਨੇ ਜਨਮ ਲਿਆ...ਜਗ ਨੇ ਉਸ ਕ੍ਰਾਂਤੀ ਦੂਤ ਨੂੰ ‘ਗੁਰੂ ਨਾਨਕ’ ਕਹਿ ਕੇ ਅਭਿਵਾਦਨ ਕੀਤਾ। ਗੁਰੂ ਨਾਨਕ ਨੇ, ਧਰਮ ਦੇ ਨਾਂ ’ਤੇ ਵਰਤੇ ਜਾ ਰਹੇ ਭਰਮਾਂ-ਵਹਿਮਾਂ, ਆਡੰਬਰਾਂ, ਕਰਮਕਾਂਡੀ ਪਰੰਪਰਾਵਾਂ, ਜੰਗਾਲੀਆਂ ਹੋਈਆਂ ਰੂੜ੍ਹੀਵਾਦੀ ਕੁਰੀਤੀਆਂ ਨੂੰ ਖੁਰਚ ਕੇ ਲਾਹ ਸੁੱਟਿਆ।

ਸੰਨ 1478 ਵਿਚ, ਰਾਇ ਭੋਇੰ ਦੀ ਤਲਵੰਡੀ ਵਿਚ ਯਗਯੋਪਵੀਤ...ਜਨੇਊ ਸੰਸਕਾਰ ਦੇ ਨਾਂ ’ਤੇ ਪੰਡਤ ਜੀ ਤਾਗੇ ਦਾ ਵੱਟਿਆ ਹੋਇਆ ਜਨੇਊ, ਬਾਲ ਨਾਨਕ ਦੇ ਗੱਲ, ਕੁਝ ਮੰਤਰ ਜਿਹੇ ਬੁਦਬੁਦਾ ਕੇ ਪਾਉਣ ਲੱਗੇ। ‘ਬਾਲਕ’ ਨੇ ਪੰਡਤ ਜੀ ਦਾ ਹੱਥ ਝਟਕ ਕੇ ਪਰ੍ਹਾਂ ਕਰ ਦਿੱਤਾ...ਇਕ ਬੇਅਰਥ ਦੇ ਦਕਿਆਨੂਸੀ ਪਰੰਪਰਾ ਦਾ ਨਿਰਵਾਹ ਕਰਨ ਤੋਂ ਨਾਂਹ ਕਰ ਦਿੱਤੀ। ਬਚਨ ਕੀਤਾ, ਹਜ਼ਾਰਾਂ ਸਾਲ ਪਹਿਲਾਂ ‘ਯਗਯੋਪਵੀਤ ਸੰਸਕਾਰ’ ਦੇ ਸਮੇਂ, ਜਨੇਊ ਧਾਰਨ ਕਰਨ ਵਾਲਾ ਬਾਲਕ ਜਗ ਦਾ ਦੁੱਖ ਦਰਦ ਵੀ ਪਿੰਡੇ ’ਤੇ ਧਾਰਨ ਕਰਨ ਦਾ ਸੰਕਲਪ ਲੈਂਦਾ ਸੀ। ਉਹ ਲੋਕ ਹਿਤ ਦਾ ਸੰਕਲਪ...ਉਹ ਸਹੁੰ, ਬਹੁਤ ਪਹਿਲਾਂ ਕਿਤੇ ਗਵਾਚ ਗਈ। ਤਾਗੇ ਦੇ ਜਨੇਊ ਅਲਪ ਕਾਲ ਵਿਚ ਟੁੱਟ ਜਾਂਦੇ ਹਨ, ਸੁੱਟ ਦਿੱਤੇ ਜਾਂਦੇ ਹਨ। ਤਾਗੇ ਦਾ ਵੱਟਿਆ ਹੋਇਆ ਨਵਾਂ ਜਨੇਊ ਗਲ ਪਾ ਲੈਂਦੇ ਹਨ। ਕੈਸਾ ਢੋਂਗ ਹੈ ? ਧਰਮ ਸੰਸਕਾਰ ਦੇ ਨਾਂ ’ਤੇ ਬੱਸ ਇਕ ਰਿਵਾਇਤ ਦੀ ਓਪਚਾਰੀਕ ਖਾਨਾਪੂਰਤੀ ਕਰ ਲਈ ਜਾਂਦੀ ਹੈ। ‘ਮੈਂ ਇਹ ਜਨੇਊ ਨਹੀਂ ਪਾਉਣਾ’, ਬਾਲ ਨਾਨਕ ਦਾ ਆਤਮ ਵਿਸ਼ਵਾਸੀ ਨਿਰਣਾ ਭਰੀ ਜਮਾਤ ਵਿਚ ਗੁੰਜਾਇਮਾਨ ਹੋਇਆ। ਜੁਗਾਂ ਤੋਂ ਤੁਰੀ ਆ ਰਹੀ, ਕੁਲ ਸਮਾਜ ਦੀ ਪਰੰਪਰਾ

ਨੂੰ ਤੋੜ ਦਿੱਤਾ। ਸੋਚ ਸਕਦੇ ਹਾਂ, ਪਰਿਵਾਰ ਜਨਾਂ ਦੀ ਭਰੀ ਬਿਰਾਦਰੀ ਵਿਚ ਕੈਸੀ ਦਸ਼ਾ ਹੋਈ ਹੋਵੇਗੀ ? ਪਰ ਗੁਰੂ ਨਾਨਕ ਦਾ ਲਖ਼ਸ਼ ਬਿਲਕੁਲ ਸਿੱਧਾ ਅਤੇ ਸਪੱਸ਼ਟ ਹੈ। ਧਰਮ, ਮਨੁੱਖ ਮਾਤਰ ਨੂੰ, ਪ੍ਰਾਣੀ ਮਾਤਰ ਨੂੰ ਸੁਖੀ ਕਰਨ ਦੇ ਨੇਕ ਇਰਾਦੇ ਨਾਲ, ਰਿਸ਼ੀਆਂ ਨੇ ਸਥਾਪਿਤ ਕੀਤਾ।...ਲੰਘਦੇ ਹੋਏ ਸਮੇਂ ਨਾਲ ਬ੍ਰਾਹਮਣਾਂ ਨੇ ਧਰਮ ਨੂੰ ਕਰਮਕਾਂਡ ਦੀ ਰਾਹ ਤੋਰ ਦਿੱਤਾ। ਤਾਂ ਬਾਲ ਗੁਰੂ ਨਾਨਕ ਨੇ ਅਰਥਹੀਣ ਕਰਮਕਾਂਡੀ ਰੀਤਾਂ ਦੇ ਨਿਰਵਾਹ ਤੋਂ ਨਾਂਹ ਕਰ ਦਿੱਤੀ।

ਗੁਰੂ ਨਾਨਕ 'ਸਰਬੱਤ ਦੇ ਭਲੇ' ਲਈ ਅਰਦਾਸ ਕਰਦੇ ਹਨ, ਪ੍ਰਮੇਸ਼ਰ ਦੇ ਅੱਗੇ। ਮੁਲਤਾਨ 'ਪੀਰਾਂ-ਫ਼ਕੀਰਾਂ ਦੀ ਕਾਸ਼ੀ' ਕਿਹਾ ਜਾਂਦਾ ਸੀ। ਮੁਲਤਾਨ ਦੀ ਦਰਗਾਹ 'ਤੇ ਪਰਮੇਸ਼ਰ ਅੱਗੇ ਅਰਦਾਸ ਕਰਦੇ ਹਨ—

ਯਕ ਅਰਜ ਗੁਫਤਮ ਪੇਸਿ ਤੋ ਦਰਗੋਸ ਕੁਨ ਕਰਤਾਰ॥
ਹਕਾ ਕਬੀਰ ਕਰੀਮ, ਤੂ ਬੇਐਬ ਪਰਵਰਦਗਾਰ॥

ਹੇ ਕਰਤਾਰ! ਕਿਸੇ ਵਿਸ਼ੇਸ਼ ਸੰਪਰਦਾ ਲਈ ਨਹੀਂ, ਹਿੰਦੂ ਜਾਂ ਮੁਸਲਮਾਨ ਲਈ ਨਹੀਂ, ਸਾਰਿਆਂ ਲਈ...ਸਰਬੱਤ ਲਈ ਤੇਰੇ ਦਰ 'ਤੇ ਅਰਦਾਸ ਪੇਸ਼ ਕਰਦਾ ਹਾਂ...ਸਾਰਿਆਂ ਦਾ ਭਲਾ ਕਰ!

ਪਿਤਾ, ਮਹਿਤਾ ਕਾਲੂ ਨੇ 20 ਰੁਪਏ ਦਿੱਤੇ, ਕੋਈ ਲਾਭ ਵਾਲਾ ਸੌਦਾ ਕਰੋ। ਗੁਰੂ ਨਾਨਕ ਨੇ ਜਿਨ੍ਹਾਂ ਸਾਧਾਂ ਫ਼ਕੀਰਾਂ ਦੀ ਉਨ੍ਹਾਂ 20 ਰੁਪਿਆਂ ਨਾਲ ਪ੍ਰਸ਼ਾਦ ਪਾਣੀ ਦੀ ਸੇਵਾ ਕੀਤੀ, ਉਨ੍ਹਾਂ ਵਿਚ ਕੋਈ ਸੰਪਰਦਾਇਕ ਪਛਾਣ ਨਹੀਂ ਵੇਖੀ। ਉਹ ਕਿਤਨਾ ਨਿਤਨੇਮ ਜਾਂ ਤਪ ਕਰਦੇ ਹਨ, ਇਹ ਭੀ ਨਹੀਂ ਵੇਖਿਆ। ਵੇਖਿਆ ਕਿ ਸਾਧ ਭੁੱਖੇ ਹਨ...ਜ਼ਰੂਰਤਮੰਦ ਹਨ ਔਰ ਸੌਦਾ ਕਰ ਲਿਆ। ਸਿੱਖ ਮਾਰਗ ਦੀ ਪਹਿਲੀ ਪ੍ਰਤੀਬੱਧਤਾ, ਪ੍ਰਾਣੀ ਮਾਤਰ ਦੀ ਸੇਵਾ ਦੱਸੀ।

ਬਾਦਸ਼ਾਹ ਹਮੀਦ ਕਾਰੂ, ਬਗਦਾਦ ਦਾ ਬਹੁਤ ਹੀ ਲੋਭੀ ਅਤੇ ਕੁਰੱਖ਼ਤ ਰਾਜਾ ਮੰਨਿਆ ਜਾਂਦਾ ਸੀ। ਭਾਈ ਬਾਲਾ ਜੀ, ਗੁਰੂ ਅੰਗਦ ਦੇਵ ਜੀ ਨੂੰ 'ਜਨਮਸਾਖੀ' ਵਿਚ ਪ੍ਰਸੰਗ ਦੱਸਦੇ ਹਨ। ਗੁਰੂ ਨਾਨਕ ਕਾਰੂ ਨੂੰ ਕਹਿੰਦੇ ਹਨ—

ਕੀਚੈ ਨੇਕਨਾਮੀ ਜੋ ਦੇਵੈ ਖੁਦਾਇ।
ਜੋ ਦੀਸੈ ਜਿਮੀ ਪਰ ਸੋ ਹੋਸੀ ਫਨਾਹਿ॥
ਦਾਇਮਾਵ ਦੌਲਤ ਕਿਸੇ ਬੇਸੁਮਾਰ।
ਨ ਰਹਿੰਗੇ ਕਰੋੜੀ ਨ ਰਹਿੰਗੇ ਹਜ਼ਾਰ॥
ਦਮੜਾ ਤਿਸੀ ਕਾ ਜੋ ਖਰਚੇ ਅਰ ਖਾਇ।
ਦੇਵੈ ਦਿਲਾਵੈ ਰਜਾਵੈ ਖੁਦਾਇ॥
ਹੋਤਾ ਨ ਰਾਖੈ ਅਕੇਲਾ ਨ ਖਾਇ।
ਤਹਕੀਕ ਦਿਲ ਦਾਨੀ ਵਹੀ ਭਿਸ਼ਤ ਜਾਇ॥

ਗੁਰੂ ਨਾਨਕ ਦੀ ਸਿੱਖੀ, ਹਰ ਹਾਲ ਵਿਚ, ਮਨੁੱਖ ਮਾਤਰ ਦੇ ਭਲੇ ਲਈ ਟੁਰਦੀ ਦਿਸਦੀ ਹੈ। ਸੰਨ 1664 ਵਿਚ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਦਿੱਲੀ ਵਿਚ, ਮਹਾਂਮਾਰੀ ਹੈਜਾ ਅਤੇ ਚੇਚਕ ਫੈਲ ਗਿਆ। ਘਰਾਂ ਦੇ ਘਰ ਮਰ ਰਹੇ ਸਨ। ਸਤਿਗੁਰ ਜੀ ਮਨੁੱਖਤਾ ਦੀ ਸੇਵਾ ਵਿਚ ਲੱਗੇ ਰਹੇ। ਆਪ ਨੂੰ ਵੀ ਚੇਚਕ ਹੋ ਗਈ। ਉਸ ਹਾਲਤ ਵਿਚ ਵੀ, ਬਿਮਾਰੀ ਗ੍ਰਸਤ ਰੋਗੀਆਂ ਨੂੰ ਸਤਿਗੁਰੂ ਜੀ ਦੇ ਸੇਵਕ ਸਿੱਖ 'ਚਰਨ ਪਾਹੁਲ' ਕੁਝ ਬੂੰਦਾਂ ਮੂੰਹ ਵਿਚ ਪਾਉਂਦੇ, ਕੁਝ ਪਿੰਡੇ 'ਤੇ ਛੱਟਾ ਮਾਰਦੇ, ਰੋਗ ਦੂਰ ਹੋ ਜਾਂਦਾ। ਭਾਵੇਂ ਆਪ ਅੱਠ ਕੁ ਵਰ੍ਹੇ ਦੀ ਬਾਲ ਉਮਰ ਵਿਚ ਹੀ, ਪਰਮੇਸ਼ਰ ਦੇ ਭਾਣੇ ਅੰਦਰ ਚੋਲਾ ਤਿਆਗ ਦਿੱਤਾ। ਪਰ ਉਦੋਂ ਤਕ ਹਜ਼ਾਰਾਂ ਲੋਕਾਂ ਨੂੰ ਜੀਵਨ ਦਾਨ ਦੇ ਗਏ।

ਸੰਨ 1801 ਵਿਚ, ਸ੍ਰ. ਚੜ੍ਹਤ ਸਿੰਘ, ਸ੍ਰ. ਹਰੀ ਸਿੰਘ ਅਤੇ ਸ੍ਰ. ਮਿੱਤ ਸਿੰਘ, ਸ੍ਰੀ ਅੰਮ੍ਰਿਤਸਰ, ਪ੍ਰਸ਼ਾਦਾ ਛਕਣ ਲਈ ਲੰਗਰ ਹਾਲ ਵੱਲ ਜਾਣ ਲੱਗੇ ਸਨ। ਮੁਸੀਬਤ ਦਾ ਮਾਰਿਆ ਇਕ ਬ੍ਰਾਹਮਣ ਹੱਥ ਜੋੜ, ਅੱਖਾਂ ਵਿਚ ਹੰਝੂ ਭਰ ਬੇਨਤੀ ਕੀਤੀ, ਕਸੂਰ ਦਾ ਉਸਮਾਨ ਖਾਂ, ਮੇਰੀ ਲੜਕੀ ਚੁੱਕ ਕੇ ਜਬਰਨ ਲੈ ਗਿਆ ਹੈ...ਮੇਰੀ ਲੜਕੀ ਗੁਰੂ ਦੇ ਸਿੱਖ ਹੀ, ਉਨ੍ਹਾਂ ਜ਼ਾਲਮਾਂ ਤੋਂ ਵਾਪਸ ਦਿਵਾ ਸਕਦੇ ਹਨ। ਮੇਰੇ 'ਤੇ ਰਹਿਮ ਕਰੋ।

ਸ੍ਰ. ਚੜ੍ਹਤ ਸਿੰਘ ਨੇ ਕਿਹਾ, ਆਉ ਭਾਈ ਚਲੀਏ। ਸ੍ਰ. ਮਿੱਤ ਸਿੰਘ ਕਿਹਾ, ਜੱਥੇਦਾਰ ਜੀ, ਪ੍ਰਸ਼ਾਦਾ ਛਕ ਲਈਏ ?

ਹੁਣ ਕਸੂਰ ਜਿੱਤ ਕੇ ਹੀ ਪ੍ਰਸ਼ਾਦਾ ਛਕਾਂਗੇ। ਫੌਜ ਦੇ ਨਾਲ ਚਾਲੇ ਪਾਏ। ਕਸੂਰ ਜ਼ਿਲ੍ਹੇ ਦਾ ਇਕ ਪਾਸਾ ਤੋਪਾਂ ਨਾਲ ਉਡਾ ਕੇ, ਸ੍ਰ. ਫੂਲਾ ਸਿੰਘ ਅਕਾਲੀ ਮਹਿਲ ਅੰਦਰ ਵੜ ਗਏ। ਨਵਾਬ ਕੁਤਬਦੀਨ ਨੱਠਾ ਜਾਂਦਾ ਫੜ ਲਿਆ। ਉਸਮਾਨ ਖਾਂ ਨੂੰ ਮਾਰ ਕੇ ਲੜਕੀ, ਬ੍ਰਾਹਮਣ ਫਰਿਆਦੀ ਦੇ ਸਪੁਰਦ ਕੀਤੀ। ਇਹ ਸਿੱਖੀ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ, ਸਿੱਖੀ ਦੀ ਪਛਾਣ ਰੇਖਾਂਕਤ ਕਰਦੇ ਹਨ, ਮਾਰੂ ਰਾਗ ਵਿਚ—

ਸਤ ਸੰਤੋਖਿ ਰਹਹੁ ਜਨ ਭਾਈ॥
ਖਿਮਾ ਗਹਹੁ ਸਤਿਗੁਰ ਸਰਣਾਈ॥
ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ॥

ਸਿੱਖੀ ਸਤਿ ਹੈ...ਸੰਤੋਖ ਹੈ...ਖਿਮਾ ਹੈ। ਆਤਮ ਪਛਾਣ ਕਰ ਕੇ, ਰੂਹ ਦੇ ਰੂਬਰੂ ਹੋਇ ਕੇ ਪਰ ਆਤਮ...ਦੂਜਿਆਂ ਵਿਚ ਵੀ ਉਸੇ ਆਤਮ ਜੋਤਿ ਦਾ ਦੀਦਾਰ ਕਰਨ ਵਾਲਾ ਸਿੱਖ ਹੈ।

ਪਸ਼ੂ, ਪੰਖੀ, ਮਨੁੱਖ, ਯੱਛ, ਕਿੰਨਰ, ਗੰਧਰਭ, ਰੁੱਖ, ਨਦੀਆਂ, ਪਹਾੜ, ਹਵਾ, ਪਾਣੀ, ਧਰਤੀ ਸਾਰਿਆਂ ਪ੍ਰਤੀ ਸੁਹਿਰਦ ਹੋਣਾ ਸਾਰਿਆਂ ਦੇ ਸੰਗ ਸੰਗ 'ਇਕੋ ਫਰੇਂਡਲੀ', ਵਾਤਾਵਰਣ ਵਿਚ ਸਹਜ ਵਗਣਾ, ਸਿੱਖੀ ਦੀ ਮਰਿਯਾਦਾ ਹੈ। ਦੁਨੀਆ

ਦੇ ਧਰਮ ਸ਼ਾਸਤ੍ਰ, ਜਿਹੜੇ ਪੜ੍ਹੇ ਸੁਣੇ ਹਨ, ਕਿਸੇ ਵਿਚ, ਕੁਦਰਤ ਦੀ, ਪ੍ਰਕ੍ਰਿਤੀ ਦੀ ਇਤਨੀ ਉੱਚੀ ਉਸਤਤਿ ਨਹੀਂ ਵੇਖੀ, ਜੋ ਪਾਤਸ਼ਾਹ ਕੁਦਰਤ ਨੂੰ ਦੇਂਦੇ ਹਨ—

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥

ਨਿਰੰਕਾਰ ਦਾ ਨਿਵਾਸ, ਕੁਦਰਤ ਵਿਚ ਹੈ। ਅੱਜ ਵਧਦੀ ਹੋਈ ਦੁਨੀਆਂ ਦੀ ਆਬਾਦੀ ਅਤੇ ਲਾਪਰਵਾਹ ਮਨੁੱਖ ਦੀਆਂ ਮਾੜੀਆਂ ਆਦਤਾਂ ਕਰ ਕੇ, ਹਵਾ, ਪਾਣੀ, ਮਿੱਟੀ...ਪ੍ਰਾਣੀ ਜੀਵਨ ਦੇ ਤਿੰਨ ਹੀ ਮੌਲਿਕ ਆਧਾਰ ਹਨ ਅਤੇ ਉਹ ਤਿੰਨੇ ਜ਼ਹਿਰ ਨਾਲ ਭਰੇ ਜਾ ਰਹੇ ਹਨ। ਸਤਿਗੁਰ ਇਨ੍ਹਾਂ ਦੀ ਮਹੱਤਤਾ ਵਖਿਆਨ ਕਰਦੇ ਹਨ—

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਹਵਾ ਗੁਰੂ ਹੈ, ਪਾਣੀ ਪਿਤਾ ਹੈ ਅਤੇ ਧਰਤੀ ਮਾਤਾ ਹੈ। ਕੁਦਰਤ ਨਾਲ, ਮਨੁੱਖੀ ਰਿਸ਼ਤਿਆਂ ਪ੍ਰਤੀ ਇਤਨਾ ਯਥਾਰਥਵਾਦੀ ਦ੍ਰਿਸ਼ਟੀਕੋਣ, ਗੁਰੂ ਨਾਨਕ ਨੇ ਆਪਣੇ ਸਿੱਖਾਂ ਨੂੰ ਮੁਹੱਈਆ ਕਰਵਾਇਆ।

ਕਾਰੂ ਬਾਦਸ਼ਾਹ ਨੂੰ ਜਿਹੜਾ ਉਪਦੇਸ਼ ਦਿੱਤਾ—'ਹੋਤਾ ਨ ਰਾਖੇ ਅਕੇਲਾ ਨ ਖਾਇ'। ਇਹ ਮਹਾਂਵਾਕ ਸਿੱਖ ਦੀ ਪ੍ਰਤੀਬੱਧਤਾ ਬਾਣੀ...ਸਿੱਖ ਫ਼ਿਲਾਸਫ਼ੀ ਦਾ ਆਧਾਰ ਬਣਿਆ। ਤੀਜੇ ਪਾਤਸ਼ਾਹ ਦੇ ਸਮੇਂ, ਗੋਇੰਦਵਾਲ ਸਾਹਿਬ, ਬਾਦਸ਼ਾਹ ਅਕਬਰ ਦਰਸ਼ਨ ਕਰਨ ਲਈ ਆਇਆ ਤਾਂ ਪਹਿਲਾਂ ਪੰਗਤ ਵਿਚ ਬਹਿ ਕੇ ਲੰਗਰ ਛਕਿਆ, ਮਗਰੋਂ ਦਰਸ਼ਨ ਹੋਇ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਨੇ, ਸ੍ਰੀ ਭੈਣੀ ਸਾਹਿਬ ਸਦਾਵਰਤ ਲੋਹ ਲੰਗਰ ਚਲਾਇਆ। ਸੰਨ 1899 ਦੇ ਭਿਆਨਕ ਅਕਾਲ ਸਮੇਂ ਪੰਜਾਬ, ਅੱਜ ਦੇ ਹਰਿਆਣਾ, ਬਾਂਗੜ ਇਲਾਕਾ, ਰਾਜਸਥਾਨ ਤੋਂ ਰੋਜ਼ਾਨਾ ਹਜ਼ਾਰਾਂ ਭੁੱਖੇ ਲੋਗ ਪ੍ਰਸ਼ਾਦਾ ਛਕਦੇ, ਤ੍ਰਿਪਤ ਹੁੰਦੇ। ਕੁਝ ਲੋਕਾਂ ਨੇ ਮਾਤਾ ਜੀਉਣ ਕੌਰ ਨੂੰ ਮਸ਼ਵਰਾ ਦਿੱਤਾ, ਮਾਤਾ ਜੀ...ਕੁਝ ਹੱਥ ਘੁੱਟੋ ਨਹੀਂ ਤਾਂ ਆਪਣਾ ਸਾਰਾ ਰਸਦ ਭੰਡਾਰ ਖਾਲੀ ਹੋ ਜਾਣੈ। ਮਾਤਾ ਅੰਨਪੂਰਨਾ...ਮਾਤਾ ਜੀਉਣ ਕੌਰ ਬਚਨ ਕੀਤਾ, ਭਾਈ ਜਦੋਂ ਮੁੱਕ ਜਾਏਗਾ, ਉਦੋਂ ਅਸੀਂ ਵੀ ਇਨ੍ਹਾਂ ਦੇ ਨਾਲ ਟੁਰ ਪਵਾਂਗੇ।

ਮਾਲਵੇ ਦੇ ਪਿੰਡ ਰੂਪੇ ਦੇ ਪੰਡਤ ਕੁੰਦਨ ਲਾਲ, ਸੰਸਕ੍ਰਿਤ, ਬ੍ਰਜ, ਦੇਵਨਾਗਰੀ ਅਤੇ ਮੈਥਲੀ ਭਾਸ਼ਾ ਦੇ ਪ੍ਰਕਾਂਡ ਵਿਦਵਾਨ ਹੈ ਸਨ। ਸਿੱਧ ਵੇਦਾਂਤੀ ਸਨ। ਰਾਜਿਆਂ ਮਹਾਰਾਜਿਆਂ ਦੇ ਸੱਦੇ 'ਤੇ ਜਾਂਦੇ...ਧਾਰਮਿਕ ਅਨੁਸ਼ਠਾਨ ਕਰਵਾਉਂਦੇ। ਰੂਪੇ ਦੇ ਹੀ ਸੰਤ ਗੁਪਾਲ ਸਿੰਘ ਮਿੱਤਰ ਸਨ। ਕਈ ਵਾਰ ਸੰਤ ਸ੍ਰੀ ਭੈਣੀ ਸਾਹਿਬ ਜਾਣ ਲਈ... ਗੁਰੂ ਦੀਦਾਰ ਲਈ ਪ੍ਰੇਰਦੇ। ਇਕ ਵਾਰ ਦੌਰੇ 'ਤੇ ਜਾਂਦਿਆਂ, ਭੈਣੀ ਸਾਹਿਬ ਦੇ ਨੇੜਿਓਂ ਲੰਘਦਿਆਂ, ਚਿੱਤ ਕੀਤਾ, ਅੱਜ ਮੌਕਾ ਮਿਲਿਆ ਹੈ। ਕਹਿੰਦੇ ਹਨ, ਭੈਣੀ

ਸਾਹਿਬ ਸਾਧਾਂ ਦੀ ਤਪੋ ਭੂਮੀ ਹੈ...ਕ੍ਰਾਂਤੀ ਵੀਰਾਂ ਦੀ ਕਰਮ-ਸਥੱਲੀ ਹੈ...ਅੱਜ ਵੇਖਦੇ ਹਾਂ। ਉਸ ਮਿੱਟੀ 'ਚੋਂ ਉੱਠ ਰਹੀਆਂ, ਸਤਿ ਸੇਵਾ, ਸਿਮਰਨ ਅਤੇ ਸ਼ਹਾਦਤਾਂ ਦੀਆਂ ਗ਼ੈਬੀ ਤਰੰਗਾਂ ਨੇ ਛੂਹਿਆ ਤਾਂ ਪੰਡਤ ਜੀ, ਸੰਮੋਹਤ ਜਿਹੇ ਹੋ ਗਏ। ਮਾਤਾ ਜੀਉਣ ਕੌਰ ਜੀ ਦੇ ਹੱਥੋਂ ਲੋਹ ਲੰਗਰ ਦਾ ਦਾਲ-ਪ੍ਰਸ਼ਾਦਾ ਛਕਿਆ ਤਾਂ ਕਹਿੰਦੇ ਹਨ, ਮੈਂ ਵੱਡੇ ਵੱਡੇ ਮਹਿਲਾਂ ਵਿਚ ਚਾਂਦੀ ਦਿਆਂ ਥਾਲੀਆਂ ਵਿਚ ਛੱਤੀ ਪ੍ਰਕਾਰ ਦੇ ਵਿਅੰਜਨ ਛਕੇ ਹਨ...ਅੱਜ ਦੇ ਅੰਮ੍ਰਿਤ ਭੋਜਨ ਜਿਹਾ ਸੁਆਦ ਕਦੇ ਨਾ ਆਇਆ। ਇਹ ਸੁਆਦ ਨਿਰਮਾਣ ਸੇਵਾ ਦਾ ਸੀ...ਇਹ ਸੁਆਦ ਉਸ ਭਾਵ ਦਾ ਹੈ ਸੀ, ਜਿਹੜਾ ਗੁਰੂ ਨਾਨਕ ਨੇ, ਸਤਿਗੁਰੂ ਰਾਮ ਸਿੰਘ ਨੇ, ਸਿੱਖੀ ਵਿਚ ਪਾਇਆ ਹੈ।

# ਲਾਗੀ ਪ੍ਰੀਤ ਸੁਜਾਨ ਸਿਉ

ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ ਅਤੇ ਸੰਤ ਭਗਤ ਸਿੰਘ ਦਾਤੇਵਾਲੀਏ, ਕਈ ਵਾਰ ਇਕੱਠਿਆਂ ਦੀਵਾਨ ਲਾਉਂਦੇ—

ਲਾਗੀ ਪ੍ਰੀਤ ਸੁਜਾਨ ਸਿਉ
ਵਰਜੇ ਲੋਗ ਅਜਾਨ॥

ਇਹ ਸੁਜਾਨ ਸਿਉ ਪ੍ਰੀਤ, ਸਤਿਗੁਰ ਸਿਉ ਪ੍ਰੀਤ, ਇਕਾਗਰਤਾ ਦਾ ਤਲ ਹੁੰਦਾ ਹੈ...ਭਗਤੀ ਦਾ ਸਿਖਰ ਤਲ!

ਇਕ ਵਾਰ, ਦੇਵ ਰਿਸ਼ੀ ਨਾਰਦ ਜੀ, ਇਕ ਹਜ਼ਾਰ ਸਾਲ ਦੀ ਕਠਿਨ ਤਪੱਸਿਆ ਕਰ ਕੇ ਭਗਵਾਨ ਸ੍ਰੀ ਵਿਸ਼ਨੂੰ ਕੋਲ ਪਹੁੰਚੇ। ਤਪ ਦਾ ਸਾਰਾ ਵੇਰਵਾ ਦੱਸਿਆ। ਭਗਵਾਨ ਜੀ ਨੂੰ, ਨਾਰਦ ਜੀ ਦੀਆਂ ਗੱਲਾਂ ’ਚੋਂ ਹੰਕਾਰ ਝਲਕਿਆ। ਵਿਸ਼ਨੂੰ ਲੋਕ ਵਿਚ ਬਹਿਠਿਆਂ, ਮਾਤ ਲੋਕ ਤੇ ਇਕ ਗ਼ਰੀਬ ਕਿਸਾਨ ਨੂੰ ਹੱਲ ਵਾਹੁੰਦਿਆਂ ਵੇਖਿਆ, ਖੇਤ ਦੇ ਚਿੱਕੜ ਮਿੱਟੀ ਵਿਚ ਹਲ ਵਾਹੁੰਦਾ ਹੋਇਆ, ਪਰਮਾਤਮਾ ਦੀ ਸਿਫ਼ਤ ਵਿਚ ਕੋਈ ਗੀਤ ਗੁਨਗੁਨਾ ਰਿਹਾ ਸੀ। ਭਗਵਾਨ ਸ੍ਰੀ ਦੇ ਮੁਖ ’ਚੋਂ ਸਹਿਜੇ ਨਿਕਲਿਆ—ਵਾਹ! ਪ੍ਰਭੂ ਦੇ ਭਗਤ!

ਨਾਰਦ ਜੀ ਨੂੰ ਮਨ ਵਿਚ ਤਕਲੀਫ਼ ਲੱਗੀ। ਮੈਂ ਹਜ਼ਾਰ ਸਾਲ ਦਾ ਤਪ ਕਰ ਕੇ ਆਇਆ ਹਾਂ, ਇਕ ਵਾਰ ਮੇਰੇ ਲਈ ਸਿਫ਼ਤ ਵਡਿਆਈ ਦਾ ਕੋਈ ਸ਼ਬਦ ਨਹੀਂ ਨਿਕਲਿਆ। ਧਰਤੀ ’ਤੇ, ਖੇਤ ਵਿਚ, ਹੱਲ ਜੋਤਦੇ ਹੋਏ ਕਿਸਾਨ ਨੂੰ ਵਾਹੁ ‘ਪ੍ਰਭੂ ਭਗਤ’ ਕਹਿ ਰਹੇ ਹਨ। ਨਾਰਦ ਜੀ ਨੇ ਦਿਲ ਦੀ ਗੱਲ, ਸ੍ਰੀ ਵਿਸ਼ਨੂੰ ਹਰੀ ਅੱਗੇ ਜ਼ਾਹਿਰ ਕੀਤੀ। ਮੁਸਕੁਰਾ ਕੇ ਸ੍ਰੀ ਹਰੀ ਬਚਨ ਕੀਤਾ, ਸਮਾਂ ਵੇਖ ਕੇ ਜਵਾਬ ਦਿਆਂਗਾ। ਇਕ ਦਿਨ, ਭਗਵਾਨ ਜੀ ਹੱਥ ਵਿਚ ਦੁੱਧ ਦਾ ਨੱਕੋ ਨੱਕ ਭਰਿਆ ਕਟੋਰਾ ਨਾਰਦ ਜੀ ਨੂੰ ਦੇਂਦਿਆਂ ਕਿਹਾ, ਨਾਰਦ ਜੀ, ਇਸ ਕਟੋਰੇ ਨੂੰ ਹੱਥ ਵਿਚ ਲੈ ਕੇ ਤਿੰਨੇ ਲੋਕਾਂ ਦਾ ਇਕ ਚੱਕਰ ਲਾ ਕੇ ਆਉ। ਧਿਆਨ ਰਹੇ, ਇਕ ਬੂੰਦ ਵੀ ਦੁੱਧ ਦਾ ਨਾ ਡੁੱਲੇ। ਨਾਰਦ ਜੀ ਨੇ ਹੱਥ ਵਿਚ ਕਟੋਰਾ ਲੈਂਦਿਆਂ ਕਿਹਾ, ਇਹ ਕੇਹੜੀ ਵੱਡੀ ਗੱਲ ਹੈ...ਮੈਂ ਗੇੜੀ ਲਾ ਕੇ ਆਉਂਦਾ ਹਾਂ। ਕਾਫੀ ਸਮਾਂ ਲਾ ਕੇ ਨਾਰਦ ਜੀ ਪਰਤੇ। ਸ੍ਰੀ ਹਰੀ ਨੂੰ ਕਿਹਾ, ਦੇਖੋ, ਇਕ ਬੂੰਦ ਵੀ ਦੁੱਧ ਦਾ ਡਿੱਗਣ ਨਹੀਂ ਦਿੱਤਾ। ਸ੍ਰੀ ਵਿਸ਼ਨੂੰ ਜੀ

ਬਚਨ ਕੀਤਾ, ਉਹ ਤਾਂ ਠੀਕ ਹੈ ਨਾਰਦ ਜੀ, ਦੁੱਧ ਨਹੀਂ ਡਿੱਗਣ ਦਿੱਤਾ, ਪਰ ਇਸ ਯਾਤਰਾ ਦੇ ਪੂਰੇ ਸਮੇਂ, ਇਕ ਵਾਰ ਤੁਹਾਡੇ ਮੁੱਖ ’ਚੋਂ ‘ਨਾਰਾਇਣ’ ਨਹੀਂ ਨਿਕਲਿਆ।

ਨਾਰਦ ਜੀ ਕਿਹਾ, ਇਕ ਬੂੰਦ ਵੀ ਦੁੱਧ ਨਾ ਡਿੱਗਣ ਦੇਣ ਦੀ ਚਿੰਤਾ...ਸਾਰਾ ਸਮਾਂ ਬਹੁਤ ਸਾਵਧਾਨੀ ਭਰਿਆ...ਤਣਾਅ ਭਰਿਆ ਰਿਹਾ।

ਧਿਆਨ ਵਿਚ ਬਸ ਦੁੱਧ ਦਾ ਕਟੋਰਾ ਰਿਹਾ। ਹਾਂ ਪ੍ਰਭੂ ਭੁੱਲ ਹੋ ਗਈ...ਨਾਰਾਇਣ ਭੁੱਲ ਗਿਆ।

ਸ੍ਰੀ ਵਿਸ਼ਨੂੰ ਬਚਨ ਕੀਤਾ, ਇਹ ਜੋ ਗ੍ਰਿਹਸਥੀ ਹਨ, ਕਿਤਨਾ ਜੋਖਮ ਭਰਿਆ, ਜ਼ਿੰਮੇਵਾਰੀਆਂ ਭਰਿਆ ਜੀਵਨ ਜੀਉਂਦੇ ਹਨ। ਬੱਚਿਆਂ ਲਈ ਰੋਟੀ ਦੀ ਵਿਵਸਥਾ, ਸਿੱਖਿਆ, ਬਸਤਰ, ਰੁਜ਼ਗਾਰ, ਬਿਮਾਰੀ, ਝਗੜੇ ਵਿਵਾਦ, ਹਰ ਮਨੁੱਖ ਇਨ੍ਹਾਂ ਸਾਰਿਆਂ ’ਚੋਂ ਲੰਘਦਾ ਹੋਇਆ, ਇਕ ਖਿਣ ਲਈ ਪ੍ਰਭੂ ਦੇ ਗੀਤ ਗਾਉਂਦਾ ਹੈ, ਸਿਮਰਨ ਕਰਦਾ ਹੈ...ਨਾਰਦ ਵਾਕਈ ਇਹ ਧਰਤੀ ਦਾ ਪ੍ਰਾਣੀ ਉਸਤਤਿ ਜੋਗ ਹੈ... ਇਸ ਦੇ ਲਈ ਮੂੰਹੋਂ ਸਹਿਜੇ ਹੀ ‘ਵਾਹ’ ਨਿਕਲਦਾ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਉਦਾਸੀਆਂ ਕਰਦੇ ਹੋਏ ਗੁਜਰਾਤ (ਹੁਣ ਪਾਕਿਸਤਾਨ ਵਿਚ) ਪਹੁੰਚੇ। ‘ਸ਼ਾਹ ਦੌਲਾ’ ਨਾਮੀ ਪੀਰ ਉਥੇ ਰਹਿੰਦਾ ਸੀ। ‘ਗੁਰੂ ਨਾਨਕ ਸ਼ਾਹ ਫ਼ਕੀਰ’ ਦੇ ਗੁਜਰਾਤ ਪਹੁੰਚਣ ਦੀ ਖ਼ਬਰ ਚੇਲਿਆਂ ਸੇਵਕਾਂ ਦਿੱਤੀ। ਨਾਲ ਹੀ ਦੱਸਿਆ, ਗੁਰੂ ਨਾਨਕ ਦੀ ਬਹੁਤ ਚਰਚਾ ਹਰ ਪਾਸੇ ਹੋ ਰਹੀ ਹੈ...ਖ਼ੁਦਾ ਦਾ ਰੂਪ ਹੈ, ਸੱਚਾ ਫ਼ਕੀਰ ਹੈ। ਸਿਫ਼ਤ ਸੁਣ ਕੇ ਸ਼ਾਹ ਦੌਲਾ, ਗੁਰੂ ਨਾਨਕ ਨੂੰ ਮਿਲਿਆ। ਘਰ, ਪਰਿਵਾਰ ਸਾਰਾ ਹਾਲ ਪੁੱਛਿਆ। ਸਤਿਗੁਰ ਜੀ ਦੱਸਿਆ, ਵਿਆਹਿਆ ਹਾਂ, ਘਰ ਵਾਲੀ, ਦੋ ਬੱਚੇ, ਪੰਜਾਬ, ਤਲਵੰਡੀ ਹਨ। ਪੀਰ ਜੀ ਨੂੰ ਲੱਗਾ, ਔਰਤ, ਬੱਚੇ, ਧਨ ਕਮਾਉਣ ਲਈ ਨੌਕਰੀ, ਕਾਰੋਬਾਰ ਕਰਦਾ ਮਨੁੱਖ, ਫਿਰ ਹਿੰਦੂ ਸੰਪਰਦਾ ਨਾਲ ਤਆਲੁਕ ਰੱਖਣ ਵਾਲਾ, ਪੀਰ ਫ਼ਕੀਰ ਕਿਵੇਂ ਹੋ ਸਕਦਾ ਹੈ। ਉਸ ਕਹਿਆ, ਔਰਤ ਕੀ ਤੇ ਫ਼ਕੀਰੀ ਕੀ ? ਹਿੰਦੂ ਕੀ ਤੇ ਪੀਰੀ ਕੀ ? ਪੁੱਤਰ ਕੀ ਤੇ ਬੈਰਾਗ ਕੀ ? ਦੌਲਤ ਕੀ ਤੇ ਤਿਆਗ ਕੀ ?

ਨਾਨਕ ਜੀ, ਤੁਹਾਡਾ ਇਹ ਪੀਰਾਂ ਫ਼ਕੀਰਾਂ ਵਾਲਾ ਭੇਖ ਕਿਤੇ ਮੁਨਾਸਿਬ ਨਹੀਂ ਲੱਗਦਾ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਅੱਗੋਂ ਜਵਾਬ ਦੇਂਦੇ ਹਨ—ਔਰਤ ਇਮਾਨ...ਪੁੱਤਰ ਨਿਸ਼ਾਨ...ਦੌਲਤ ਗੁਜਰਾਨ। ਵਿਆਹ, ਮਨੁੱਖ ਜ਼ਰੂਰ ਕਰਾਏ, ਇਹ ਸਿਰਜਨਹਾਰ ਦੇ ਪ੍ਰਤੀ, ਹਰ ਪ੍ਰਾਣੀ ਲਈ ਜ਼ਿੰਮੇਵਾਰੀ ਦਾ ਨਿਰਵਾਹ ਕਰਨ ਵਾਂਗ ਹੈ। ਪਰ ਇਕ ਔਰਤ ਦੇ ਪ੍ਰਤੀ ਇਮਾਨ ਰੱਖੇ, ਪਤਨੀ ਵਰਤ ਧਰਮ ਦਾ ਪੂਰੀ ਇਮਾਨਦਾਰੀ ਨਾਲ ਨਿਰਵਾਹ ਕਰੇ। ਪੁੱਤਰ ਵੰਸ਼ ਦਾ ਨਿਸ਼ਾਨ ਹੁੰਦਾ ਹੈ...ਦੌਲਤ ਸੰਤੋਖ ਦੀ...ਜੀਵਨ ਵਿਚ ਕਿਸੇ ਅੱਗੇ ਹੱਥ ਨਾ ਅੱਡਣਾ ਪਵੇ...ਤਾਂ ਕਿਹਾ, ਦੌਲਤ ਗੁਜਰਾਨ! ਗ੍ਰਿਹਸਥ ਦਾ

ਜੀਵਨ, ਸੰਨਿਆਸੀ ਜਾਂ ਫ਼ਕੀਰ ਦੇ ਜੀਵਨ ਤੋਂ ਵੱਧ ਜ਼ਿੰਮੇਵਾਰੀ ਪੂਰਨ ਅਤੇ ਜੋਖ਼ਮ ਪੂਰਨ ਹੈ। ਅਉਖੀ ਕਾਰ ਹੈ ਗ੍ਰਿਹਸਥ ਦੀ।

ਹਰ ਪੀਰ ਦਾ, ਪੈਗ਼ੰਬਰ ਦਾ, ਧਰਮ ਗੁਰੂ ਦਾ, ਇਕ ਪੰਥ ਹੁੰਦਾ ਹੈ, ਧਰਮ ਦਾ ਮਾਰਗ ਹੁੰਦਾ ਹੈ...ਇਕ ਰੂਪ, ਇਕ ਭੇਖ ਹੁੰਦਾ ਹੈ...ਕੁਝ ਸਿੱਖਿਆ ਦੇ ਵਿਧਾਨ, ਕੁਝ ਮਿੱਥੇ ਹੋਏ ਨਿਯਮ ਹੁੰਦੇ ਹਨ। ਵਿਦਿਆਲਾ, ਗੁਰੂ ਕੁਲ ਜਾਂ ਆਚਾਰਿਆ ਦੇ ਆਸ਼ਰਮ ਵਿਚ ਪ੍ਰਵੇਸ਼ ਕਰਨ ਵਾਲੇ ਸਿਖਿਆਰਥੀ ਲਈ, ਅਨੁਸ਼ਾਸਨ ਅਤੇ ਸਿੱਖਿਆ, ਦੋ ਹਿੱਸਿਆਂ ਵਿਚ ਸਿੱਖਿਆ ਮੁਕੰਮਲ ਹੁੰਦੀ ਹੈ। ਭੇਖ, ਪਹਿਰਾਵਾ, ਸਮੇਂ ਦੇ ਅੰਦਰ ਹਰ ਕੰਮ ਦਾ ਨਿਰਵਾਹ, ਸੱਚ, ਸਫਾਈ, ਸ਼ਾਂਤੀ ਪੂਰਨ ਵਾਤਾਵਰਣ ਤਾਂ ਜੋ ਵਿਦਿਆਲੇ ਦੀ ਸਿੱਖਿਆ ਤੇ ਧਿਆਨ ਕੇਂਦ੍ਰਿਤ ਹੋ ਸਕੇ...ਬਗ਼ੈਰ ਕਿਸੇ ਅਵਰੋਧ ਦੇ। ਸੁਆਮੀ ਰਾਮਕ੍ਰਿਸ਼ਨ ਪਰਮਹੰਸ ਤੋਂ ਯੁਵਕ ਨਰੇਂਦਰ ਨੇ ਪੁੱਛਿਆ, ਜੀ ਧਰਮ ਸਿੱਖਿਆ ਲਈ, ਭੇਖ ਜਾਂ ਲਿਬਾਸ ਜ਼ਰੂਰੀ ਹੈ ?

ਹਾਂ, ਬਹੁਤ ਜ਼ਰੂਰੀ ਹੈ, ਸੁਆਮੀ ਜੀ ਕਿਹਾ।

ਧਾਨ ਜਾਂ ਝੋਨਾ, ਜਦੋਂ ਤਕ ਆਪਣੇ ਲਿਬਾਸ ਵਿਚ ਹੈ, ਭੇਖ ਵਿਚ ਹੈ, ਉਦੋਂ ਤਕ ਇਕ ਦਾਣਾ ਮਿੱਟੀ ਵਿਚ ਮਿਲ ਕੇ, ਸੌ ਦਾਣਿਆਂ ਨੂੰ ਜਨਮ ਦੇ ਸਕਦਾ ਹੈ। ਉਪਰਲਾ ਲਿਬਾਸ...ਧਾਨ ਦਾ ਛਿਲਕਾ ਲਾਹ ਦਿਓ ਤਾਂ ਚਾਵਲ ਬਣ ਜਾਏਗਾ...ਕਿਸੇ ਪਤੀਲੇ ਵਿਚ ਉਬਾਲਿਆ ਜਾਏਗਾ...ਖਾਣ ਦੇ ਕੰਮ ਜੋਗਾ ਰਹਿ ਜਾਏਗਾ...ਇਸ ਦੀ ਉਤਪਾਦਨ ਸ਼ਕਤੀ ਖ਼ਤਮ ਹੋ ਜਾਏਗੀ। ਸ਼ਿਸ਼ਯ ਜੀਵਨ ਬਸਰ ਕਰਨ ਯੋਗ ਰਹਿ ਜਾਏਗਾ, ਹੋਰ ਧਰਮੀ, ਹੋਰ ਸਿੱਖੀ ਸਿਰਜਣ ਤੋਂ ਵਾਂਝਿਆਂ ਹੋ ਜਾਏਗਾ।

ਜਾਪਾਨੀ ਵਿਦਵਾਨ, ਤਾਉਬੋ ਸੁਜੂਕੀ ਨੇ ਪੁਸਤਕ ਲਿਖੀ ਹੈ **ਵਾਬੀ ਸਾਬੀ**। ਭਗਵਾਨ ਬੁੱਧ ਦੀ ਸਿੱਖਿਆ 'ਤੇ ਅਧਾਰਿਤ ਪੁਸਤਕ ਹੈ। ਭਗਵਾਨ ਤਥਾਗਤ ਦੀ ਸਿੱਖਿਆ, ਜੋ ਮਿਲਦਾ ਹੈ ਉਸ ਨੂੰ ਸਵੀਕਾਰ ਕਰੋ। ਹਰਖ, ਸੋਗ, ਸੁਖ-ਦੁਖ, ਹਾਨੀ-ਲਾਭ, ਜੀਵਨ ਦੀ ਕੋਈ ਦੁਰਘਟਨਾ, ਪਰਵਾਨ ਕਰੋ...ਮਨ ਦੀ ਸ਼ਕਤੀ ਸੰਚਿਤ ਕਰੋ ਔਰ ਨਵੇਂ ਸਿਰਜਣ ਲਈ ਲਗ ਜਾਉ। 7 ਅਗਸਤ 1945 ਈ. ਦੀ ਪ੍ਰਭਾਤ ਸੀ। ਨਾਗਾਸਾਕੀ, ਹਿਰੋਸ਼ੀਮਾ ਦੇ ਲੋਗ ਸ਼ਾਇਦ ਅਜੇ ਸੁੱਤੇ ਪਏ ਸਨ। ਅਮਰੀਕੀ ਵਾਯੂ ਸੈਨਾ ਦੇ ਫਾਈਟਰ ਜਹਾਜ਼, ਅਚਾਨਕ ਆਕਾਸ਼ 'ਤੇ ਪਰਗਟ ਹੋਏ ਅਤੇ ਪਰਮਾਣੂ ਬੰਬ ਨਾਲ ਹਮਲਾ ਕਰ ਕੇ ਲੁਪਤ ਹੋ ਗਏ। ਤ੍ਰਾਹੀ-ਤ੍ਰਾਹੀ ਮੱਚ ਗਈ...ਹਰ ਪਾਸੇ ਚੀਕ ਪੁਕਾਰ ਮੱਚ ਗਈ। ਲੱਖਾਂ ਲੋਗ ਮਰ ਗਏ, ਲੱਖਾਂ ਅਪੰਗ ਹੋ ਗਏ। ਸਾਰਾ ਜਨਜੀਵਨ ਖਿੰਨ-ਭਿੰਨ ਹੋ ਗਿਆ। ਕਹਿੰਦੇ ਹਨ, ਜਾਪਾਨ ਦੇ ਜੀਂਵਦੇ ਹੋਏ, ਪ੍ਰਬੁੱਧ ਲੋਗ ਇਕ ਸਥਾਨ 'ਤੇ ਇਕੱਤਰ ਹੋਏ, ਅਉਖੀ ਘੜੀ ਵਿਚ ਭਗਵਾਨ ਤਥਾਗਤ ਪ੍ਰਤੀ ਸ਼ੁਕਰਾਨਾ ਕੀਤਾ, ਨਵੇਂ ਸਿਰਜਣ ਲਈ ਪ੍ਰਾਰਥਨਾ ਕੀਤੀ ਔਰ ਜਾਪਾਨੀ ਜਨਜੀਵਨ ਦੇ ਪੁਨਰਵਾਸ ਵਿਚ ਲੱਗ ਗਏ। ਕਹਿੰਦੇ ਹਨ, ਚਾਰ

ਘੰਟਿਆਂ ਵਿਚ ਹਿਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰ ਵਿਚ ਟੁੱਟੀਆਂ, ਬਰਬਾਦ ਹੋਈਆਂ ਪਾਈਪਾਂ ਨੂੰ ਫਿਰ ਤੋਂ ਜੋੜ ਕੇ, ਜ਼ਰੂਰੀ ਮੁਰੰਮਤ ਕਰਕੇ, ਪਾਣੀ ਦੀ ਸਪਲਾਈ ਚਾਲੂ ਕਰ ਦਿੱਤੀ। ਇਕ ਦਿਨ ਵਿਚ ਬਿਜਲੀ ਉਪਕਰਨਾਂ ਵਿਚ ਲੋੜੀਂਦੀ ਮੁਰੰਮਤ ਕਰ ਕੇ ਬਿਜਲੀ ਦੀ ਸੇਵਾ ਆਰੰਭ ਕਰ ਦਿੱਤੀ ਗਈ...ਤੀਜੇ ਦਿਨ, ਲੋੜੀਂਦੀ ਸਾਫ ਸਫਾਈ ਕਰ ਮਲਬਾ ਹਟਾ ਕੇ, ਬਾਜ਼ਾਰ ਖੁੱਲ੍ਹ ਗਏ। ਕੁਲ ਤਿੰਨ ਦਿਨਾਂ ਵਿਚ ਜਾਪਾਨੀ ਜਨਜੀਵਨ ਪੈਰਾਂ 'ਤੇ ਖੜ੍ਹਾ ਹੋ ਗਿਆ। ਕਹਿੰਦਾ ਹੈ ਲੇਖਕ ਤਥਾਗਤ ਦਾ ਉਪਦੇਸ਼ 'ਵਾਬੀ ਸਾਬੀ' ਸਦਕਾ ਸੰਭਵ ਹੋ ਸਕਿਆ।ਜੋ ਤੁਧ ਭਾਵੈ ਸਾਈ ਭਲੀ ਕਾਰ॥

ਗੁਰੂ ਦੀ ਸਿੱਖਿਆ, ਮਜ਼ਬੂਤ ਗੁਰਦੇ ਵਾਲਾ ਸਿੱਖ ਸਿਰਜਦੀ ਹੈ...ਸਿੱਖ ਅੰਦਰ, ਪਹਾੜ ਜਿਹਾ ਮਨੋਬਲ ਸਿਰਜ ਦੇਂਦੀ ਹੈ। ਸੰਤ ਅਤਰ ਸਿੰਘ ਜੀ 'ਮਸਤੂਆਣਾ' ਅੱਗੇ, ਸੰਗਰੂਰ ਦੇ ਰਾਜਾ ਰਣਬੀਰ ਸਿੰਘ ਨੇ, ਮਹਿਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਅਤੇ ਕੀਰਤਨ-ਕਥਾ, ਲੰਗਰ ਦੀ ਸੇਵਾ ਲਈ ਬੇਨਤੀ ਕੀਤੀ। ਸੰਤਾਂ ਨੇ ਮਨਜ਼ੂਰੀ ਦੇ ਦਿੱਤੀ। ਮਿੱਥੇ ਹੋਏ ਸਮੇਂ ਤੇ ਸ੍ਰੀ ਅਖੰਡ ਪਾਠ ਦੀ ਸਮਾਪਤੀ ਹੋਈ। ਭੋਗ ਦੀ ਅਰਦਾਸ ਉਪਰੰਤ ਸੰਤ ਜੀ ਕੀਰਤਨ ਕਰ ਰਹੇ ਸਨ। ਕੀਰਤਨ ਕਰਦਿਆਂ, ਇਕ ਵਾਰ ਨੇਤਰ ਖੋਲ੍ਹੇ...ਸਾਮ੍ਹਣੇ ਮੁੱਖ ਦਵਾਰ 'ਤੇ ਇਕ ਗਰੀਬੜਾ ਜਿਹਾ ਸਿੱਖ ਅੰਦਰ ਆਉਣਾ ਚਾਹੁੰਦਾ ਸੀ, ਦਵਾਰਪਾਲ ਨੇ ਪਾਟੇ ਹੋਏ ਮੈਲੇ ਕਪੜਿਆਂ ਵਾਲੇ ਸਿੱਖ ਨੂੰ ਧੱਕਾ ਮਾਰ ਕੇ ਪਰ੍ਹੇ ਕਰ ਦਿੱਤਾ। ਉਹ ਸਿੱਖ ਅੰਦਰ ਪ੍ਰਵੇਸ਼ ਲਈ, ਕੀਰਤਨ ਕਥਾ ਸੁਣਨ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਣ ਲਈ ਬੇਨਤੀ ਕਰਦਾ ਰਿਹਾ...ਦਵਾਰ 'ਤੇ ਖੜ੍ਹਾ ਪਹਿਰੇਦਾਰ, ਹਰ ਵਾਰ ਧੱਕਾ ਮਾਰ ਕੇ ਪਰ੍ਹਾਂ ਕਰ ਦੇਂਦਾ। ਸੰਤਾਂ ਦੀ ਨਿਗਾਹ ਪਈ। ਵਾਰ ਵਾਰ ਸਿੱਖ ਦੀ ਹੋ ਰਹੀ ਬੇਕਦਰੀ ਵੇਖੀ। ਸੰਤਾਂ ਨੇ ਉਸੇ ਵੇਲੇ ਕੀਰਤਨ ਦੇ ਸਾਜ਼ ਸਮੇਟ ਲਏ ਅਤੇ ਉੱਠ ਕੇ ਅੰਦਰ ਕਮਰੇ ਵਿਚ ਚਲੇ ਗਏ। ਰਾਜਾ ਰਣਬੀਰ ਸਿੰਘ ਦੇ ਹੋਸ਼ ਉੱਡ ਗਏ। ਸੰਗਤ ਵੀ, ਅਚਾਨਕ ਘਟੀ ਇਸ ਘਟਨਾ ਤੋਂ ਅਚੰਭਿਤ ਰਹਿ ਗਈ। ਰਾਜਾ ਰਣਬੀਰ ਸਿੰਘ ਸੰਤਾਂ ਕੋਲ ਗਏ, ਹੱਥ ਜੋੜ ਅਰਜ਼ ਕੀਤੀ, ਕਿਹੜੀ ਅਵੱਗਿਆ ਸਾਥੋਂ ਹੋ ਗਈ। ਅੱਧ ਵਿਚਾਲੇ, ਕੀਰਤਨ ਛੱਡ ਕੇ ਆ ਗਏ ਜੇ।

ਸੰਤਾਂ ਰੋਸ ਭਰੇ ਸ਼ਬਦਾਂ ਵਿਚ ਕਿਹਾ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਉਹ ਭਾਵੇਂ ਗਰੀਬ ਦੀ ਝੁੱਗੀ ਹੋਵੇ ਜਾਂ ਮਹਿਲ ਹੋਵੇ, ਉਸ ਘਰ ਦੇ ਸੁਆਮੀ, ਗੁਰੂ ਮਹਾਰਾਜ ਹੁੰਦੇ ਹਨ। ਉਹ ਕਿਸੇ ਰਾਜੇ ਦਾ ਮਹਿਲ ਨਹੀਂ ਰਹਿ ਜਾਂਦਾ। ਤੇਰੇ ਪਹਿਰੇਦਾਰ ਨੇ, ਗੁਰੂ ਦੇ ਸਿੱਖ ਦੀ ਨਿਰਾਦਰੀ ਕੀਤੀ...ਪਰ੍ਹੇ ਧੱਕਿਆ। ਤੁਸੀਂ ਲੋਗ, ਇਹ ਧਰਤੀ ਦੇ ਰਾਜੇ ਚਾਰ ਦਿਨਾਂ ਦੀ ਹਕੂਮਤ ਹੈ। ਮੈਂ ਉਸ 'ਮਹਾਰਾਜ' ਦਾ ਗਵੱਈਆ ਹਾਂ, ਜਿਹੜਾ ਤੁਹਾਡੇ ਜਿਹਿਆਂ ਨੂੰ ਹਰ ਖਿਣ ਤਖ਼ਤ 'ਤੇ ਬਹਾਲਦਾ ਹੈ ਅਤੇ ਜੇ ਉਹ ਚਾਹੇ—

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥
ਦਰਿ ਮੰਗਨਿ ਭਿਖ ਨ ਪਾਇਦਾ॥

ਰਾਜੇ ਨੇ ਸੰਤਾਂ ਦੇ ਚਰਨ ਫੜ ਲਏ। ਹੁਣ ਭੁੱਲ ਸੁਧਾਰ ਲਈ ਕੋਈ ਰਾਹ ਦੱਸੋ। ਉਹ ਗਰੀਬੜਾ ਸਿੱਖ ਲੱਭੋ...ਜੇ ਉਹ ਬਖਸ਼ ਦੇਵੇ ਤਾਂ ਤੁਸੀਂ ਬਖਸ਼ੇ ਜਾ ਸਕਦੇ ਹੋ।

ਤਾਂ ਐਸੀ ਹੈ, ਗੁਰੂ ਨਾਲ ਸਿੱਖ ਦੀ ਪ੍ਰੀਤ!

"ਲਾਗੀ ਪ੍ਰੀਤ ਸੁਜਾਨ ਸਿਉ॥"

# ਸਿੱਖੀ ਸਿਰਜਣਾ

ਕਿਹਾ ਜਾਂਦਾ ਹੈ ਕਿ ਵਿਸਾਖੀ 1699 ਈ. ਨੂੰ, ਦਸਮ ਪਾਤਸ਼ਾਹ ਨੇ ਅੰਮ੍ਰਿਤ ਛਕਾ ਕੇ ਸਿੱਖੀ ਸਿਰਜਣਾ ਕੀਤੀ। ਪਰ ਯਥਾਰਥ ਵਿਚ ਸਿੱਖੀ ਦਾ ਨਿਵੇਕਲਾ ਰਾਹ ਉਦੋਂ ਹੀ ਖੁੱਲ੍ਹ ਗਿਆ, ਜਦੋਂ ਸੰਨ 1478 ਵਿਚ ਨੌਂ ਵਰ੍ਹਿਆਂ ਦੇ ਬਾਲ ਨਾਨਕ ਨੇ ਯੁਗਾਂ ਪੁਰਾਣੀ ਯਗੋਯਪਵਿਤ ਪਰੰਪਰਾ ਜਾਂ ਜਨੇਊ ਧਾਰਣ ਕਰਨ ਦੀ ਜੰਗਾਲੀ ਹੋਈ ਰੀਤ ਨੂੰ ਤੋੜ ਸੁੱਟਿਆ ਅਤੇ ਘੋਸ਼ਣਾ ਕੀਤੀ :

> ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
> ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

ਸਿੱਖੀ 'ਰਾਏ ਭੋਂਏ ਦੀ ਤਲਵੰਡੀ' ਤੋਂ ਆਪਣੇ ਰਾਹ ਟੁਰ ਪਈ ਸੀ। ਪੰਜਵੇਂ ਪਾਤਸ਼ਾਹ ਸਤਿਗੁਰੁ, ਸਿੱਖ ਰਿਸ਼ਤੇ ਦੇ ਸੰਦਰਭ ਵਿਚ 'ਸੁਖਮਨੀ ਵਿਚ ਕਹਿੰਦੇ ਹਨ :

> ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥
> ਸੇਵਕ ਕਉ ਗੁਰੁ ਸਦਾ ਦਇਆਲ॥

ਹਜ਼ਾਰਾਂ ਸਾਲਾਂ ਤੋਂ ਵਗ ਰਹੇ ਵੈਦਿਕ ਧਰਮ, ਲੰਬੇ ਕਾਲ ਖੰਡ ਵਿਚ ਤਬਦੀਲ ਹੁੰਦੀ ਰਹੀ ਮਨੁੱਖੀ ਮਨੋਦਸ਼ਾ ਨੂੰ ਮਲੀਨ ਕਰ ਦਿੱਤਾ। ਵੱਡੇ-ਵੱਡੇ ਮੰਦਰ ਉਸਰ ਗਏ। ਉਸ ਵਿਚ ਦੇਵ ਮੂਰਤੀਆਂ ਸਥਾਪਤ ਕੀਤੀਆਂ ਅਤੇ ਬ੍ਰਾਹਮਣ ਪੁਜਾਰੀ ਵਰਗ, ਇਨ੍ਹਾਂ ਦੇਵਤਿਆਂ ਦੇ ਪ੍ਰਤੀਨਿਧੀ ਬਣ ਗਏ। ਦੇਵਤਿਆਂ ਦੇ ਨਾਂ 'ਤੇ ਬੇਸ਼ੁਮਾਰ ਧਨ, ਭੋਗ ਬਿਲਾਸ, ਦੇਵ-ਪੂਜਾ ਦੇ ਵਿਧਾਨ ਵਿਚ ਸ਼ਾਮਿਲ ਹੋ ਗਏ। ਦੇਵਤਿਆਂ ਦੀ ਸੇਵਾ ਲਈ, ਦੇਵਦਾਸੀਆਂ ਦੇ ਰੂਪ ਵਿਚ ਕੁਆਰੀ ਲੜਕੀਆਂ, ਮੰਦਰਾਂ ਵਿਚ ਰੱਖੀਆਂ ਗਈਆਂ। ਇਹ ਕੰਨਿਆਵਾਂ, ਬ੍ਰਾਹਮਣਾਂ ਪੁਜਾਰੀਆਂ ਲਈ ਰਾਖਵੀਂ ਭੋਗ ਵਸਤੂ ਸਮਝੀਆਂ ਜਾਂਦੀਆਂ ਸਨ। ਸਮਾਜ ਦੇ ਹੋਰ ਤਗੜੇ ਵਰਗ, ਖੱਤਰੀ ਅਤੇ ਧਨਾਢ ਵਾਪਾਰੀਆਂ ਲਈ 'ਨਗਰ ਵਧੂ' ਬਹਾਲ ਹੋਈਆਂ। ਈਸਵੀ ਸੰਨ ਤੋਂ ਪੰਜ ਸੌ ਸਾਲ ਪਹਿਲਾਂ ਚੀਨੀ ਦਾਰਸ਼ਨਿਕ ਕਨਫੂਸ਼ਿਅਸ ਨੇ, ਆਪਣੀ ਭਾਰਤ ਯਾਤਰਾ ਦੇ ਸੰਸਮਰਨ ਵਿਚ ਦੱਖਣ ਭਾਰਤ ਦੇ ਮੰਦਰਾਂ ਵਿਚ ਪੁਜਾਰੀਆਂ ਵੱਲੋਂ ਮੋਟੀ ਰਕਮ ਲੈ ਕੇ ਇਹ ਲੜਕੀਆਂ, ਦੇਵਦਾਸੀਆਂ ਭੋਗ ਲਈ ਪੇਸ਼ ਕਰਨ ਦਾ ਜ਼ਿਕਰ ਕੀਤਾ ਹੈ। ਜਿਹੜੀ

ਲੜਕੀ ਗਰਭਵਤੀ ਹੋ ਜਾਂਦੀ, ਉਸ ਨੂੰ ਸ਼ਹਿਰਾਂ ਤੋਂ ਬਾਹਰ ਬਣੀਆਂ ਹੋਈਆਂ "ਦੇਵਦਾਸੀ ਚਾਲ" ਵਿਚ, ਇਕ ਝੁੱਗੀ ਦੇ ਕੇ ਨਿਰਵਾਸਤ ਕਰ ਦਿੱਤਾ ਜਾਂਦਾ ਸੀ। ਰਾਜਾਰਾਮ ਮੋਹਨ ਰਾਏ, ਸਵਾਮੀ ਵਿਵੇਕਾਨੰਦ ਜਿਹੇ ਵਿਦਵਾਨਾਂ ਨੇ ਵਿਰੋਧਤਾ ਦੇ ਸੁਰ ਬੁਲੰਦ ਕੀਤੇ, ਪਰ ਕੋਈ ਬਹੁਤਾ ਫ਼ਰਕ ਨਾ ਪਿਆ। ਸੰਨ 1947 ਵਿਚ ਮਦਰਾਸ ਵਿਚ ਅਤੇ ਸੰਨ 1988 ਵਿਚ ਆਂਧਰਾ ਪ੍ਰਦੇਸ਼ ਵਿਚ 'ਦੇਵਦਾਸੀ ਐਕਟ' ਬਣਾ ਕੇ, ਇਸ ਗ਼ੈਰਮਨੁੱਖੀ ਪਰੰਪਰਾ ਨੂੰ ਬੈਨ ਕੀਤਾ ਗਿਆ। ਪਰ ਸੰਨ 2013 ਦੀ 'ਭਾਰਤੀ ਮਨੁੱਖੀ ਅਧਿਕਾਰ ਕੌਂਸਲ' ਦੀ ਰਿਪੋਰਟ ਅਨੁਸਾਰ, ਅਜ ਵੀ ਚਾਰ ਲੱਖ ਪੰਜਾਹ ਹਜ਼ਾਰ ਤੋਂ ਕੁਝ ਵੱਧ ਦੇਵਦਾਸੀਆਂ, ਮੰਦਰਾਂ ਵਿਚ ਮੌਜੂਦ ਸਨ। ਧਰਮ ਦੇ ਨਾਂ 'ਤੇ ਪਤਨ ਅਤੇ ਮਨੁੱਖੀ ਅਧਿਕਾਰਾਂ ਦੇ ਸ਼ੋਸ਼ਣ ਦਾ ਇਹ ਇਕ ਨਮੂਨਾ ਮਾਤਰ ਹੈ।

13ਵੀ ਸ਼ਤਾਬਦੀ! ਸ੍ਰੀ ਰਾਮਾਨੰਦ ਜੀ ਦੇਸ਼ ਭ੍ਰਮਣ ਕਰਦੇ ਹੋਏ, ਮਹਾਰਾਸ਼ਟਰ ਦੇ 'ਆਲੰਦੀ' 'ਚ ਵਿਸ਼ਰਾਮ ਲਈ ਠਹਿਰੇ। ਚਾਰ ਭਗਤ ਬੱਚਿਆਂ, ਸ੍ਰੀ ਨਿਵਰਤੀ ਨਾਥ, ਸੰਤ ਗਿਆਨੇਸ਼ਵਰ, ਸੋਪਾਨਦੇਵ ਅਤੇ ਸਭ ਤੋਂ ਛੋਟੀ ਬੱਚੀ ਮੁਕਤਾ ਬਾਈ ਦੇ ਪਿਤਾ, ਸ੍ਰੀ ਵਿੱਠਲਪੰਤ ਜੀ ਨੇ, ਸ੍ਰੀ ਰਾਮਾਨੰਦ ਜੀ ਨੂੰ ਸੰਨਿਆਸ ਅਤੇ ਆਪਣੀ ਮੰਡਲੀ ਵਿਚ ਸ਼ਾਮਲ ਕਰਨ ਲਈ ਬੇਨਤੀ ਕੀਤੀ। ਬੇਨਤੀ ਪਰਵਾਨ ਹੋ ਗਈ, ਸ੍ਰੀ ਵਿੱਠਲਪੰਤ, ਸੰਤ ਮੰਡਲੀ ਦੇ ਨਾਲ ਹੀ ਟੁਰ ਪਏ। ਉਨ੍ਹਾਂ ਦੀ ਧਰਮ ਪਤਨੀ ਰੁਕਮਨੀ ਬਾਈ, ਬੱਚਿਆਂ ਦੀ ਪਰਵਰਿਸ਼ ਕਰਦੀ ਰਹੀ। ਕੁਝ ਵਰ੍ਹਿਆਂ ਬਾਅਦ ਸ੍ਰੀ ਰਾਮਾਨੰਦ ਜੀ, ਯਾਤਰਾ ਦੀ ਵਾਪਸੀ 'ਤੇ, ਇਕ ਵਾਰ ਫਿਰ ਆਲੰਦੀ ਉਤਾਰਾ ਕੀਤਾ। ਗ੍ਰਿਹਣੀ ਰੁਕਮਣੀ ਬਾਈ, ਬੱਚਿਆਂ ਨਾਲ, ਜਾ ਕੇ ਰਾਮਾਨੰਦ ਜੀ ਦੇ ਚਰਣਾਂ 'ਤੇ ਮੱਥਾ ਟੇਕਿਆ। ਸੰਤਾਂ ਨੇ ਸੁਭਾਵਕ ਅਸ਼ੀਰਵਾਦ ਦਿੱਤਾ, "ਸੁਭਾਗਵਤੀ ਭਵ:"। ਰੁਕਮਣੀ ਬਾਈ ਬੇਨਤੀ ਕੀਤੀ, ਸੰਤ ਸ਼੍ਰੋਮਣੀ, ਮੈਂ ਸੁਭਾਗਵਤੀ ਕਿਵੇਂ ਹੋ ਸਕਦੀ ਹਾਂ ? ਮੇਰਾ ਪਤੀ ਤਾਂ ਸੰਨਿਆਸ ਲੈ ਕੇ ਤੁਹਾਡੀ ਮੰਡਲੀ ਵਿਚ ਸ਼ਾਮਲ ਹੈ।

ਰਾਮਾਨੰਦ ਜੀ ਨੇ, ਵਿੱਠਲਪੰਤ ਨੂੰ ਹੁਕਮ ਦਿੱਤਾ, ਮੈਂ ਇਸ ਨਾਰੀ ਨੂੰ ਸੁਭਾਗਵਤੀ ਦਾ ਵਚਨ ਦਿੱਤਾ ਹੈ। ਤੂੰ ਗ੍ਰਿਹਸਥ ਧਰਮ ਦੀ ਪਾਲਣਾ ਕਰ। ਵਿੱਠਲਪੰਤ, ਘਰ ਵਾਲੀ ਅਤੇ ਬੱਚਿਆਂ ਸੰਗ ਘਰ ਵਾਪਸ ਆ ਗਏ। ਪੰਢਰਪੁਰ ਦੀ ਬ੍ਰਾਹਮਣ ਸਭਾ ਨੇ, ਇਕ ਵਾਰ ਸੰਨਿਆਸ ਲੈ ਕੇ ਮੁੜ ਗ੍ਰਿਹਸਥੀ ਵਿਚ ਪ੍ਰਵੇਸ਼ ਨੂੰ ਅਪਰਾਧ ਕਿਹਾ। ਸਜ਼ਾ ਵਜੋਂ 'ਜਲ ਸਮਾਧੀ' ਲੈਣ ਦਾ ਹੁਕਮ ਦਿੱਤਾ। ਦੋਵੇਂ ਦੰਪਤੀ, ਵਿੱਠਲਪੰਤ ਅਤੇ ਰੁਕਮਨੀ ਬਾਈ ਨੇ ਗੰਗਾ ਵਿਚ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ। ਮਗਰੋਂ ਚਾਰੇ ਵਿਦਵਾਨ-ਭਗਤ ਬੱਚਿਆਂ ਵੀ, 18 ਵਰ੍ਹਿਆਂ ਦੀ ਉਮਰ ਤਕ, ਇੱਛਾ ਸ਼ਕਤੀ ਨਾਲ ਪ੍ਰਾਣ ਤਿਆਗ ਦਿੱਤੇ। ਧਰਮ ਦੇ ਨਾਂ 'ਤੇ ਸ਼ਰਧਾਲੂਆਂ ਦੇ ਸ਼ੋਸ਼ਣ ਦੇ, ਇਵੇਂ ਦੇ ਕਈ ਇਤਿਹਾਸਕ ਪ੍ਰਸੰਗ ਮੌਜੂਦ ਹਨ। ਬਹੁਦੇਵਵਾਦ, ਸਾਕਾਰ-ਨਿਰਾਕਾਰ, ਦਵੈਤ-ਅਦਵੈਤ, ਵਸ਼ਿਸ਼ਟ ਅਦਵੈਤ, ਰਾਮ ਭਗਤੀ ਪਰੰਪਰਾ, ਕ੍ਰਿਸ਼ਨ ਭਗਤੀ ਪਰੰਪਰਾ,

ਸ਼ਿਵ, ਵਿਸ਼ਨੂੰ—ਭਗਤੀ ਸ਼ਾਖਾ, ਵੈਦਿਕ ਧਰਮ, ਪਿਛਲੇ ਚਾਰ ਹਜ਼ਾਰ ਸਾਲਾਂ ਤੋਂ ਨਿਰੰਤਰ ਵਿਵਾਦ ਗ੍ਰਸਤ ਹੁੰਦਾ ਗਿਆ...ਗੁੰਝਲਾਂ ਪੈਂਦੀਆਂ ਗਈਆਂ।

15ਵੀਂ ਸਦੀ! ਸ੍ਰੀ ਗੁਰੂ ਨਾਨਕ ਦਾ ਅਵਤਾਰ ਕਾਲ! ਛੋਟੀ ਉਮਰ ਵਿਚ ਹੀ ਮਨੁੱਖੀ ਦਰਦ ਵੇਖਦੇ ਸੁਣਦੇ ਰਹੇ। 9 ਸਾਲ ਦੀ ਉਮਰ, ਪੰਡਤ ਦਾ ਹੱਥ ਝਟਕ ਦਿੰਦੇ ਹਨ, ਇਹ ਜਨੇਊ, ਕਿਸੇ ਅਰਥ ਨਹੀਂ। ਦਇਆ ਨਹੀਂ, ਸੰਤੋਖ ਨਹੀਂ, ਚਰਿੱਤਰ ਨਹੀਂ, ਸਤਿਆ ਨਹੀਂ। ਸਮਾਂ ਕਰਵਟ ਲੈ ਰਿਹਾ ਸੀ। ਇਕ ਧਰਮ ਕ੍ਰਾਂਤੀ ਜਨਮ ਲੈਣ ਨੂੰ ਤਿਆਰ ਸੀ। ਹਜ਼ਾਰਾਂ ਸਾਲਾਂ ਤੋਂ, ਧਰਮ ਦੇ ਨਾਂ ’ਤੇ ਸ਼ੋਸ਼ਣ, ਭ੍ਰਿਸ਼ਟਾਚਾਰ ਦੇ ਵਿਰੁੱਧ, ਕੁਦਰਤ ਦੀ ਕੁੱਖੋਂ ਇਕ ‘ਕ੍ਰਾਂਤੀ’ ਨੇ ਜਨਮ ਲਿਆ। ‘ਗੁਰੂ ਨਾਨਕ’ ਉਸ ਦਾ ਨਾਂ ਸੀ। ਅੱਜ ਤਕ ਮਨੁੱਖ ਨੂੰ ਧਰਮ ਲਈ ਵਰਤਿਆ ਜਾਂਦਾ ਰਿਹਾ। “ਧਰਮ ਨੂੰ ਖ਼ਤਰਾ ਹੈ”, ਕਹਿ ਕੇ ਮਨੁੱਖਾਂ ਨੂੰ ਲੜਵਾਉਂਦੇ ਰਹੇ, ਮਰਵਾਉਂਦੇ ਰਹੇ। ਗੁਰੂ ਨਾਨਕ ਨੇ ਧਰਮ ਨੂੰ ਮਨੁੱਖਤਾ ਦੇ ਹਿਤ ਲਈ ਪ੍ਰਵਾਹਿਤ ਕੀਤਾ। ਧਰਤੀ ਨੂੰ ਧਰਮਸਾਲ ਕਿਹਾ। ਇਸ ਧਰਤੀ ਦੇ ਬਾਸ਼ਿੰਦੇ, “ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥ ”

ਆਪਣੇ ਜਨਮ, ਸੁਭਾਅ ਅਤੇ ਸੰਸਕਾਰਾਂ ਅਨੁਸਾਰ ਕਈ ਭੋਲੇ ਜੀਅ, ਕਈ ਹਿੰਸਕ...ਇਹ ਸਾਰੇ ਰਤਨ ਹਨ, ਹਰ ਇਕ ਕੀਮਤੀ ਹੈ। ਇਨ੍ਹਾਂ ਸਾਰਿਆਂ ਜੀਆਂ ਪ੍ਰਤੀ ਸੁਹਿਰਦ ਹੋਣਾ ਧਰਮ ਹੈ। ਇਨ੍ਹਾਂ ਸਾਰਿਆਂ ਦੀ ਸੁਖ, ਸ਼ਾਂਤੀ, ਸੁਰੱਖਿਆ ਦੀ ਜ਼ਿੰਮੇਵਾਰੀ, ਧਰਮ ਹੈ। ਗੁਰੂ ਨਾਨਕ ਪਹਿਲੇ ਧਰਮ ਅਵਤਾਰ, ਜਿਨ੍ਹਾਂ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਮਿੱਟੀ ਨੂੰ ਮਾਤਾ ਕਹਿ ਕੇ ਸਤਿਕਾਰਿਆ ਅਤੇ ਇਨ੍ਹਾਂ ਨੂੰ ਸੰਵਾਰਨ ਲਈ ਜਗਤ ਨੂੰ ਪ੍ਰੇਰਿਆ।

‘ਸਿੱਖ ਧਰਮ’ ਜਗਤ ਦਾ ਪਹਿਲਾ ਪਰਿਆਵਰਣ ਚੇਤਨਾ ਸੰਪੰਨ ਧਰਮ, ਗੁਰੂ ਨਾਨਕ ਨੇ ਸਿਰਜਤ ਕੀਤਾ।

ਦੁਨੀਆਂ ਦੇ ਸਾਰੇ ਧਰਮ, ਬਹੁਤ ਛੋਟੀ ਆਯੂ ਦੇ ਹਨ। ਗੁਰੂ ਨਾਨਕ ਸਾਢੇ ਪੰਜ ਸੌ ਸਾਲ, ਮਾਰਟੀਨ ਲੂਥਰ ਦਾ ਪ੍ਰੋਟੇਸਟਵਾਦ, ਤਕਰੀਬਨ ਪੰਜ ਸੌ ਸਾਲ, ਮੁਹੰਮਦ ਸਾਹਿਬ, ਕਰੀਬ ਚੌਦਾਂ ਸੌ ਸਾਲ, ਜੀਸਸ 2024 ਸਾਲ, ਭਗਵਾਨ ਬੁੱਧ 2500 ਸਾਲ, ਭਗਵਾਨ ਮਹਾਂਵੀਰ 2600 ਸਾਲ, ਭਗਵਾਨ ਸ੍ਰੀ ਕ੍ਰਿਸ਼ਨ ਪੰਜ ਹਜ਼ਾਰ ਸਾਲ, ਭਗਵਾਨ ਸ੍ਰੀ ਰਾਮ ਛੇ ਹਜ਼ਾਰ ਸਾਲ। ਮਨੁੱਖ ਦੀ ਆਯੂ ਇਨ੍ਹਾਂ ਧਰਮਾਂ ਤੋਂ ਬਹੁਤ ਵੱਡੀ ਹੈ। ਇਕ ਕਰੋੜ ਸਾਲ ਪੁਰਾਣਾ ਮਨੁੱਖ ਦਾ ਜੀਵਾਸ਼ਮ ਮਿਲ ਚੁੱਕਿਆ ਹੈ। ਮਨੁੱਖ ਪਹਿਲਾਂ ਆਇਆ। ਸਭਿਅਤਾ ਦੇ ਵਿਕਾਸ ਦੇ ਕ੍ਰਮ ਵਿਚ, ਹਰ ਸਮੇਂ ਮਨੁੱਖ ਦਾ ਵਿਵੇਕ, ਸੁਰੱਖਿਆ ਅਤੇ ਖੁਸ਼ਹਾਲੀ ਲਈ ਚਿੰਤਨਸ਼ੀਲ ਰਹਿੰਦਾ। ਕੁਝ ਬੁੱਧੀਮਾਨ ਮਨੁੱਖ, ਰਲ਼ ਬੈਠਦੇ ਹੋਣਗੇ...ਜੰਗਲੀ ਜਾਨਵਰਾਂ ਤੋਂ, ਦੁਸ਼ਮਣਾਂ ਤੋਂ ਰੱਖਿਆ ਦੇ ਉਪਾਅ ਤੇ ਵਿਚਾਰ ਵਟਾਂਦਰਾ ਕਰਦੇ ਹੋਣਗੇ। ਇਸੇ ਕ੍ਰਮ ਵਿਚ ਜਮਾਤ, ਕਬੀਲੇ,

ਸਮਾਜ ਅਤੇ ਧਰਮ ਸੰਪਰਦਾਵਾਂ ਵਿਕਸਤ ਹੋਈਆਂ। ਵੱਖ-ਵੱਖ ਧਰਮ ਸੰਪਰਦਾਵਾਂ ਦੇ ਮੁਖੀਆਂ ਨੇ, ਉਸ ਵਿਸ਼ੇਸ਼ ਧਰਮ ਦੇ ਕਾਰਜ ਖੇਤਰ, ਆਚਾਰ, ਵਿਚਾਰ, ਆਹਾਰ, ਇਸ਼ਟ-ਆਸਥਾ, ਜਨਮ-ਮਰਣ ਸੰਸਕਾਰ, ਦੇਹ-ਆਤਮਾ ਅਤੇ ਫਿਰ ਆਤਮਾ-ਪਰਮਾਤਮਾ ਰਿਸ਼ਤਿਆਂ ਪ੍ਰਤੀ ਮਾਨਤਾਵਾਂ, ਧਰਮ ਵਿਧਾਨ ਰੂਪ ਵਿਚ ਨਿਰਧਾਰਤ ਹੋਏ। ਇਹ ਸੰਪੂਰਨ ਧਰਮ ਵਿਧਾਨ, ਉਸ ਧਰਮ ਸੰਪਰਦਾ ਦਾ ਦਰਸ਼ਨ ਜਾਂ ਫ਼ਿਲਾਸਫ਼ੀ ਕਿਹਾ ਜਾਂਦਾ ਹੈ।

ਸਿੱਖ ਧਰਮ ਦਰਸ਼ਨ, ਸ੍ਰਿਸ਼ਟੀ ਦੇ ਸੰਪੂਰਨ ਪ੍ਰਾਣੀ ਮਾਤਰ, ਪਸ਼ੂ-ਪੰਖੀ, ਮਨੁੱਖ, ਰੁੱਖ, ਨਦੀਆਂ, ਪਹਾੜ, ਸਾਰਿਆਂ ਵਿਚ ਬ੍ਰਹਮ ਦਰਸ਼ਨ ਕਰਵਾਉਂਦਾ ਹੈ—

ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥
ਜੈਸੀ ਆਗਿਆ ਤੈਸਾ ਕਰਮੁ॥

ਇਨ੍ਹਾਂ ਜੜ੍ਹ-ਚੇਤਨਾ ਸਭਨਾਂ ਦੀ ਰੱਖਿਆ, ਸੰਭਾਲ ਅਤੇ ਸਮਾਨਤਾ ਆਧਾਰਤ ਸੰਬੰਧ ਦੀ ਪ੍ਰੌੜ੍ਹਤਾ ਕਰਦਾ ਹੈ। ਗੁਰੂ ਸਾਹਿਬਾਨਾਂ ਨੇ ਬੰਦੇ ਨੂੰ 'ਇਨਸਾਨ' ਬਣਾਇਆ। ਇਹ 'ਸਿੱਖ' ਕਹਿਲਾਉਂਦੇ ਹਨ। ਇਕ ਇਨਸਾਨ, ਮਨੁੱਖਤਾ ਦਾ ਪ੍ਰਾਣੀ ਮਾਤਰ ਦਾ, ਮਿੱਟੀ, ਪਾਣੀ, ਹਵਾ, ਅੱਗ ਔਰ ਆਕਾਸ਼ ਦਾ ਚੇਤਨਾਮਈ ਹਮਦਰਦ! ਕਿਤੇ ਜਲਜਲਾ ਆਵੇ, ਹੜ੍ਹ ਆਵੇ, ਅਕਾਲ ਪੈ ਜਾਵੇ, ਜੰਗ ਛਿੜੀ ਹੋਵੇ, ਦੰਗਾ ਹੋ ਜਾਵੇ, ਸਿੱਖ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਉਥੇ ਮਨੁੱਖ ਭੁੱਖੇ ਹਨ, ਦਵਾਈ, ਕਪੜੇ, ਜਿਹੜੀਆਂ ਜ਼ਰੂਰਤਾਂ ਲਈ ਕਈ ਮਨੁੱਖੀ ਅੱਖਾਂ ਉਡੀਕ ਵਿਚ ਹਨ ਅਤੇ ਗੁਰੂ ਦੇ ਨਿਸ਼ਕਾਮ ਸਿੱਖ, ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ, ਸੇਵਾ ਵਿਚ ਲੱਗ ਜਾਂਦੇ ਹਨ।

ਸੰਨ 1945! ਪੂਰਬੀ ਬੰਗਾਲ (ਹੁਣ ਬਾਂਗਲਾ ਦੇਸ਼) ਦੇ ਨੋਵਾਖਲੀ ਸ਼ਹਿਰ ਵਿਚ, ਹਿੰਦੂ-ਮੁਸਲਿਮ ਦੰਗਾ ਛਿੜ ਗਿਆ। ਵੇਖਦਿਆਂ ਵੇਖਦਿਆਂ ਦੰਗੇ ਦੀ ਅੱਗ ਖੁਲਨਾ, ਢਾਕਾ ਹੁੰਦਿਆਂ ਕਲਕੱਤੇ ਪਹੁੰਚ ਗਈ। ਭਿਆਨਕ ਦੰਗੇ ਦੀ ਗ੍ਰਿਫ਼ਤ ਵਿਚ ਸਾਰਾ ਕਲਕੱਤਾ ਸ਼ਹਿਰ ਆ ਗਿਆ। ਸ਼ਹਿਰ ਦੇ ਹਰ ਗਲੀ-ਮੁਹੱਲੇ ਵਿਚ ਵੱਢ-ਕੱਟ ਹੋ ਰਹੀ ਸੀ। ਕਮਿਸ਼ਨਰ ਹਾਫੀਜ਼ ਪਰਿਵਾਰ ਸਹਿਤ ਕਲਕੱਤੇ ਆ ਰਹੇ ਸੀ। ਸਵੇਰੇ, ਜਦੋਂ ਟ੍ਰੇਨ ਰੇਲਵੇ ਸਟੇਸ਼ਨ ਪਹੁੰਚੀ, ਸਾਰਾ ਪਲੇਟਫਾਰਮ ਸੁੰਨਸਾਨ ਪਿਆ ਸੀ। ਇਕ ਕੁਲੀ ਦਿਸਿਆ। ਹੱਥ ਦੇ ਇਸ਼ਾਰੇ ਨਾਲ ਕੋਲ ਸੱਦ ਕੇ, ਵੀਰਾਨੀ ਦਾ ਸਬੱਬ ਪੁੱਛਿਆ। ਉਸ ਨੇ ਭਿਆਨਕ ਹਿੰਦੂ-ਮੁਸਲਿਮ ਦੰਗੇ ਦੀ ਸੂਚਨਾ ਦਿੱਤੀ। ਸਟੇਸ਼ਨ ਦੇ ਬਾਹਰੋਂ 'ਹਰ ਹਰ ਮਹਾਦੇਵ', 'ਜੈ ਬਜਰੰਗ ਬਲੀ', 'ਅੱਲਾ ਹੂ ਅਕਬਰ', 'ਨਾਰਾਏ ਤਕਬੀਰ' ਦੇ ਨਾਅਰੇ ਸੁਣਾਈ ਦੇ ਰਹੇ ਸਨ। ਹਾਲਾਤ ਦੀ ਸੰਜੀਦਗੀ ਬਿਆਨ ਕਰ ਕੇ, ਭਲੇ ਕੁਲੀ ਨੇ ਸਲਾਹ ਦਿੱਤੀ, ਇਸ ਵੇਲੇ ਸ਼ਹਿਰ ਦੀਆਂ ਟ੍ਰਾਮਾਂ, ਰਿਕਸ਼ੇ ਸਾਰੇ ਬੰਦ ਹਨ। ਸਿਰਫ਼ 'ਸਿੱਖ ਟੈਕਸੀ ਯੂਨੀਅਨ' ਨੇ ਮਨੁੱਖਤਾ ਦੀ ਸੇਵਾ

ਹਿਤ, ਜ਼ਰੂਰਤਮੰਦਾਂ ਨੂੰ ਸੁਰੱਖਿਅਤ ਮੁਕਾਮ ਤਕ ਪਹੁੰਚਾਉਣ ਦਾ ਫ਼ੈਸਲਾ ਕੀਤਾ ਹੈ, ਇਸ ਲਈ, ਜੇ ਕੋਈ ਸਿੱਖ ਟੈਕਸੀ ਵਾਲਾ ਮਿਲ ਜਾਏ ਤਾਂ ਇਥੋਂ ਨਿਕਲ ਸਕਦੇ ਹੋ। ਉਸ ਵੇਲੇ, ਇਕ ਨੌਜਵਾਨ ਸਿੱਖ ਦੌੜਦਾ ਹੋਇਆ ਆਇਆ। ਪੁੱਛਿਆ, ਕਿੱਥੇ ਜਾਣਾ ਹੈ ?

ਜੇ 'ਬੜਾ ਬਾਜ਼ਾਰ ਦੀ ਮਸਜਿਦ' ਤਕ ਛੱਡ ਦਿਉ ਤਾਂ ਤੁਹਾਡੀ ਬਹੁਤ ਮਿਹਰਬਾਨੀ ਹੋਵੇਗੀ—ਕਮਿਸ਼ਨਰ।

ਉਸ ਸਿੱਖ ਨੇ ਕਾਹਲੀ ਕਾਹਲੀ ਦੋਵੇਂ ਬੈਗ ਚੁੱਕ ਲਏ ਤੇ ਕਿਹਾ, ਤੁਸੀਂ ਮੇਮ ਸਾਹਿਬ ਤੇ ਬੱਚਿਆਂ ਨੂੰ ਲੈ ਕੇ ਮੇਰੇ ਮਗਰੇ ਆ ਜਾਓ...ਜਲਦੀ।

ਦੌੜਦਾ ਹੋਇਆ ਜਵਾਨ ਬਾਹਰ ਵੱਲ ਗਿਆ। ਦੋਵੇਂ ਬੈਗ ਟੈਕਸੀ ਅੰਦਰ ਸੁੱਟੇ ਤੇ ਡਰਾਈਵਿੰਗ ਸੀਟ 'ਤੇ ਬੈਠਦਿਆਂ ਕਿਹਾ, ਜਲਦੀ ਬੈਠੋ। ਸਟੇਸ਼ਨ ਅਦਾਰੇ ਤੋਂ ਬਾਹਰ ਨਿਕਲਦਿਆਂ ਦੰਗਾਈਆਂ ਦਾ ਝੁੰਡ, ਗੱਡੀ ਘੇਰਣ ਲਈ ਅੱਗੇ ਆਉਣ ਲੱਗਾ। ਸਿੱਖ ਨੌਜਵਾਨ ਦੇ ਮੂੰਹੋਂ 'ਵਾਹਿਗੁਰੂ' ਨਿਕਲਿਆ ਤੇ ਗੱਡੀ ਦੀ ਰਫ਼ਤਾਰ ਹਵਾ ਬਣ ਗਈ। ਬਲਵਈਆਂ ਦੀ ਭੀੜ ਨੂੰ ਚੀਰਦੀ ਹੋਈ ਟੈਕਸੀ ਹਵਾ ਹੋ ਗਈ। ਬੜਾ ਬਾਜ਼ਾਰ ਮਸਜਿਦ ਦੇ ਬਾਹਰ ਜਾ ਖੜ੍ਹੀ ਕੀਤੀ। ਸਾਮਾਨ ਅੰਦਰ ਰੱਖਿਆ। ਬੇਗ਼ਮ ਅਤੇ ਦੋ ਬੱਚਿਆਂ ਸਹਿਤ ਕਮਿਸ਼ਨਰ ਉਤਰਿਆ। ਜੇਬ ਵਿਚ ਜਿੰਨੇ ਰੁਪਏ ਹੈ ਸਨ, ਸਾਰੇ ਸਿੱਖ ਯੁਵਕ ਦੇ ਹੱਥ ਰੱਖ ਕੇ, ਸ਼ੁਕਰਾਨੇ ਵਜੋਂ ਅੱਖਾਂ 'ਚੋਂ ਦੋ ਬੂੰਦਾਂ ਹੰਝੂ ਦੀਆਂ ਭੇਟ ਕੀਤੀਆਂ। ਸਿੱਖ ਯੁਵਕ ਨੇ, ਮਾਤਰ ਦੋ ਰੁਪਏ ਰੱਖ ਕੇ ਬਾਕੀ ਦੇ ਸਾਰੇ ਪੈਸੇ ਮੋੜ ਦਿੱਤੇ। ਕਿਹਾ, ਮੇਰੇ ਸਤਿਗੁਰ ਦਾ ਹੁਕਮ ਹੈ, ਹੱਕ ਤੋਂ ਵੱਧ ਨਹੀਂ ਲੈਣਾ। ਇਥੋਂ ਤਕ ਬਸ ਦੋ ਰੁਪਏ ਬਣੇ, ਉਹ ਮੈਂ ਲੈ ਲਏ। ਸਿੱਖ ਯੁਵਕ ਗੱਡੀ ਵਿਚ ਬੈਠਾ...ਹਾਲਾਤ ਵਿਚ ਘਿਰੇ ਹੋਏ ਕਿਸੇ ਹੋਰ ਬਦਨਸੀਬ ਦੀ ਤਲਾਸ਼ ਵਿਚ ਗੱਡੀ ਦੌੜਾ ਲਈ। ਵੰਡ ਮਗਰੋਂ, ਉਹੋ ਸ਼ਖ਼ਸ ਲਾਹੌਰ ਦਾ ਕਮਿਸ਼ਨਰ ਲੱਗਾ। ਉਸਨੇ 1945 ਈ. ਦਾ ਉਹ ਦੁੱਖ ਭਰਿਆ ਪ੍ਰਸੰਗ ਲਿਖਿਆ, 'ਦੀ ਅਨਨੋਨ ਐਂਜਲਸ', 'ਅਨਜਾਣ ਫ਼ਰਿਸ਼ਤੇ'। ਲਿਖਿਆ ਕਿ ਵਲੀ ਗੁਰੂ ਨਾਨਕ ਨੇ, ਫ਼ਰਿਸ਼ਤਿਆਂ ਦਾ ਪੰਥ ਘੜਿਆ ਹੈ। ਸਿੱਖ ਧਰਮ ਦੇ ਗੁਰੂਆਂ ਨੇ, ਕਲਪਨਾ ਦੇ ਕਿਸੇ ਦੇਵਲੋਕ ਨੂੰ ਮਾਨਤਾ ਨਹੀਂ ਦਿੱਤੀ। ਗੁਰੂ ਨਾਨਕ ਨੇ ਜਾਂ ਉਨ੍ਹਾਂ ਦੇ ਜਾਂ-ਨਸ਼ੀਨਾਂ ਨੇ, ਮਨੁੱਖ ਨੂੰ ਦੇਵਤਾ ਬਣਾਉਣ ਦਾ ਸੰਕਲਪ ਲਿਆ—

> ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
> ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

ਸਿੱਖ ਧਰਮ, ਧਰਤੀ ਦਾ ਇਕ ਮਾਤਰ ਧਰਮ, ਜਿਸ ਨੇ ਮਨੁੱਖ ਨੂੰ ਕੁਦਰਤ ਨਾਲ, ਨਦੀਆਂ, ਸਰੋਵਰ, ਰੁੱਖਾਂ, ਪਹਾੜਾਂ ਨਾਲ ਜੋੜਿਆ...ਪਰਿਆਵਰਣ ਅਨੁਕੂਲ ਵਾਤਾਵਰਣ ਸਿਰਜਿਆ। ਪਿਛਲ ਰਾਤ ਜਾਗਣਾ, ਦਰਿਆਵਾਂ ਦੇ ਗਲ ਲੱਗਣਾ,

ਤਾਰਿਆਂ ਦੀ ਛਾਵੇਂ ਸਿਮਰਨ ਰਾਹੀਂ ਸਤਿਗੁਰ ਨਾਲ ਜੁੜਨਾ, ਸਿੱਖ ਦੀ ਪਛਾਣ ਬਣੀ। ਗੁਰੂ ਅੰਗਦ ਦੇਵ ਪਾਤਸ਼ਾਹ, ਗੁਰਸਿੱਖ ਲਈ ਦਿਨ ਦਾ ਆਰੰਭ ਇਵੇਂ ਦੱਸਦੇ ਹਨ—

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

ਬਦਲਦੇ ਹੋਏ ਵਕਤ ਔਰ ਹਾਲਾਤ ਦੇ ਅਨੁਸਾਰ, ਵਿਸਾਖੀ 1699 ਈ. ਨੂੰ, ਸਿੱਖ ਦਾ ਨਵਾਂ ਸਰੂਪ ਪ੍ਰਗਟ ਹੋਇਆ।ਸਿੱਖੀ ਦਾ ਮੌਲਿਕ ਵਿਧਾਨ ਉਹੋ ਸੀ, ਦਇਆ, ਸਤਿ, ਸੰਤੋਖ, ਮਨੁੱਖੀ ਅਧਿਕਾਰਾਂ ਦੀ ਰੱਖਿਆ, ਪਰਿਆਵਰਨ ਸੰਤੁਲਨ ਦਾ ਸੰਕਲਪ! ਸਿੱਖ ਦਾ ਇਕ ਨਵਾਂ ਸ਼ਕਤੀ ਰੂਪ, 'ਸਿੰਘ ਸਰੂਪ' ਦਾ ਪ੍ਰਕਾਸ਼ ਹੋਇਆ। ਬੇਸ਼ਕ ਸਿਰ ਦੇ ਕੇ, ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਪੰਜ ਪਿਆਰੇ, ਸਿੱਖ ਤਾਂ ਹੈ ਸਨ ਪਰ ਸਿੰਘ ਰੂਪ-ਪ੍ਰਗਟ ਨਹੀਂ ਸੀ ਹੋਇਆ। ਦਇਆ ਰਾਮ, ਧਰਮ ਦਾਸ, ਹਿੰਮਤ ਰਾਏ, ਮੋਹਕਮ ਚੰਦ ਅਤੇ ਸਾਹਿਬ ਚੰਦ! ਅੰਮ੍ਰਿਤ ਛਕਿਆ, ਸਾਰੇ ਸਿੰਘ ਰੂਪ—ਪ੍ਰਗਟ ਹੋਏ। ਸਿੱਖੀ ਦਾ ਨੂਤਨ ਸਰੂਪ...ਨਵਾਂ ਸੰਸਕਰਣ! ਹੁਣ ਆਪਣੇ ਅਧਿਕਾਰਾਂ ਲਈ, ਮਨੁੱਖ ਮਾਤਰ ਦੀ ਰੱਖਿਆ ਲਈ, ਯਾਚਨਾ ਨਹੀਂ ਹੋਵੇਗੀ, ਮੰਗ ਨਹੀਂ ਹੋਵੇਗੀ...ਹੁਣ ਫ਼ੈਸਲਾ ਜੰਗ ਵਿਚ ਹੋਵੇਗਾ।

ਸੰਨ 1738 ਤੋਂ 1745 ਮੱਸਾ ਰੰਘੜ ਨੇ ਜ਼ੁਲਮ ਔਰ ਤਸ਼ੱਦਦ ਦੀ ਇੰਤਹਾ ਕਰ ਦਿੱਤੀ। ਜ਼ਕਰੀਆ ਖਾਨ ਨੇ ਮੱਸਾ ਰੰਘੜ ਨੂੰ ਅੰਮ੍ਰਿਤਸਰ ਦਾ ਮੁੱਖ ਸੈਨਾਪਤੀ ਮੁਕੱਰਰ ਕੀਤਾ। ਉਸ, ਸ੍ਰੀ ਦਰਬਾਰ ਸਾਹਿਬ ਅਦਾਰੇ ਵਿਚ ਭਰਪੂਰ ਤੋੜ-ਭੰਨ ਅਤੇ ਬੇਅਦਬੀ ਕੀਤੀ। ਉਸ ਨੂੰ ਕਿਸੇ ਦੱਸਿਆ ਕਿ ਸਰੋਵਰ ਦਾ ਇਸ਼ਨਾਨ ਸਿੱਖ ਵਿਚ ਨਵੀਂ ਸ਼ਕਤੀ, ਉਤਸ਼ਾਹ ਭਰ ਦਿੰਦਾ ਹੈ...ਅੰਮ੍ਰਿਤ ਸੰਚਾਰ ਵਾਲੀ ਥਾਂ, ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ, ਵਿਸਮਾਦੀ ਸ਼ਕਤੀਆਂ ਅਰਜਤ ਕਰ ਲੈਂਦਾ ਹੈ। 'ਮੱਸੇ' ਨੇ ਸਰੋਵਰ ਪੂਰ ਦਿੱਤਾ, ਅੰਮ੍ਰਿਤ ਸੰਚਾਰ ਵਾਲਾ ਥਾਂ ਢਾਹ ਦਿੱਤਾ। ਜਿਸ ਪਵਿੱਤਰ ਸਥਾਨ 'ਤੇ ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕੀਤਾ, ਉਸ ਥਾਂ 'ਤੇ ਗੱਦਾ ਮਸਨਦ ਲਾ ਕੇ, ਮੱਸਾ ਰੰਘੜ ਹੁੱਕਾ ਪੀਂਦਾ ਅਤੇ ਜਿਸ ਥਾਂ ਹਜ਼ੂਰੀ ਰਾਗੀ ਸਾਹਿਬਾਨ, ਗੁਰਬਾਣੀ ਗਾਇਨ ਕਰਦੇ ਹਨ, ਉਸ ਥਾਂ ਨ੍ਰਤਕੀਆਂ, ਰੰਡੀਆਂ ਨੱਚਦੀਆਂ ਸਨ। ਭਾਈ ਬਲਾਕਾ ਸਿੰਘ ਤੋਂ ਇਹ ਸਹਿਣ ਨਾ ਹੋਇਆ। ਬੀਕਾਨੇਰ ਜਥੇਦਾਰ ਸ਼ਾਮ ਸਿੰਘ ਦੇ ਕੋਲ ਸਾਰੀ ਬ੍ਰਿਥਾ ਸੁਣਾਈ। ਸੰਗਤਾਂ ਵਿਚ ਰੋਸ ਦੀ ਲਹਿਰ ਦੌੜ ਗਈ। ਭਾਈ ਮਹਿਤਾਬ ਸਿੰਘ ਖਲੋ ਕੇ ਰੋਸ ਵਿਚ ਗੱਜਿਆ, ਜਥੇਦਾਰ ਜੀ, ਮੈਨੂੰ ਆਗਿਆ ਦਿਉ...ਮੈਂ ਮੱਸਾ ਰੰਘੜ ਦਾ ਸਿਰ ਵੱਢ ਕੇ ਲਿਆਵਾਂਗਾ। ਭਾਈ ਸੁੱਖਾ ਸਿੰਘ ਵੀ ਖੜ੍ਹਾ ਹੋਇਆ, ਆਗਿਆ ਦਿਉ...ਮੈਂ ਵੀ ਭਾਈ ਮਹਿਤਾਬ ਸਿੰਘ ਦੇ ਨਾਲ ਜਾਵਾਂਗਾ। ਗੁਰੂ ਕੇ ਸਿੱਖਾਂ ਨੇ, ਲੋਹੇ ਦੇ ਇਕ ਟਰੰਕ ਵਿਚ ਟੁੱਟੇ ਹੋਏ ਕੱਚ ਭਰ ਲਏ।

ਜ਼ਿਮੀਦਾਰਾ ਭੇਖ ਬਣਾ ਕੇ ਸ੍ਰੀ ਦਰਬਾਰ ਸਾਹਿਬ ਉਸ ਵੇਲੇ ਪਹੁੰਚੇ, ਜਦੋਂ ਉਹ ਆਪ ਬੈਠਾ ਹੋਇਆ ਸੀ। ਦਰਬਾਨ ਨੂੰ ਕਿਹਾ, ਸਾਡੇ ਵੱਲ ਹਕੂਮਤ ਦਾ ਮਾਮਲਾ ਬਹੁਤ ਵਧ ਗਿਆ ਹੈ, ਉਹ ਤਾਰਨ ਆਏ ਹਾਂ। ਜਨਾਬ ਸੈਨਾਪਤੀ ਆਪ ਦੇਖ ਲੈਣ। ਅੰਦਰ ਖ਼ਬਰ ਦਿੱਤੀ ਗਈ। ਵੱਡੀ ਰਕਮ ਸਮਝ ਕੇ ਮੱਸਾ ਆਇਆ। ਟਰੰਕ ਸੁੱਖਾ ਸਿੰਘ ਖੋਲ੍ਹਿਆ। ਮੱਸਾ ਉਪਰੋਂ ਕੱਪੜਾ ਚੁੱਕ ਝਾਕਣ ਲੱਗਾ ਤਾਂ ਉਸੇ ਖਿਣ, ਭਾਈ ਮਹਿਤਾਬ ਸਿੰਘ ਨੇ ਕਿਰਪਾਨ ਨਾਲ ਸਿਰ ਲਾਹ ਕੇ, ਨੇਜੇ 'ਤੇ ਟੰਗ ਘੋੜੇ 'ਤੇ ਬੈਠ ਹਵਾ ਹੋ ਗਏ। ਇਹ ਸਭ ਪਲਕ ਦੇ ਝਪਕਾਰੇ ਵਿਚ ਹੋ ਗਿਆ। ਜਦੋਂ ਤਕ ਪਹਿਰੇਦਾਰ ਅਤੇ ਸੈਨਿਕ ਅੰਗ-ਰੱਖਿਅਕ ਗੱਲ ਨੂੰ ਸਮਝਦੇ, ਉਦੋਂ ਤਕ ਗੁਰੂ ਦੇ ਸਿੱਖ ਅੰਮ੍ਰਿਤਸਰ ਤੋਂ ਬਾਹਰ ਜਾ ਚੁੱਕੇ ਸਨ। ਬੀਕਾਨੇਰ, ਜੱਥੇਦਾਰ ਸ਼ਾਮ ਸਿੰਘ ਹੋਰੀਂ ਸੰਗਤਾਂ ਵਿਚ ਬੈਠੇ ਸਨ। ਜਥੇਦਾਰ ਹੋਰਾਂ ਦੇ ਸਾਹਵੇਂ ਮੱਸੇ ਦਾ ਸਿਰ ਨੇਜੇ ਤੋਂ ਲਾਹ ਕੇ ਸੁੱਟਿਆ। ਵਾਹ ਭਾਈ, ਗੁਰੂ ਕੇ ਲਾਡਲਿਓ! ਇਹ ਸਿੱਖ ਦਾ ਕਿਰਦਾਰ ਹੈ। ਮੱਸੇ ਦੇ ਸਿਰ ਨੂੰ ਘਿਰਣਾ ਨਾਲ ਪੈਰਾਂ ਦੀਆਂ ਠੋਕਰਾਂ ਮਾਰੀਆਂ।

ਇਕ ਵਾਰ, ਫਿਰ ਅੰਗਰੇਜ਼ੀ ਹਕੂਮਤ ਨੇ ਸਿੱਖਾਂ ਦੀ ਆਸਥਾ 'ਤੇ ਸੱਟ ਮਾਰੀ। ਗਊ ਰੱਖਿਆ ਨੂੰ ਦਸਮ ਪਾਤਸ਼ਾਹ ਨੇ, ਸਿੱਖ ਧਰਮ ਦਰਸ਼ਨ ਵਿਚ ਉੱਚਾ ਥਾਂ ਦਿੱਤਾ। ਸਤਿਗੁਰ ਆਪ ਅਕਾਲ ਪੁਰਖ ਤੋਂ ਮੰਗਦੇ ਹਨ—

ਯਹੀ ਆਸ ਪੂਰਨ ਕਰਹੁ ਤੁਮ ਹਮਾਰੀ
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ॥

ਸੰਨ 1849 ਵਿਚ ਅੰਗਰੇਜ਼ਾਂ ਨੇ ਤਾਂਬੇ ਦੇ ਪਤਰਿਆਂ 'ਤੇ ਇਹ ਲਿਖਵਾ ਕੇ ਲਾਇਆ ਸੀ ਕਿ ਸ੍ਰੀ ਅੰਮ੍ਰਿਤਸਰ ਗਊ ਹੱਤਿਆ ਨਹੀਂ ਕੀਤੀ ਜਾਵੇਗੀ। ਪਰ ਕੁਝ ਸਾਲ ਮਗਰੋਂ, ਉਹ ਇਸ ਵਾਅਦੇ ਤੋਂ ਮੁਕਰ ਗਏ। ਸ੍ਰੀ ਦਰਬਾਰ ਸਾਹਿਬ ਪ੍ਰਕਰਮਾ ਵਿਚ, ਬੁੱਚੜਖਾਨਾ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ। ਹਿੰਦੂ-ਸਿੱਖ ਇਕ ਧਿਰ ਅਤੇ ਮੁਸਲਮਾਨ ਦੂਜੀ ਧਿਰ ਬਣ ਗਈ। ਭਾਰਤੀ ਸਮਾਜ ਨੂੰ ਵੰਡਣ ਦੀ ਸਾਜ਼ਿਸ਼ ਕੀਤੀ ਗਈ। ਗੁਰੂ ਰਾਮ ਸਿੰਘ ਦੇ ਅਣਖੀ ਨਾਮਧਾਰੀ ਸਿੰਘਾਂ ਨੇ 14 ਅਤੇ 15 ਜੂਨ 1871 ਦੀ ਰਾਤ ਨੂੰ ਹਮਲਾ ਕਰ ਕੇ ਬੁੱਚੜਾਂ ਕਸਾਈਆਂ ਦਾ ਕਤਲ ਕਰ ਦਿੱਤਾ ਅਤੇ ਗਊਆਂ ਆਜ਼ਾਦ ਕਰ ਦਿੱਤੀਆਂ। ਇਹ ਬੁੱਚੜ ਹੱਤਿਆ ਕਾਂਡ ਬਹੁਤ ਗੁਪਤ, ਅੱਧੀ ਰਾਤ ਹੋਇਆ। ਜਦੋਂ ਤਕ ਪ੍ਰਸ਼ਾਸਨ ਹਰਕਤ ਵਿਚ ਆਇਆ ਉਦੋਂ ਤਕ ਸਿੰਘ, ਬਹੁਤ ਦੂਰ ਪਹੁੰਚ ਚੁੱਕੇ ਸਨ। ਬਦਨਾਮੀ ਹੁੰਦਿਆਂ ਵੇਖ, ਹਕੂਮਤ ਨੇ ਕੁਝ ਹਿੰਦੂ ਅਤੇ ਨਿਹੰਗ ਬੇਦੋਸ਼ੇ ਫੜ ਲਏ। ਅਤਿ ਦੇ ਤਸੀਹੇ ਦੇ ਕੇ, ਉਨ੍ਹਾਂ ਤੋਂ ਇਕਬਾਲੀਆ ਬਿਆਨ ਵੀ ਕਰਵਾ ਲਿਆ। ਸੈਸ਼ਨ ਜੱਜ ਤੋਂ ਫਾਂਸੀ ਦੀ ਸਜ਼ਾ ਵੀ ਹੋ ਗਈ। ਬੁੱਚੜ ਮਾਰ ਕੇ ਗਊ ਰੱਖਿਆ ਦਾ ਪ੍ਰਣ ਪਾਲਣ ਵਾਲੇ ਸਿੰਘ ਸ੍ਰੀ ਭੈਣੀ ਸਾਹਿਬ, ਬੇਫ਼ਿਕਰੀ ਨਾਲ ਵਿਚਰ ਰਹੇ ਸਨ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਉਨ੍ਹਾਂ ਨੂੰ ਸੱਦ ਕੇ ਬਚਨ

ਕੀਤਾ: ਸਿੰਘੋ! ਤੁਸਾਂ ਧਰਮ ਦਾ ਕ੍ਰਿਤ ਕੀਤਾ ਹੈ। ਉਸ ਦਾ ਯਸ਼ ਫਲ ਵੀ ਤੁਸੀਂ ਆਪਣੇ ਸਿਰ ਲਵੋ...ਜੱਜ ਦੀ ਕਚਹਿਰੀ ਹਾਜ਼ਰ ਹੋ ਕੇ ਇਕਬਾਲ ਕਰੋ...ਬੇਦੋਸ਼ਿਆਂ ਨੂੰ ਬਰੀ ਕਰਵਾਉ। ਸਿੰਘਾਂ ਇਵੇਂ ਹੀ ਕੀਤਾ। ਸੈਸ਼ਨ ਜੱਜ, ਪਹਿਲਾਂ ਸਮਝਿਆ ਕਿ ਸ਼ਾਇਦ ਇਹ ਭੋਲੇ ਭਾਲੇ ਗੁਰੂ ਦੇ ਸਿੱਖ, ਦਇਆ ਭਾਵ ਵਿਚ ਮੁਜਰਿਮਾਂ ਨੂੰ ਬਰੀ ਕਰਵਾ ਕੇ ਆਪ ਫਾਹੇ ਲੱਗਣਾ ਚਾਹੁੰਦੇ ਹਨ। ਪਰ ਉਨ੍ਹਾਂ ਸਿੰਘਾਂ ਨੇ, ਭਗਤਾਂ ਵਾਲੇ ਗੇਟ ਦੇ ਬਾਹਰ ਜ਼ਮੀਨ ਵਿਚ ਦੱਬੇ ਹੋਏ, ਕਤਲ ਵੇਲੇ ਵਰਤੇ ਗਏ ਹਥਿਆਰ ਬਰਾਮਦ ਕਰਵਾਏ। 15 ਸਤੰਬਰ 1871 ਈ. ਨੂੰ, ਆਪਣੀ ਇੱਛਾ ਅਨੁਸਾਰ ਸਰੋਵਰ ਵਿਚ ਇਸ਼ਨਾਨ ਕਰ ਕੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ, ਰੇਸ਼ਮ ਦੀਆਂ ਰੱਸੀਆਂ ਗਲ ਪਾ ਕੇ ਫਾਹੇ 'ਤੇ ਝੂਲ ਗਏ। ਅੰਗਰੇਜ਼ਾਂ ਨੇ ਲਿਖਿਆ, "ਕੂਕਾ ਝੂਠ ਨਹੀਂ ਬੋਲਦਾ।"

ਇਹੁ ਸਿੱਖੀ ਹੈ।

# ਸ਼ਾਹ ਦਰਵੇਸ਼—ਸਤਿਗੁਰ ਪ੍ਰਤਾਪ ਸਿੰਘ

ਸਮਾਧ ਅਕਾਲੀ ਫੂਲਾ ਸਿੰਘ, ਨੌਸ਼ਹਿਰੇ ਦੇ ਨੇੜੇ, ਕਾਬਲ ਦਰਿਆ ਦੇ ਕੰਢੇ ਰਹਿੰਦਿਆਂ, ਸੰਨ 1936 ਵਿਚ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਲਿਖਿਆ ਹੈ, ਭਾਈ ਕਾਨ੍ਹ ਸਿੰਘ ਨਾਭਾ, ਮਾਸਟਰ ਤਾਰਾ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਪੰਜਾ ਸਾਹਿਬ, ਨਨਕਾਣਾ ਦੇ ਪ੍ਰਧਾਨ ਸਰਦਾਰ ਤਰਲੋਕ ਸਿੰਘ, ਸਰਦਾਰ ਜਵੰਦ ਸਿੰਘ, ਕਈ ਉੱਘੀਆਂ ਸ਼ਖ਼ਸੀਅਤਾਂ ਨਾਲ ਮਿਲਿਆ ਹਾਂ...ਪਰ ਦੋ ਹੀ ਸ਼ਖ਼ਸੀਅਤਾਂ ਤੋਂ ਪ੍ਰਭਾਵਿਤ ਹੋਇਆ ਹਾਂ; ਨਿਡਰ, ਨਿਧੜਕ, ਸਤਿ ਦੇ ਪਾਂਧੀ ਬਾਬਾ ਖੜਗ ਸਿੰਘ ਅਤੇ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ। ਉਨ੍ਹਾਂ ਦੀ ਸਰਲਤਾ, ਬੋਲ ਵਿਚ ਨਿਰਮਾਣਤਾ, ਦ੍ਰਿਸ਼ਟੀ ਵਿਚ ਖੁੱਲ੍ਹਾਪਨ, ਹੱਸੂੰ ਹੱਸੂੰ ਕਰਦਾ ਚਿਹਰਾ, ਰੌਸ਼ਨ ਨੇਤਰ, ਸਵਦੇਸ਼ੀ ਸੁਫ਼ੇਦ ਪਹਿਰਾਵੇ ਵਿਚ ਇਕ ਨੇਕ ਦਿਲ ਇਨਸਾਨ।

ਮਨੁੱਖ ਬਹੁਤ ਕਮਜ਼ੋਰ ਹੈ...ਕੋਈ ਜ਼ੋਰ ਨਹੀਂ। ਇਕ ਪਹਿਲਵਾਨ, ਚੰਗੇ ਚੰਗੇ ਪਹਿਲਵਾਨਾਂ ਨੂੰ ਅਖਾੜੇ ਵਿਚ ਮਿੰਟਾਂ ਵਿਚ ਚਿੱਤ ਕਰ ਦੇਣ ਵਾਲੇ ਨੂੰ ਅਧਰੰਗ ਹੋ ਗਿਆ, ਹੁਣ ਆਪਣੇ ਮੂੰਹ 'ਤੇ ਬੈਠੀ ਮੱਖੀ ਉਡਾਉਣ ਜੋਗਾ ਨਾ ਰਿਹਾ। ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ, ਬੁੱਲੇ ਸ਼ਾਹ ਦੇ ਕਲਾਮ ਨੂੰ ਆਪਣੇ ਰੋਹ ਵਿਚ ਪੜ੍ਹਦੇ—

ਡੋਲੀ ਪਾ ਲੈ ਚੱਲੇ ਖੇੜੇ, ਨਾ ਕੋਈ ਉਜਰ ਨਾ ਜ਼ੋਰ।
ਪਿਆਰਿਆ, ਸਾਡੇ ਵੱਲ ਮੁਖੜਾ ਮੋੜ।

ਬੰਦੇ ਵਿਚ ਕੋਈ ਜ਼ੋਰ ਨਹੀਂ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜਪੁਜੀ ਵਿਚ ਕਹਿੰਦੇ ਹਨ—

ਜੋਰੁ ਨ ਜੀਵਣਿ ਮਰਣਿ ਨਹ ਜੋਰੁ॥
ਜੋਰੁ ਨ ਰਾਜਿ ਮਾਲਿ ਮਨਿ ਸੋਰੁ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ॥
ਜੋਰੁ ਨ ਜੁਗਤੀ ਛੁਟੈ ਸੰਸਾਰੁ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥
ਨਾਨਕ ਉਤਮੁ ਨੀਚੁ ਨ ਕੋਇ॥

ਜਿਹੜਾ ਸਮਝਦਾ ਹੈ, ਮੈਂ ਜ਼ੋਰਾਵਰ ਹਾਂ, ਉਹ ਅਜ਼ਮਾ ਲਵੇ। ਜੀਵਨ ਤੇ ਜ਼ੋਰ

ਨਹੀਂ...ਮੌਤ ਤੇ ਜ਼ੋਰ ਨਹੀਂ। ਸਾਡੇ ਹੱਥ ਕੁਝ ਨਹੀਂ। ਬਹੁਤ ਨਿਤਾਣਾ, ਮਨੁੱਖ! ਪਰ ਪੰਜਵੇਂ ਪਾਤਸ਼ਾਹ ਕਹਿੰਦੇ ਹਨ, ਜਿਨ੍ਹਾਂ ਦੇ ਸਿਰ 'ਤੇ ਸਤਿਗੁਰ ਦਾ ਹੱਥ ਹੈ, ਉਹ ਹਰ ਥਾਂ ਸਫਲ ਹਨ।

ਸਤਿਗੁਰ ਮੇਰਾ ਤਾਣੁ ਨਿਤਾਣੁ॥
ਸਤਿਗੁਰ ਮੇਰਾ ਘਰਿ ਦੀ ਬਾਣੁ॥

ਸਤਿਗੁਰ ਨਿਤਾਣਿਆਂ ਦਾ ਤਾਣ...ਸਤਿਗੁਰ ਮੇਰਾ ਘਰਿ...ਮੇਰਾ ਨਿਜ ਥਾਉਂ... ਸ੍ਰਿਸ਼ਟੀ ਦੀ ਸਭ ਤੋਂ ਵੱਡੀ ਅਦਾਲਤ, ਮੇਰੇ ਸਤਿਗੁਰ ਦੀ। ਨਲ੍ਹ ਭੱਟ ਕਹਿੰਦਾ ਹੈ—

ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ॥
ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ॥

ਲੱਖਾਂ ਬਾਹਾਂ...ਲੱਖਾਂ ਦੁਸ਼ਮਣ ਸਾਹਵੇਂ ਹੋਣ, ਜੇ ਗੁਰੂ ਦਾ ਹੱਥ ਸਿਰ 'ਤੇ ਹੋਵੇ, ਵਾਲ ਵਿੰਗਾ ਕੋਈ ਨਹੀਂ ਕਰ ਸਕਦਾ।

ਪੱਛਮੀ ਪੰਜਾਬ, ਗੁਜਰਾਂਵਾਲਾ ਨੇੜੇ 'ਹਿੰਦੂ ਚੱਕ' ਪਿੰਡ! ਸੰਤ ਤਰਨ ਸਿੰਘ ਵਹਿਮੀ ਜੀ, ਉਸੇ ਪਿੰਡ ਦੇ ਸਨ। ਲਿਖਦੇ ਹਨ, ਸ਼ਰਾਬੀਆਂ ਸ਼ਰਾਰਤੀਆਂ ਦਾ ਪਿੰਡ ਸੀ। ਕੁਝ ਘਰ ਨਾਮਧਾਰੀਆਂ ਦੇ ਸਨ। ਦੋ ਬਦਮਾਸ਼, ਬਧਾਵਾ ਸਿੰਘ ਤੇ ਮਾਨ ਸਿੰਘ ਬਹੁਤ ਤੰਗ ਕਰਦੇ। ਰਾਹ ਜਾਂਦਿਆਂ ਨੂੰ ਧੱਕੇ ਮਾਰਦੇ...ਗਾਲ੍ਹਾਂ ਕੱਢਦੇ। ਤੰਗ ਹੋ ਕੇ ਵਹਿਮੀ ਜੀ ਨੇ, ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕੀਤੀ। ਉਸੇ ਰਾਤ ਬਧਾਵਾ ਸਿੰਘ ਨੂੰ, ਸੁੱਤੇ ਪਏ ਨੂੰ ਸੁਪਨੇ ਜਿਹੇ ਵਿਚ ਸਤਿਗੁਰ ਪ੍ਰਤਾਪ ਸਿੰਘ ਜੀ ਆਏ। ਹੱਥ ਵਿਚ ਖੂੰਡਾ ਫੜਿਆ ਹੋਇਆ। ਓਏ ਬਧਾਵਾ ਸਿੰਘਾ, ਤੂੰ ਮੇਰੇ ਸਿੰਘਾਂ ਨਾਲ ਹੁੱਜਤਾਂ ਕਰਦੈਂ। ਜੇ ਹੁਣ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਤਾਂ ਅਗਲੀ ਵਾਰ ਤੇਰੇ ਪਾਸੇ ਭੰਨ ਕੇ ਜਾਵਾਂਗਾ। ਫੇਰ ਨਾ ਕਹੀਂ...ਸੁਚੇਤ ਨਹੀਂ ਕੀਤਾ। ਸੁਪਨਾ ਸਮਝ ਕੇ, ਬਧਾਵਾ ਸਿੰਘ ਭੁੱਲ ਗਿਆ। ਦੂਜੇ ਦਿਨ, ਫਿਰ ਰਾਹ ਜਾਂਦਿਆਂ ਵਹਿਮੀ ਜੀ ਨਾਲ ਹੁੱਜਤ ਹੋਈ। ਫਿਰ ਤਾਂ ਰਾਤ, ਸਤਿਗੁਰਾਂ ਉਸੇ ਖੂੰਡੇ ਨਾਲ ਚੰਗਾ ਸੋਧਿਆ। ਜਾਨ ਬਚਾਉਣ ਨੂੰ ਭੱਜਦਾ ਫਿਰੇ। ਜਿਸ ਪਾਸੇ ਮੂੰਹ ਕਰੇ, ਉਸ ਪਾਸੇ ਸਤਿਗੁਰ ਦਿਸਣ...ਖੂੰਡਾ ਪੈਣ ਲੱਗੇ। ਭੈਅ ਦਾ ਮਾਰਿਆ...ਘਬਰਾਇਆ ਹੋਇਆ ਉੱਠ ਖਲੋਤਾ। ਘਰ ਵਾਲੀ ਨੂੰ ਜਗਾਇਆ। ਸਾਰੇ ਸਰੀਰ 'ਤੇ ਮਾਰ ਦੀਆਂ ਲਊਸਾਂ ਪਈਆਂ ਹੋਈਆਂ।ਪਿੱਠ, ਪੈਰ, ਹੱਥ...ਸਾਰੇ ਸੁੱਜੇ ਹੋਏ। ਦਰਦ ਨਾਲ ਚੀਸਾਂ ਪੈਣ। ਸਵੇਰ ਹੋਈ ਤਾਂ ਵਹਿਮੀ ਜੀ ਦੇ ਘਰ ਜਾ ਬੂਹਾ ਖੜਕਾਇਆ। ਦਰਵਾਜ਼ਾ ਖੁੱਲ੍ਹਿਆ।ਵਹਿਮੀ ਜੀ ਆਪ ਦਿਸੇ। ਜਾ ਪੈਰੀਂ ਡਿੱਗਾ। ਮੈਨੂੰ ਬਚਾ ਲਉ...ਭੁੱਲ ਹੋਈ। ਹੁਣ ਨਹੀਂ ਮੈਂ ਅਵੱਗਿਆ ਕਰਦਾ। ਸੰਤਾਂ ਮੋਢਿਉਂ ਫੜ, ਉਤਾਂਹ ਨੂੰ ਚੁੱਕਿਆ। ਸਾਹਵੇਂ ਸਤਿਗੁਰ ਪ੍ਰਤਾਪ ਸਿੰਘ ਜੀ ਦੀ ਤਸਵੀਰ ਦਿਸ ਪਈ। ਕਹਿੰਦਾ, ਇਨ੍ਹਾਂ ਨੇ ਹੀ ਕੁੱਟਿਆ ਹੈ। ਮੈਨੂੰ ਬਖ਼ਸ਼

ਦਿਓ। ਬਧਾਵਾ ਸਿੰਘ ਤਾਂ ਰਾਹ ’ਤੇ ਆ ਗਿਆ। ਦੂਜਾ ਮਾਨ ਸਿੰਘ, ਚੋਰੀ ਦੇ ਕੇਸ ਵਿਚ ਗ੍ਰਿਫ਼ਤਾਰ ਹੋ ਗਿਆ। ਕੁਝ ਦਿਨ ਹਵਾਲਾਤ ਵਿਚ ਰਹਿ ਕੇ, ਜੱਜ ਅੱਗੇ ਪੇਸ਼ ਹੋਇਆ। ਬਥੇਰਾ ਹੱਥ-ਪੈਰ ਜੋੜੇ, ਕਹੇ ਮੈਂ ਬੇਗੁਨਾਹ ਹਾਂ। ਜੱਜ ਕਿਹਾ, ਪਿੰਡ ਦਾ ਲੰਬਰਦਾਰ, ਜੇ ਤੇਰੀ ਬੇਗੁਨਾਹੀ ਦੀ ਸਿਫ਼ਾਰਿਸ਼ ਕਰੇ ਤਾਂ ਤੂੰ ਬਰੀ ਹੋ ਸਕਦਾ ਹੈਂ। ਵਹਿਮੀ ਜੀ ਭੀ ਪਿੰਡ ਦੇ ਛੋਟੇ ਲੰਬਰਦਾਰ ਸਨ। ਉਸ ਆ ਕੇ ਪੈਰ ਫੜ ਲਏ। ਮੈਨੂੰ ਬਚਾ ਲਉ। ਤਿੰਨ ਦਿਨ ਹਵਾਲਾਤ ਵਿਚ ਕੁੱਟਦੇ ਰਹੇ...ਮੇਰੀ ਖੱਲੜੀ ਉਧੇੜਦੇ ਰਹੇ ਹਨ। ਮੈਨੂੰ ਬਚਾ ਲਉ।

ਵਹਿਮੀ ਜੀ ਸਮਝ ਗਏ, “ਸਤਿਗੁਰ ਮੇਰੇ ਕੀ ਵਡਿਆਈ” ਹੈ। ਸ਼ਹੀਦਾਂ ਸਿੰਘਾਂ ਨੇ ਘੇਰਿਆ ਹੈ।

“ਪਹਿਲਾਂ ਵਾਅਦਾ ਕਰ”, ਵਹਿਮੀ ਜੀ ਤਰਸ ਵਿਚ ਆ ਕੇ ਕਿਹਾ। “ਮਾਸ, ਸ਼ਰਾਬ, ਮਾੜੀ ਸੰਗਤ, ਮਾੜੀਆਂ ਕਰਤੂਤਾਂ...ਇਨ੍ਹਾਂ ਦਾ ਤਿਆਗ ਕਰ...ਭਜਨ ਬੰਦਗੀ ਵਾਲਾ ਬਣ।”

ਉਸ ਤੌਬਾ ਕੀਤੀ। ਅਗਲਾ ਜੀਵਨ, ਸਾਧਾਂ ਵਾਂਗ ਜੀਵਿਆ।

ਸਤਿਗੁਰ ਮੇਰਾ ਤਾਣੁ ਦੀਬਾਣੁ॥
ਸਤਿਗੁਰ ਮੇਰਾ ਘਰਿ ਦੀਬਾਣੁ॥

ਸਤਿਗੁਰ ਮੇਰਾ ਸਿਰਮੌਰ ਜੱਜ!

ਸੰਨ 1940 ਦਾ ਸਮਾਂ। ਪੰਜਾਬ ਅਸੈਂਬਲੀ ਚੋਣ ਦੀ ਸਰਗਰਮੀ ਭਰਿਆ ਸਮਾਂ ਸੀ। ਸਤਿਗੁਰ ਸੱਚੇ ਪਾਤਸ਼ਾਹ ਚਾਹੁੰਦੇ ਸਨ, ਕਾਂਗਰਸ, ਕਾਮਰੇਡ ਤੇ ਅਕਾਲੀ ਮਿਲ ਕੇ ਚੋਣ ਲੜਣ ਤਾਂ ਜੋ ਸਾਡੇ ਮੈਂਬਰ ਵੱਧ ਤੋਂ ਵੱਧ ਜਿੱਤਣ। ਇਸੇ ਮੰਤਵ ਨਾਲ ਇਕ ਸਾਂਝੀ ਸਿਆਸੀ ਸਭਾ, ਪਟਿਆਲਾ ਰਾਜ ਮਹਿਲ ਦੇ ਵਿਚ ਰੱਖੀ ਗਈ। ਪਟਿਆਲਾ ਰਾਜ ਦੇ ਮਹਾਰਾਜਾ ਯਾਦਵਿੰਦਰ ਸਿੰਘ, ਨਾਭਾ ਤੋਂ ਟਿੱਕਾ ਰਿਪੁਦਮਨ ਸਿੰਘ, ਜੀਂਦ, ਕਪੂਰਥਲਾ ਦੇ ਰਾਜੇ, ਕਾਂਗਰਸ, ਕਮਿਊਨਿਸਟ, ਅਕਾਲੀ ਪਾਰਟੀਆਂ ਦੇ ਲੀਡਰ ਅਤੇ ਮੁਖੀ ਸੱਜਣਾਂ ਦੀ ਇਕੱਤਰਤਾ ਹੋਈ। ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ, ਵਿਸ਼ੇਸ਼ ਚੇਅਰ ’ਤੇ, ਬਤੌਰ ਮੁੱਖ ਆਯੋਜਕ ਬਿਰਾਜਮਾਨ ਸਨ। ਸਮੱਸਤ ਰਾਜੇ, ਮਹਾਰਾਜੇ, ਸਿਆਸਤਦਾਨ—ਸਤਿਗੁਰ ਜੀ ਅੱਗੇ ਨਤਮਸਤਕ ਹੋ ਕੇ ਆਪਣੀ ਸੀਟ ’ਤੇ ਬੈਠਦੇ। ਉਹ ਸ਼ਾਹ ਦਰਵੇਸ਼ ਸਤਿਗੁਰ ਲਈ, ਭਗਤ ਕਬੀਰ ਜੀ ਕਹਿੰਦੇ ਹਨ—

ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥

ਸਿਖਰ ਦਾ ਸ਼ਾਹ...ਸਿਖਰ ਦਾ ਦਰਵੇਸ਼!

ਸੰਨ 1889 ਦਾ ਪ੍ਰਕਾਸ਼...25 ਸਾਲ ਦੀ ਉਮਰ, 1914 ਈ. ਵਿਚ ਅਨੰਦ

ਕਾਰਜ, ਮਾਤਾ ਭੁਪਿੰਦਰ ਕੌਰ ਨਾਲ ਹੋਇਆ। 35 ਸਾਲ ਦੀ ਪੂਰੀ ਜਵਾਨੀ ਵਿਚ, ਜੀਵਨ ਸਾਥਣ ਸਾਥ ਛੱਡ ਗਈ। ਸੰਨ 1920, ਸ੍ਰੀ ਸਤਿਗੁਰ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਹੋਇਆ...1924 ਵਿਚ ਸ੍ਰੀ ਮਹਾਰਾਜ ਬੀਰ ਸਿੰਘ ਜੀ ਹੋਏ। ਸੂਤਕ ਵਿੱਚ ਬੁਖਾਰ ਚੜ੍ਹਿਆ। ਵੈਦਾਂ-ਡਾਕਟਰਾਂ ਦਾ ਉਪਚਾਰ ਕੰਮ ਨਾ ਆਇਆ। ਬੁਖਾਰ ਵਿਗੜ ਕੇ ਤਪਦਿਕ ਵਿਚ ਤਬਦੀਲ ਹੋ ਗਿਆ। ਉਦੋਂ ਤਪਦਿਕ (ਟੀ.ਬੀ.) ਲਾਇਲਾਜ ਰੋਗ ਹੁੰਦਾ ਸੀ। 29 ਭਾਦੋਂ ਸੰਨ 1924! ਸੇਵਕ ਨੇ ਸਤਿਗੁਰ ਜੀ ਨੂੰ ਸੁਨੇਹਾ ਦਿੱਤਾ, ਮਾਤਾ ਜੀ ਔਖੇ ਸਾਹ ਲੈ ਰਹੇ ਹਨ। ਸਤਿਗੁਰ ਜੀ ਕੋਠੀ ਵੱਲ ਨੂੰ ਹੋਏ। ਮਾਤਾ ਜੀ ਦੇ ਬੁਝਦੇ ਹੋਏ ਨੇਤਰਾਂ ਨੂੰ ਮਾਹੀ ਦੀ ਉਡੀਕ ਸੀ। ਕੋਲ ਹੀ, ਇਕ ਤਖ਼ਤ 'ਤੇ ਸੂਬਾ ਮੀਹਾ ਸਿੰਘ ਜੀ, ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸੀ। ਸੂਬਾ ਮੀਹਾ ਸਿੰਘ, ਮਾਤਾ ਜੀ ਦੇ ਭਾਈ ਲਗਦੇ ਸੀ। ਸਤਿਗੁਰ ਜੀ, ਦਰਵਾਜ਼ੇ ਥਾਣੀਂ ਅੰਦਰ ਦਾਖਲ ਹੋਏ। ਬੁਝਦੀ ਲੋਅ ਵਿਚ, ਜਿਵੇਂ ਇਕ ਵਾਰ ਚਮਕ ਆਈ। ਨੇਤਰਾਂ ਨਾਲ ਹੀ ਸਤਿਗੁਰ ਜੀ ਤੋਂ ਵਿਦਾਇਗੀ ਮੰਗੀ। ਸਤਿਗੁਰ ਜੀ ਨੇ ਪਿਆਰ ਨਾਲ ਸਿਰ 'ਤੇ ਹੱਥ ਫੇਰਿਆ...ਨਾਲ ਹੀ ਹੱਥਾਂ ਨਾਲ ਖੁੱਲੀਆਂ ਬੇਜਾਨ ਨੇਤਰਾਂ ਦੀਆਂ ਪਲਕਾਂ ਬੰਦ ਕਰ ਦਿੱਤੀਆਂ। ਉਹ ਨੇਤਰ ਫਿਰ ਨਾ ਖੁੱਲੇ। ਮਗਰੋਂ, ਸੂਬਿਆਂ, ਸੇਵਕਾਂ ਅੱਗੇ ਕਈ ਸਿੱਖਾਂ ਨੇ, ਸਤਿਗੁਰ ਜੀ ਦੀ ਸੇਵਾ ਵਿਚ, ਆਪਣੀਆਂ ਲੜਕੀਆਂ ਦਾ ਨਾਤਾ ਦੇਣ ਲਈ ਪੇਸ਼ਕਸ਼ ਕੀਤੀ। ਪਰ ਦੁਨੀਆਂ ਤੋਂ ਨਿਵੇਕਲਾ, ਉਹ ਸ਼ਾਹ ਦਰਵੇਸ਼ ਬਚਨ ਕਰਦੇ, ਸਤਿਗੁਰ ਰਾਮ ਸਿੰਘ ਸੱਚੇ ਪਾਤਸ਼ਾਹ ਦੀ ਸਿੱਖੀ...ਇਹ ਫੁਲਵਾੜੀ...ਦੇਸ਼ ਦੀ ਆਜ਼ਾਦੀ ਦਾ ਸੰਕਲਪ, ਮੈਨੂੰ ਹੋਰ ਪਰਿਵਾਰ ਬਣਾਉਣ ਦੀ ਆਗਿਆ ਨਹੀਂ ਦਿੰਦਾ।

ਸੰਨ 1952 ਵਿਚ, ਰੰਗੂਨ ਦਾ ਦੌਰਾ ਹੋਇਆ। ਸਮੁੰਦਰੀ ਜਹਾਜ਼ ਜਦੋਂ ਕਲਕੱਤਾ ਸੀ-ਪੋਰਟ ਤੋਂ ਟੁਰਿਆ ਤਾਂ ਸਤਿਗੁਰ ਚੁੱਪ ਚੁਪੀਤੇ ਆਪਣੇ ਥਾਂ ਤੋਂ ਉੱਠੇ...ਜਹਾਜ਼ ਦੇ ਉਪਰ ਡੈੱਕ 'ਤੇ ਰੇਲਿੰਗ ਲੱਗੀ ਰਾੱਡ ਨੂੰ ਫੜ ਕੇ ਖਲੋ ਗਏ। ਜਹਾਜ਼ ਅੱਗੇ ਵਧ ਰਿਹਾ ਸੀ...ਕਿਨਾਰੇ ਦੇ ਘਰ ਮਕਾਨ, ਲੰਘੀ ਜਾ ਰਹੇ ਸਨ। ਸਤਿਗੁਰ ਜੀ ਦੇ ਨੇਤਰਾਂ 'ਚੋਂ ਅਵਿਰਲ ਜਲ ਵਗ ਰਿਹਾ ਸੀ। ਸੰਤ ਨਿਧਾਨ ਸਿੰਘ ਆਲਮ ਕੋਲ ਆਏ ਖਲੋਤੇ। ਕੀ ਗੱਲ...ਗਰੀਬ ਨਿਵਾਜ਼!

ਆਲਮ ਜੀ! ਇਸੇ ਰਾਹ ਅੰਗਰੇਜ਼ 'ਸਤਿਗੁਰ ਜੀ' ਨੂੰ ਪਰਦੇਸ ਲੈ ਗਏ ਹੋਣਗੇ। ਤਿੰਨ ਦਿਨ ਦਾ ਸਮੁੰਦਰੀ ਸਫ਼ਰ...ਭੁੱਖੇ-ਭਾਣੇ ਕਿਵੇਂ ਲੰਘਾਇਆ ਹੋਵੇਗਾ ? ਉਸ ਜਹਾਜ਼ ਵਿਚ, ਕੁਝ ਗਊਵਾਂ ਲੈ ਕੇ ਵੇਚਣ ਲਈ ਗੁੱਜਰ, ਬਰਮਾ ਜਾ ਰਹੇ ਸਨ। ਉਨ੍ਹਾਂ ਗਊਵਾਂ ਦਾ ਚੁਵਾਵਾਂ ਦੁੱਧ ਜਹਾਜ਼ ਵਿਚ ਲੋੜ ਤੋਂ ਵਾਧੂ ਮਿਲ ਜਾਂਦਾ ਸੀ। ਸਤਿਗੁਰ ਪਾਤਸ਼ਾਹ ਕਹਿੰਦੇ, ਆਲਮ ਜੀ ਅੱਜ ਸਾਰੀਆਂ ਸਹੂਲਤਾਂ...ਲੰਗਰ ਪਾਣੀ ਆਪ ਤਿਆਰ ਕਰਨ ਦੀ ਖੁੱਲ੍ਹ ਹੈ, ਨਾਲ ਸੰਗਤ ਹੈ...ਰਸਦ ਸਮੱਗਰੀ ਹੈ। ਉਸ ਵੇਲੇ ਬਤੌਰ ਕੈਦੀ...ਹਕੂਮਤ ਦੇ ਸਖ਼ਤ ਪਹਿਰੇ ਵਿਚ, ਭੁੱਖੇ ਭਾਣੇ ਇਸੇ ਰਾਹ ਲੰਘ ਗਏ ਹੋਣਗੇ।

ਰੰਗੂਨ, ਉਧਰੋਂ ਥਾਈਲੈਂਡ ਦੀ ਸੰਗਤ ਵੀ ਆਈ ਸੀ। ਉਹ ਬੰਦੀ ਘਰ...ਉਹ ਬੰਗਲਾ ਵੇਖਿਆ ਤਾਂ ਵੈਰਾਗੀ ਹੋ ਗਏ। ਹੰਝੂ ਭਰੇ ਨੇਤਰਾਂ ਨਾਲ, ਉਹ ਕਮਰਾ...ਖੂਹ, ਉਹ ਬਿਰਖ, ਜਿਸ ਹੇਠ ਬਹਿ ਕੇ ਸਿਮਰਨ ਕਰਦੇ...।

ਸੰਨ 1958 ਵਿਚ, ਪੂਰਬੀ ਅਫ਼ਕੀਰਾ ਦਾ ਦੌਰਾ ਹੋਇਆ। ਇਹ ਸਤਿਗੁਰ ਜੀ ਦਾ ਅਖੀਰਲਾ ਦੌਰਾ ਸੀ। ਸਮੁੰਦਰੀ ਜਹਾਜ਼ ਦਾ ਸਫ਼ਰ ਸੀ। ਅਦਨ ਬੰਦਰਗਾਹ 'ਤੇ ਜਹਾਜ਼ ਨੇ ਪੜਾਅ ਕੀਤਾ। ਕਪਤਾਨ ਨੇ ਘੋਸ਼ਣਾ ਕੀਤੀ, "ਜ਼ਰੂਰੀ ਮੁਰੰਮਤ ਹਿੱਤ ਜਹਾਜ਼ ਇਕ ਦਿਨ ਇਥੇ ਹੀ ਰੁਕੇਗਾ।" ਸਤਿਗੁਰ ਜੀ ਬਚਨ ਕੀਤਾ, ਸੰਤ ਜੀ! ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ ਹੁਰਾਂ ਨੂੰ, ਗੋਰਿਆਂ ਨੇ ਇਥੇ ਹੀ ਤਿੰਨ ਸਾਲ ਨਜ਼ਰਬੰਦ ਰੱਖਿਆ ਸੀ...ਆਉ ਉਹ ਥਾਂ ਦੇ ਦਰਸ਼ਨ ਕਰ ਆਈਏ। ਉਸ ਵੱਡੀ ਜੇਲ੍ਹ ਦੇ ਅੰਦਰ ਭੀੜੀਆਂ ਬੈਰਕਾਂ ਵੇਖੀਆਂ। ਗਰਮ ਰੁੱਤ ਵਿਚ 55 ਡਿਗਰੀ ਦੀ ਭਿਆਨਕ ਤਪਸ਼ ਵਿਚ, ਇਨ੍ਹਾਂ ਬੈਰਕਾਂ ਵਿਚ ਕਿੰਨੇ ਔਖੇ ਤਿੰਨ ਸਾਲ ਕੱਟੇ ਹੋਣਗੇ। ਸਰੀਰ ਅਤਿ ਕਮਜ਼ੋਰ ਹੋ ਗਿਆ। ਰੋਗ ਲੱਗ ਗਿਆ...ਪਰ ਸਿੱਖਾਂ ਦਾ ਸਿਦਕ ਨਹੀਂ ਡੋਲਿਆ। ਅੱਖਾਂ, ਹੰਝੂਆਂ ਨਾਲ ਭਰੀਆਂ ਹੋਈਆਂ...ਆਵਾਜ਼ ਭਰੀ ਹੋਈ...ਰੁੱਗ ਭਰਿਆ ਗਿਆ। ਬਸ ਵਾਰ ਵਾਰ ਉਸ ਥਾਂ ਨੂੰ ਨਮਸਕਾਰ ਕਰਦੇ ਰਹੇ।

ਸੰਨ 1933! ਹਜ਼ਰੋਂ ਤੋਂ ਬਾਬੇ ਵਜੀਰੇ ਨੇ ਬਹੁਤ ਵਿਰਾਗ ਵਿਚ, ਸਤਿਗੁਰ ਸੱਚੇ ਪਾਤਸ਼ਾਹ ਜੀ ਨੂੰ ਪੱਤਰ ਭੇਜਿਆ। ਬੇਨਤੀ ਕੀਤੀ, ਕਿਰਪਾ ਕਰੋ...ਬਸੰਤ ਦਾ ਮੇਲਾ ਹਜ਼ਰੋ ਕਰੋ। ਸੰਗਤ ਦੀਦਾਰ ਨੂੰ ਲੋਚਦੀ ਹੈ।

ਸਤਿਗੁਰ ਜੀ ਵੱਡਾ ਜੱਥਾ ਲੈ ਕੇ ਚਾਲੇ ਪਾਏ। ਗੁਜਰਾਂਵਾਲਾ, ਸਿਆਲਕੋਟ, ਰਾਵਲਪਿੰਡੀ ਹੁੰਦੇ ਹੋਏ ਕੈਮਲਪੁਰ ਪਹੁੰਚੇ। ਸੰਤ ਇੰਦਰ ਸਿੰਘ ਚਕ੍ਰਵਰਤੀ, ਸੰਤ ਨਿਧਾਨ ਸਿੰਘ ਆਲਮ ਜੀ, ਸੰਤ ਬਹਾਦਰ ਸਿੰਘ, ਢੋਲਕੀਆ ਇੰਦਰ ਸਿੰਘ, ਹੋਰ ਸਿਆਲਕੋਟ, ਰਾਵਲਪਿੰਡੀ ਤੋਂ ਵੀ ਸੰਗਤ ਨਾਲ ਰਲ ਗਈ ਸੀ।

ਕੁਝ ਮਹੀਨੇ ਪਹਿਲਾਂ ਕੈਮਲਪੁਰ ਇਕ ਦੁਖਦ ਘਟਨਾ ਘਟ ਗਈ ਸੀ। ਇਥੋਂ ਦੇ ਬਾਬੇ ਸੰਗਤੇ ਨੂੰ, ਸਤਿਗੁਰ ਬਾਲਕ ਸਿੰਘ ਜੀ ਨੇ ਮੰਜੀ ਬਖ਼ਸ਼ੀ ਸੀ। ਇਕ ਚੰਗਾ ਵੱਡਾ ਗੁਰਦੁਆਰਾ ਵੀ ਬਣਿਆ ਸੀ। ਸਵੇਰ-ਸ਼ਾਮ ਕੀਰਤਨ ਕਥਾ ਦਾ ਪ੍ਰਵਾਹ ਚੱਲਦਾ... ਅਟੁੱਟ ਲੰਗਰ ਵਰਤਦਾ। ਬਾਬੇ ਸੰਗਤੇ ਦੀ ਦੇਹ ਸ਼ਾਂਤ ਹੋਈ ਤਾਂ ਬਾਬਾ ਲਛਮਣ ਦਾਸ ਗੱਦੀ 'ਤੇ ਬਿਰਾਜਮਾਨ ਹੋਏ। ਸੰਨ 1925 ਵਿਚ ਗੁਰਦੁਆਰਾ ਸੁਧਾਰ ਲਹਿਰ ਦੀ ਸਫਲਤਾ ਮਗਰੋਂ, ਅਕਾਲੀ ਬਹੁਤ ਉਤਸ਼ਾਹ ਵਿਚ ਹੈ ਸਨ। ਹਰ ਥਾਂ ਸ਼ਹਿਰ, ਕਸਬਿਆਂ ਵਿਚ ਇਕੱਤਰਤਾ ਹੁੰਦੀ। ਬਾਬੇ ਲਛਮਣ ਦਾਸ ਤੋਂ, ਕੁਝ ਲੀਡਰ ਸਾਹਿਬਾਨ ਆਦਿ ਨੇ, ਇਕ ਦਿਨ ਲਈ ਸਮਾਗਮ ਵਿਚ ਗੁਰਦੁਆਰਾ ਦੀ ਇਜਾਜ਼ਤ ਮੰਗੀ। ਮੰਜ਼ੂਰੀ ਮਿਲ ਗਈ। ਸਮਾਗਮ ਹੋਇਆ। ਸਮਾਪਤੀ ਦੀ ਅਰਦਾਸ, ਬਾਬਾ ਲਛਮਣ ਦਾਸ ਨੇ ਕੀਤੀ। ਅਰਦਾਸ ਵਿਚ ਦਸਮ ਪਾਤਸ਼ਾਹ ਤੋਂ ਅੱਗੇ, ਸਤਿਗੁਰ

ਬਾਲਕ ਸਿੰਘ, ਸਤਿਗੁਰ ਰਾਮ ਸਿੰਘ ਅਤੇ ਨਾਲ ਹੀ ਬਾਬਾ ਸੰਗਤਾ ਜੀ ਦਾ ਨਾਂ ਵੀ ਲਿਆ। ਅਕਾਲੀ ਲੀਡਰਾਂ ਨੇ ਇਤਰਾਜ਼ ਕੀਤਾ। ਵਿਰੋਧਤਾ ਹਿੰਸਾ ਵਿਚ ਤਬਦੀਲ ਹੋ ਗਈ... ਬਾਬਾ ਲਛਮਣ ਦਾਸ ਦਾ ਕਤਲ ਹੋ ਗਿਆ। ਸਤਿਗੁਰ ਜੀ ਕੈਮਲਪੁਰ, ਉਸੇ ਗੁਰਦੁਆਰੇ ਉਤਾਰਾ ਕੀਤਾ। ਦੀਵਾਨ ਲੱਗਾ। ਸੰਗਤਾਂ ਬਹੁਤ ਉਤਸ਼ਾਹ ਨਾਲ ਆਈਆਂ। ਨਾਮਧਾਰੀ, ਅਕਾਲੀ, ਗ਼ੈਰ ਸਿੱਖ ਅਤੇ ਹਜ਼ਰੋਂ ਵਾਲਿਆਂ ਦੀ ਸੰਗਤ ਵੀ ਹੁੰਮਹੁੰਮਾ ਕੇ ਆਈ। ਦੂਜੇ ਦਿਨ ਅੱਗੇ ਚਾਲੇ ਪਾਣੇ ਸਨ। ਸੰਗਤਾਂ ਨੇ ਅਰਜ਼ ਕੀਤੀ ਸਤਿਗੁਰ ਜੀ...ਇਕ ਦਿਨ ਹੋਰ ਕਿਰਪਾ ਕਰੋ। ਅਗਲੇ ਦਿਨ ਫਿਰ, ਇਕ ਦਿਨ ਹੋਰ ਦੀ ਬੇਨਤੀ ਪਰਵਾਨ ਹੋਈ। ਤਿੰਨ ਦਿਨ ਬਸੰਤ ਦਾ ਮੇਲਾ ਕੈਮਲਪੁਰ ਭਰਿਆ।

ਹਜ਼ਰੋਂ ਬਾਬਾ ਵਜੀਰਾ, ਬਹੁਤ ਤਾਂਘ ਨਾਲ ਉਡੀਕ ਕਰ ਰਿਹਾ ਸੀ। ਸਤਿਗੁਰ ਜੀ ਸੁਨੇਹਾ ਘੱਲਿਆ, ਪਰਸੋਂ, ਸਵੇਰੇ ਚਲ ਕੇ ਨੌਂ ਵਜੇ ਹਜ਼ਰੋਂ ਪੁੱਜਾਂਗੇ। 11 ਵਜੇ ਵਾਲੀ ਟ੍ਰੇਨ 'ਤੇ ਵਾਪਸੀ ਹੈ...ਪ੍ਰਸ਼ਾਦਾ ਰਾਵਲਪਿੰਡੀ ਜਾ ਛਕਾਂਗੇ। ਸਿਦਕੀ ਬਾਬਾ ਵਜੀਰਾ, ਆਪਣੇ ਮਨ ਨਾਲ ਗੱਲਾਂ ਕਰਦਾ ਹੈ, ਮੇਲਾ ਬਸੰਤ ਦਾ ਮੰਗਿਆ ਸੀ। ਬਸ ਦੋ ਘੰਟੇ! ਹੇ ਸਤਿਗੁਰ! ਇਕ ਦਿਨ ਤਾਂ ਮੇਲਾ ਹੋਵੇ, ਖੁੱਲ੍ਹੇ ਦਰਸ਼ਨ ਸੰਗਤ ਕਰੇ।

ਅੰਦਰ ਦੀ ਤਾਂਘ 'ਅੰਤਰਯਾਮੀ' ਤਕ ਪਹੁੰਚ ਗਈ। ਕੈਮਲਪੁਰ ਤੋਂ ਟੁਰਨ ਲੱਗਿਆਂ, ਕਾਰ ਵਿਚ ਕੋਈ ਖਰਾਬੀ ਆ ਗਈ। ਠੀਕ ਕਰਾਉਂਦਿਆਂ, ਹਜ਼ਰੋਂ ਵਾਪਸੀ ਵਾਲੀ ਟ੍ਰੇਨ ਵੀ ਲੰਘ ਗਈ। ਬਾਬੇ ਵਜੀਰੇ ਦੀ ਮਨਸ਼ਾ ਪੂਰੀ ਹੋਈ। ਭਾਈ ਮੋਖੇ ਵਾਲੇ ਬਾਗ਼ ਵਿਚ, ਖੁੱਲ੍ਹੇ ਥਾਂ ਸ਼ਾਮਿਆਨੇ ਹੇਠ ਦੀਵਾਨ ਲੱਗਾ। ਚਕ੍ਰਵਰਤੀ ਜੀ ਨੇ, ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰ ਬਾਲਕ ਸਿੰਘ ਮਿਲਣ ਦਾ ਦ੍ਰਿਸ਼, ਭਾਵਪੂਰਨ ਢੰਗ ਨਾਲ ਸੁਣਾਇਆ...ਆਲਮ ਜੀ ਨੇ ਦੀਵਾਨ ਲਾਇਆ...ਇੰਦਰ ਸਿੰਘ ਢੋਲਕਈਏ ਨੇ ਬੜਾ ਰੰਗ ਬੰਨ੍ਹਿਆ। ਰਾਤ ਵੀ ਉਥੇ ਰਹਿ ਕੇ ਦੂਜੇ ਦਿਨ ਰਾਵਲਪਿੰਡੀ, ਸਰਦਾਰ ਆਤਮਾ ਸਿੰਘ ਦੇ ਘਰ ਜਾ ਡੇਰਾ ਲਾਇਆ।

ਸ਼ਾਹ ਦਰਵੇਸ਼...ਗੁਰੂਆਨ ਗੁਰੂ...ਸਤਿਗੁਰ ਪ੍ਰਤਾਪ ਸਿੰਘ ਜੀ ਦੇ ਨੇੜਿਉਂ, ਜਿਸ ਦੀਦਾਰੇ ਕੀਤੇ ਹਨ, ਉਹ ਕਹਿੰਦੇ ਹਨ, ਵੇਦਾਂਤ-ਵਾਕ—

ਬਜਰਾਦਪਿ ਕਠੋਰਾਨੀ ਮ੍ਰਿਦੁਲਾਨੀ ਕੁਸਮਾਦਪਿ॥

ਉਹ ਮਹਾਂਬਲੀ ਸਤਿਗੁਰ, ਬਜਰ ਤੋਂ ਵੀ ਕਠੋਰ ਸੀ ਅਤੇ ਫੁੱਲਾਂ ਤੋਂ ਵੀ ਨਰਮ ਦਿਲ...ਦਇਆ, ਕਰੁਣਾ ਦੀ ਮੂਰਤ ਸੀ...ਸ਼ਾਹ ਦਰਵੇਸ਼ ਸਤਿਗੁਰੂ ਪ੍ਰਤਾਪ ਸਿੰਘ ਜੀ...।

# ਇਹੁ ਜਗੁ ਤਾਗੋ ਸੂਤ ਕੋ ਭਾਈ

ਸਿਰਜਣਾ ਦਾ ਕੈਸਾ ਵਿਧਾਨ ਹੈ! ਗੁਰੂ ਨਾਨਕ ਪਾਤਸ਼ਾਹ, ਸ਼ਾਇਦ ਬਹੁਤ ਛੋਟੀ ਉਮਰੇ, ਕੁਦਰਤ ਦੀ ਵਿਸਮਾਦੀ ਸਿਰਜਣ ਵਿਵਸਥਾ ਵੇਖੀ। ਧਰਤੀ ਔਰ ਆਕਾਸ਼ ਦੇ ਦਰਮਿਆਂ, ਮਿੱਟੀ, ਪਾਣੀ, ਹਵਾ, ਅੱਗ ਅਤੇ ਆਕਾਸ਼ ਨੂੰ ਵੇਖਿਆ। ਸਾਰੇ ਬ੍ਰਹਮਾਂਡ ਵਿਚ ਖਿੱਲਰੇ, ਰਜੋ ਗੁਣ, ਤਮੋ ਗੁਣ ਅਤੇ ਸਤੋ ਗੁਣ ਵੇਖੇ। ਮਾਇਆ ਮਾਈ ਨੂੰ ਪੰਜ ਤੱਤ ਦਾ ਪੁਤਲਾ ਬਣੌਂਦਿਆਂ ਵੇਖਿਆ, ਉਸ ਪੁਤਲੇ ਵਿਚ ਤਿੰਨ ਗੁਣ ਪਾਉਂਦਿਆਂ ਵੇਖਿਆ। ਇਨ੍ਹਾਂ ਗੁਣਾਂ ਦੀ ਬੇਮੇਲ ਮਾਤਰਾ ਵਿਚ...ਅਨਿਯਮਿਤ ਮਾਤਰਾ ਵਿਚ, ਵਰਤੋਂ ਸਦਕਾ ਉੱਠਦੇ ਹੋਏ ਕ੍ਰੋਧ, ਕਲੇਸ਼, ਈਰਖਾ, ਦਵੇਸ਼ ਦੀ ਅੱਗ ਵਿਚ, ਸੜਦਿਆਂ ਵੇਖਿਆ। ਕੌਰਵਾਂ-ਪਾਂਡਵਾਂ ਮੱਧ, ਇਕ ਜੰਗ ਤਾਂ ਦੁਆਪਰ ਵਿਚ ਹੋਈ ਸੀ, ਪਰ ਹੁਣ ਕਲਜੁਗਿ ਵਿਚ, ਹਰ ਪਰਿਵਾਰ ਵਿਚ 'ਕਹਾਣੀ ਘਰ ਘਰ ਦੀ' ਰੂਪ ਵਿਚ ਮਹਾਂਭਾਰਤ ਵੇਖੀ।

ਇਕ ਪਾਸੇ ਸਿਰਜਨ ਹੋ ਰਿਹਾ ਹੈ, ਦੂਜੇ ਪਾਸੇ ਵਿਸਰਜਨ...ਵਿਨਾਸ਼ ਵੀ ਹੋ ਰਿਹੈ। ਕੈਸੀ ਖੇਡ ਖੇਡੀ ਜਾ ਰਹੀ ਹੈ...ਔਰ ਮਨੁੱਖ, ਹਾਲਾਤ ਅਤੇ ਵਕਤ ਦੀ ਭੀੜ ਵਿਚ ਧੱਕਿਆ ਜਾ ਰਿਹਾ ਹੈ, ਅਨਜਾਣ ਮੁਸਾਫ਼ਰ ਵਾਂਗ!

ਗੁਰੂ ਦਾ ਅਰਥ ਹੈ ਬੇਦ! ਗੁਰੂ ਦਾ ਅਰਥ ਹੈ, ਗਿਆਨ! ਭੋਗ, ਭੋਜਨ ਅਤੇ ਨੀਂਦ ਦਾ ਗਿਆਨ ਨਹੀਂ...ਇਹ ਤਾਂ ਪਸ਼ੂਆਂ-ਪੰਖੀਆਂ ਨੂੰ ਵੀ ਆਉਂਦਾ ਹੈ। ਗੁਰੂ, ਆਤਮ ਗਿਆਨ...ਆਤਮ ਚੇਤਨਾ ਦੇ ਉਸ ਖੰਡ ਤੇ ਮਨੁੱਖ ਨੂੰ ਲੈ ਜਾਂਦਾ ਹੈ, ਜਿਥੇ "ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥" ਉਸਾਰੇ ਵੀ ਜਾ ਰਹੇ ਹਨ, ਢਾਹੇ ਵੀ ਜਾ ਰਹੇ ਹਨ।

ਉਹ ਵਿਸਮਾਦੀ ਸਿੱਖਿਆ, ਉਹ ਅਬੁੱਝ ਦੀ ਸਮਝ, ਗੁਰੂ ਨਾਨਕ ਪਾਤਸ਼ਾਹ, ਸੋਰਠ ਰਾਗ ਵਿਚ ਉਚਾਰੇ ਹੋਏ ਮਹਾਂਵਾਕ ਵਿਚ ਦੇ ਰਹੇ ਹਨ—

ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ॥
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ॥

ਕਪਾਹ ਲਈ, ਸੂਤਰ ਬਣਾਇਆ, ਤਾਗਾ ਵੱਟਿਆ। ਫਿਰ ਮਾਈ ਆਈ ਔਰ ਉਸ ਤਾਗੇ ਨਾਲ ਸਾਰਾ ਸੰਸਾਰ ਬੰਨ੍ਹ ਦਿੱਤਾ। ਇਹ ਤਾਗਾ, ਮੋਹ ਦਾ ਹੈ...ਲੋਭ ਦਾ

ਹੈ, ਕ੍ਰੋਧ ਦਾ ਹੈ, ਕਾਮ ਦਾ ਹੈ। ਇਸ ਸੂਖਮ ਤਾਗੇ ਨਾਲ ਬੱਧੇ ਹੋਏ, ਪਰਿਵਾਰ ਹਨ, ਪੰਥ ਹਨ, ਦੇਸ਼ ਹਨ, ਦੁਨੀਆਂ ਹੈ। ਸਾਰਾ ਜਗ ਬੱਧਾ ਹੋਇਆ ਹੈ। ਪਰ, ਕਮਾਲ ਹੈ ਕਿਸੇ ਨੂੰ ਇਹ ਕੇਦਖਾਨਾ ਦਿੱਖ ਨਹੀਂ ਰਿਹਾ। ਧਰਤੀ, ਹਵਾ, ਦਰਿਆ, ਪਸ਼ੂ, ਪੰਖੀ, ਪਹਾੜ, ਕੋਈ ਗੁਰੂ ਨਾਨਕ ਦੇ ਇਸ ਸਿਧਾਂਤ ਤੋਂ ਵੱਖ ਨਹੀਂ। ਕੋਈ ਅਪਵਾਦ ਹੋ ਹੀ ਨਹੀਂ ਸਕਦਾ। ਇਕ ਪੱਥਰ ਅਸੀਂ ਦੇਖਦੇ ਹਾਂ। ਕੀ ਇਹ ਇਕੱਲਾ ਪੱਥਰ ਹੀ ਹੈ ਜਾਂ ਕਰੋੜਾਂ ਸੂਖਮ ਅਣੂ ਪਰਮਾਣੂ, ਇਕੱਠੇ ਹੋ ਗਏ ਹਨ ? ਇਕ ਠਾਠਾਂ ਮਾਰਦਾ ਸਮੁੰਦਰ ਹੈ ਜਾਂ ਅਸੰਖਾਂ ਜਲ ਦੀਆਂ ਬੂੰਦਾਂ ਇਕੱਠੀਆਂ ਹੋ ਗਈਆਂ ਹਨ ? ਇਸ ਬ੍ਰਹਮਾਂਡ ਦੇ ਸੂਰਜ, ਚੰਦ, ਧਰਤੀ, ਮੇਘ, ਮਯੂਰ, ਦਰਖ਼ਤ, ਪਰਿੰਦੇ...ਸਾਰੇ ਕਿਸੇ ਕਸ਼ਿਸ਼ ਵਿਚੋਂ ਹਨ...ਕਿਸੇ ਖਿੱਚ ਵਿਚ ਹਨ। ਇਕ ਅਦਿੱਖ ਤਾਗੇ ਵਿਚ ਬੱਧਾ ਹੋਇਆ ਬ੍ਰਹਮਾਂਡ!

ਪੁੰਨਿਆ ਦੇ ਦਿਨ ਸੰਪੂਰਨ ਚੰਦ ਨੂੰ ਵੇਖ, ਸਾਗਰ ਦਾ ਮਿਲਣ ਦੀ ਤਾਂਘ ਵਿਚ, ਜਵਾਰ ਭਾਟਾ ਰੂਪ ਵਿਚ ਉਤਾਂਹ ਨੂੰ ਹਿਲੋਰੇ ਮਾਰਨਾ...ਆਕਾਸ਼ ਵਿਚ ਮੇਘ ਨੂੰ ਵੇਖ ਕੇ, ਮੋਰਾਂ ਦਾ ਨੱਚਣ ਲਈ ਬੇਵੱਸ ਹੋ ਜਾਣਾ!...ਅੰਬਾਂ ਦੀ ਖ਼ੁਸ਼ਬੋ ਅਤੇ ਕੋਇਲ ਦੇ ਗੀਤਾਂ ਵਿਚ, ਅਦਿੱਖ ਤਾਗੇ ਦਾ ਬੰਧਨ ਹੀ ਕ੍ਰਿਆਸ਼ੀਲ ਹੁੰਦਾ ਹੈ।

ਗੁਰੂ ਨਾਨਕ, ਗੁਰੂ ਹਨ, ਗਿਆਨ ਹਨ, ਚੇਤਨਾ ਹਨ। ਗੁਰੂ ਤਾਂ ਸਿੱਖਿਆ ਹੈ ਅਨਾਹਤ ਧੁਨਿ ਨੂੰ ਸੁਣਨ ਦੀ, ਅਦਿੱਖ ਨੂੰ ਦੇਖਣ ਦੀ, ਬਾਜੀਗਰ ਦੀ ਹੱਥ ਚਲਾਕੀ ਵੇਖ ਕੇ, ਖੇਡ ਪ੍ਰਤੀ ਜਾਗ੍ਰਿਤ ਹੋ ਜਾਣ ਦੀ। ਅਸੀਂ ਕਹਿ ਸਕਦੇ ਹਾਂ ਕਿ ਘੱਟੋ ਘੱਟ ਹਿੰਦੁਸਤਾਨ ਦੀ ਧਰਤੀ ’ਤੇ ਸਾਧੂ, ਸੰਤ, ਰਿਸ਼ੀ, ਮੁਨੀ, ਸਤਿਗੁਰੂ ਵੱਲੋਂ ਦਿੱਤੀ ਸਿੱਖਿਆ, ਮਨੁੱਖ ਅੰਦਰ ਸੁੱਤੀ ਹੋਈ ਆਤਮ-ਚੇਤਨਾ ਨੂੰ ਸੱਜਗ-ਸਾਵਧਾਨ ਕਰਨ ਲਈ ਦਿੱਤੀ ਗਈ। ਪੱਛਮ ਦੀ ਸਿੱਖਿਆ ਅਤੇ ਭਾਰਤੀ ਧਰਮ ਗਿਆਨ ਵਿਚ, ਮੌਲਿਕ ਭੇਦ ਹੈ। ਯੂਨਾਨ ਵਿਚ ਸੁਕਰਾਤ ਨੇ ਸਿੱਖਿਆ ਦਿੱਤੀ, ਪਰ ਬਹੁਤ ਪਰਵਾਨ ਨਾ ਹੋਈ...ਪਲੇਟੋ ਦੀ ਸਿੱਖਿਆ ਵੀ ਬਹੁਤੀ ਪ੍ਰਭਾਅਕਾਰੀ ਨਾ ਹੋਈ। ਪਰ ਅੱਗੋਂ ਪਲੇਟੋ ਦੇ ਸ਼ਿਸ਼ ਅਰਸਤੂ ਦੀ ਸਿੱਖਿਆ ਕਿ ਨਵੀਂ ਪਨੀਰੀ ਨੂੰ ਊਰਜਾਵਾਨ, ਜਵਾਨ ਪੀੜ੍ਹੀ ਨੂੰ ਸੰਗਠਤ ਕਰੋ...ਉਹ ਤੁਹਾਡੀ ਵਿਚਾਰਧਾਰਾ ਨੂੰ ਦੂਰ-ਦੂਰ ਲੈ ਜਾ ਕੇ ਸਥਾਪਤ ਕਰ ਦੇਣਗੇ। ਸਿਕੰਦਰ ਨੇ ਜਵਾਨਾਂ ਨੂੰ ਸੰਗਠਤ ਕੀਤਾ, ਫ਼ੌਜ ਬਣਾਈ ਔਰ ਦੁਨੀਆਂ ਫਤਿਹ ਕਰਨ ਲਈ ਟੁਰ ਪਿਆ...ਹਜ਼ਾਰਾਂ ਲੱਖਾਂ ਲੋਗ ਮਰਵਾ ਦਿੱਤੇ। ਭਾਰਤ ਦੇ ਧਰਮ ਗ੍ਰੰਥਾਂ ਵਿਚ, ਵੇਦਾਂ-ਪੁਰਾਣਾਂ ਵਿਚ ਛੁਪੇ ਹੋਏ ਅਨੇਕਾਂ ਕੀਮਤੀ ਸੂਤਰਾਂ ਦਾ ਅਨੁਵਾਦ ਕਰਕੇ, ਆਪਣੇ ਮੁਲਕ ਨੂੰ ਲੈ ਜਾਣ ਲਈ, ਪੱਛਮੀ ਦੇਸ਼ਾਂ ਦੇ ਕਈ ਵਿਦਵਾਨ ਆਏ, ਪਰ ਉਸ ਦਿਵ ਗਿਆਨ ਤੋਂ ਦੁਨੀਆਂ ਦੇ ਜਨ-ਮਾਨਸ ਲਈ, ਲੋਕ-ਹਿਤ ਲਈ ਨਾ ਵਰਤ ਕੇ, ਆਪਣੀ ਪ੍ਰਭੁਤਾ ਨੂੰ ਕਾਇਮ ਕਰਨ ਲਈ ਵਰਤਿਆ। ਅਮਰੀਕਾ ਦਾ ‘ਓਪਨ ਹਾਈਮਰ’ ਹਿੰਦੁਸਤਾਨ ਆਇਆ। ਤਿੰਨ ਸਾਲਾਂ ਤਕ ਗੀਤਾ

ਦੇ ਸਲੋਕ ਸੁਣਦਾ ਰਿਹਾ, ਪੜ੍ਹਦਾ ਘੋਖਦਾ ਰਿਹਾ। ਜਦੋਂ ਦੂਜੇ ਅਧਿਆਇ ਦੇ 47ਵੇਂ ਸਲੋਕ ਦਾ ਅਰਥ ਜਾਣਿਆ ਤਾਂ ਖ਼ੁਸ਼ੀ ਨਾਲ ਉੱਛਲ ਪਿਆ। ਕਹਿੰਦੈ, ਇਸ ਸੂਤਰ ਬੋਧ ਦੇ ਆਧਾਰ 'ਤੇ ਮੈਂ ਐਟਮ ਬੰਬ ਬਣਾ ਸਕਦਾ ਹਾਂ। ਕਰਮ ਕਰੋ, ਫਲ ਦੀ ਕਾਮਨਾ ਤੋਂ ਰਹਿਤ...ਅਕਰਮ ਭਾਵ ਨਾਲ ਤਾਂ ਉਹ ਕਰਮ, ਸ੍ਰਿਸ਼ਟੀ ਦਾ ਨਿਰਮਾਣ ਜਾਂ ਵਿਨਾਸ਼ ਦੀ ਸ਼ਕਤੀ ਨਾਲ ਭਰ ਜਾਏਗਾ।

ਅਲਬਰਟ ਆਈਂਸਟੀਨ ਨੇ ਇਸੇ ਸਲੋਕ ਨੂੰ ਪੜ੍ਹਿਆ ਅਤੇ ਪਦਾਰਥ ਦੀ ਅਨੰਤ ਸ਼ਕਤੀ ਸਰੂਪ ਜ਼ੀਰੋ ਜਾਂ ਸੁੰਨ ਦਾ ਸਿਧਾਂਤ ਜਗ ਨੂੰ ਦਿੱਤਾ, "ਜੇ ਪਦਾਰਥ ਨੂੰ ਤੋੜ ਕੇ ਉਸ ਦਾ ਭਾਰ ਸੁੰਨ 'ਤੇ ਲਿਆਂਦਾ ਜਾ ਸਕੇ ਤਾਂ ਉਸ ਸੁੰਨ ਵਿਚ ਅਨੰਤ ਸ਼ਕਤੀ ਆ ਜਾਏਗੀ। ਓਪਨ ਹਾਈਮਰ ਨੇ ਗੀਤਾ ਗਿਆਨ ਨੂੰ ਤਕਨੀਕ ਰੂਪ ਵਿਕਸਿਤ ਕੀਤਾ। ਪਦਾਰਥ ਨੂੰ ਤੋੜ ਕੇ, ਉਸ ਦੇ ਅਖ਼ੀਰਲੇ ਸੂਖਮ ਅਣੂ ਤੋਂ 'ਅਣੂਬਮ' ਬਣਾ ਕੇ ਜਾਪਾਨ ਦੇ ਨਾਗਾਸਾਕੀ ਅਤੇ ਹਿਰੋਸ਼ਿਮਾ ਸ਼ਹਿਰ 'ਤੇ ਡੇਗੇ...ਲੱਖਾਂ ਲੋਕ ਮਾਰ ਦਿੱਤੇ। ਧਰਮ ਗਿਆਨ, ਗ਼ਲਤ ਹੱਥਾਂ ਵਿਚ ਚਲਾ ਗਿਆ ਤਾਂ ਵਿਨਾਸ਼ਕਾਰੀ ਸਾਬਤ ਹੋਇਆ।

ਭਾਰਤ ਦੇ ਵਸ਼ਿਸ਼ਠ ਗੁਰੂ ਨੇ, ਧਰਮ ਦੀ ਸਿੱਖਿਆ ਦਿੱਤੀ ਤਾਂ 'ਰਾਮ' ਬਣਾਇਆ। ਇਕ ਐਸਾ ਸੰਵੇਦਨਸ਼ੀਲ ਮਨੁੱਖ, ਜਿਸ ਨੂੰ ਮਤਰੇਈ ਮਾਂ ਕੈਕਈ ਵੀ ਕਹਿੰਦੀ ਹੈ, "ਭਰਤ ਨੂੰ ਰਾਜਗੱਦੀ ਮਿਲੇ ਅਤੇ ਰਾਮ ਨੂੰ ਚੌਦਾਂ ਸਾਲਾਂ ਦਾ ਜੰਗਲਵਾਸ" ਤਾਂ ਰਾਮ ਕਹਿੰਦੇ ਹਨ, ਬਸ ਏਨੀ ਨਿੱਕੀ ਜਿਹੀ ਗੱਲ ਪਿੱਛੇ ਮੇਰੇ ਪਿਤਾ ਚਿੰਤਤ ਹਨ, ਉਦਾਸ ਹਨ—

ਜਉ ਪਿਤੁ ਮਾਤੁ ਕਹੇਊ ਬਨ ਜਾਨਾ॥
ਤਉ ਕਾਨੁਨ ਸਤ ਅਵਧ ਸਮਾਨਾ॥

ਜੇ ਪਿਤਾ-ਮਾਤਾ ਜੰਗਲ ਜਾਣ ਦਾ ਹੁਕਮ ਦੇਣ ਤਾਂ ਉਹ ਜੰਗਲ ਮੇਰੇ ਲਈ, ਸੌ ਅਯੋਧਿਆ ਦੇ ਸਮਾਨ ਖ਼ੁਸ਼ੀਆਂ ਭਰਿਆ ਹੋਵੇਗਾ।

ਅੱਧੀ ਰਾਤ, ਰਾਮ, ਲਛਮਣ ਅਤੇ ਸੀਤਾ ਨੂੰ ਰੱਥ 'ਤੇ ਬਿਠਾ ਕੇ, ਸੁਮੰਤ੍ਰ ਜੀ ਗੰਗਾ ਕਿਨਾਰੇ ਛੱਡ ਆਏ। 'ਨਿਸ਼ਾਦਰਾਜ' ਕੋਲ ਰਹਿ ਕੇ, ਅੱਗੇ ਇਕ ਰਾਤ ਮਹਾਂਰਿਸ਼ੀ ਭਾਰਦਵਾਜ ਦੇ ਆਸ਼ਰਮ ਰਹੇ। ਦੂਜੇ ਦਿਨ ਸਵੇਰੇ, ਅਗਲੀ ਯਾਤਰਾ 'ਤੇ ਚਾਲੇ ਪਾਉਣ ਲੱਗਿਆਂ, ਭਾਰਦਵਾਜ ਜੀ ਨੇ ਸਵਸਤੀਵਾਚਨ (ਅਰਦਾਸ) ਕੀਤਾ। ਜਦੋਂ ਬੋਲੇ—"ਜੰਬੂ ਦਵੀਪੇ, ਭਰਤ ਖੰਡੇ, ਆਰਿਆਵਰਤੇ ਦੇਸ਼ਾਂਤਰ ਗਤੇ" ਤਾਂ "ਭਰਤ ਖੰਡੇ" ਸ਼ਬਦ ਸ੍ਰੀ ਰਾਮ ਨੇ ਸੁਣਿਆ...ਅੱਖਾਂ ਵਿਚ ਹੰਝੂ ਆ ਗਏ।

ਇਹ ਕੀ ਰਾਮ! ਤੇਰੀਆਂ ਅੱਖਾਂ ਵਿਚ ਇਹ ਹੰਝੂ ? ਕੁਝ ਨਹੀਂ, ਗੁਰੂ ਜੀ— ਰਾਮ ਬੋਲੇ, ਬਸ ਭਰਤ ਸੁਣਿਆ, ਤਾਂ ਭਰਾ ਭਰਤ ਦੀ ਯਾਦ ਆ ਗਈ। ਜਿਸ ਭਰਤ ਨੂੰ, ਰਾਜਗੱਦੀ ਦੇਣ ਦੀ ਲਾਲਸਾ ਕਰ ਕੇ, ਰਾਮ ਨੂੰ ਬਨਵਾਸ ਮਿਲਿਆ, ਉਸ ਪ੍ਰਤੀ ਵੀ ਕਿਤਨੀ ਸੰਵੇਦਨਸ਼ੀਲਤਾ ? ਕਿਤਨਾ ਪ੍ਰੇਮ ?

ਇਹ ਪ੍ਰਸੰਗ, ਭਾਰਤੀ ਗੁਰੂ ਦੀ ਸਿੱਖਿਆ ਦਾ ਇਕ ਦ੍ਰਿਸ਼ਟਾਂਤ ਹੈ।

ਤਾਂ ਗੁਰੂ ਨਾਨਕ ਕਹਿੰਦੇ ਹਨ, ਇਹ ਤਾਗਾ, ਮਾਇਆ ਨੇ ਬੱਧਾ ਹੈ। ਇਹ ਬੰਧਨ ਹੈ। ਇਸ ਬੰਧਨ ਨੂੰ ਜਿਹੜਾ ਗੁਰੂ ਪਿਆਰਾ ਤੋੜ ਸਕੇ, ਉਹ ਬੰਧਨ ਮੁਕਤ...ਮੋਖ਼ਸ਼ ਦਾ ਅਧਿਕਾਰੀ ਹੋ ਸਕਦਾ ਹੈ।

ਬੰਧਨ ਤੋਰਿ ਭਏ ਨਿਰਵੈਰ॥

ਇਹ ਬੰਧਨ ਪ੍ਰੇਮੀ ਵੀ ਬਣਾਉਂਦਾ ਹੈ...ਪ੍ਰੇਮ ਨਿਸਫਲ ਹੋ ਜਾਏ ਤਾਂ ਵੈਰੀ ਵੀ ਬਣਾਉਂਦਾ ਹੈ। ਦੋਹਾਂ ਪਾਸੇ ਸੱਟ ਮਾਰਦਾ ਹੈ।

ਪੰਜਵੇਂ ਪਾਤਸ਼ਾਹ ਸੰਥਾ ਦਿੰਦੇ ਹਨ—

ਪੰਚ ਪੂਤ ਜਣੇ ਇਕ ਮਾਇ॥
ਉਤਭੁਜ ਖੇਲ ਕਰਿ ਜਗਤ ਵਿਆਇ॥
ਤੀਨਿ ਗੁਣਾ ਕੈ ਸੰਗਿ ਰਚਿ ਰਸੇ॥
ਇਨ ਕਉ ਛੋਡਿ ਊਪਰਿ ਜਨ ਬਸੇ॥

ਇਕ ਮਾਈ (ਮਾਇਆ) ਨੇ ਮਿੱਟੀ ਨਾਲ ਖੇਡ ਕੀਤੀ, ਪੰਜ ਪੁੱਤਰ ਜੰਮੇ। ਤਿੰਨ ਗੁਣ, ਰਜ ਗੁਣ, ਤਮ ਗੁਣ ਅਤੇ ਸਤਿ ਗੁਣ ਦੀ ਰਜ਼ਾ ਅਨੁਸਾਰ ਇਹ ਵਰਤਦਾ ਹੈ, ਜੀਵਨ ਭੋਗਦਾ ਹੈ। ਮੇਰੇ ਭਾਈ ਜਨੋ! ਸਿੱਖੋ! ਇਸ ਪ੍ਰਪੰਚ ਨੂੰ ਸਮਝ ਪਰਖ ਲਵੋ। ਇਨ੍ਹਾਂ ਨੂੰ ਛੱਡ, ਗਿਆਨ ਦੇ ਉਪਰਲੀ ਪਉੜੀ ’ਤੇ ਪੈਰ ਰੱਖੋ। ਇਹ ਜਿਹੜੀਆਂ ਮਨੁੱਖੀ ਕਮਜ਼ੋਰੀਆਂ ਮੰਨੀਆਂ ਜਾਂਦੀਆਂ ਹਨ—ਲੋਭ, ਮੋਹ, ਹੰਕਾਰ, ਕ੍ਰੋਧ, ਕਾਮ...ਇਹ ਥੱਲੇ ਰਹਿ ਜਾਂਦੀਆਂ ਹਨ, ਜਦੋਂ ਪੈਰ ਉਪਰਲੇ ਪਾਇਦਾਨ ’ਤੇ ਸਥਾਪਤ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ, ਬਗ਼ਦਾਦ ਸ਼ਹਿਰ ਤੋਂ ਬਾਹਰ ਵੱਲ ਜਾਂਦਿਆਂ ਇਕ ਘਟਨਾ ਘਟੀ। ਮਾਰਗ ’ਤੇ ਜਾਂਦਿਆਂ, ਇਕ ਵਿਗੜਿਆ ਹੋਇਆ ਨੌਜਵਾਨ, ਕਮਰ ’ਤੇ ਤਲਵਾਰ ਬੰਨ੍ਹੀ ਹੋਈ, ਨਵੇਂ ਬੰਕੇ ਘੋੜੇ ਨੂੰ ਦੌੜਾਉਂਦਾ ਹੋਇਆ ਲੰਘਿਆ। ਰਕਾਬ ’ਤੇ ਰੱਖੇ ਹੋਏ ਪੈਰ ਨਾਲ, ਭਾਈ ਮਰਦਾਨਾ ਜੀ ਨੂੰ ਧੱਕਾ ਲੱਗਾ...ਡਿੱਗ ਪਿਆ। ਉੱਠ ਕੇ ਮਿੱਟੀ ਲੱਗੇ ਹੱਥ ਪੈਰ, ਕੱਪੜੇ ਝਾੜੇ ਤੇ ਕੁਝ ਮੰਦਾ-ਫਿੱਕਾ ਵੀ, ਉਸ ਹੰਕਾਰੀ ਜਵਾਨ ਬਾਬਤ ਬੋਲੇ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਨਾ ਭਾਈ! ਉਸ ਦੇ ਕੀਤੇ ਹੋਏ ਕਰਮਾਂ ਦਾ ਫਲ, ਉਸ ਨਾਲ ਹੀ ਰਹਿਣਾ ਹੈ। ਕਿਸੇ ਦਾ ਬੁਰਾ ਨਹੀਂ ਮੰਗਣਾ।

ਕੁਝ ਕੁ ਦੇਰ ਵਿਚ, ਉਹੋ ਜਵਾਨ ਘੋੜੇ ਨੂੰ ਸਿਰ ’ਤੇ ਚੁੱਕਿਆ ਹੋਇਆ ਆਉਂਦਾ ਦਿਸਿਆ।

ਕਿਉਂ ਭਾਈ, ਕੀ ਹੋਇਆ ?

ਜੀ ਇਕ ਖੱਡ ਨਹੀਂ ਟੱਪ ਸਕਿਆ...ਡਿੱਗ ਪਿਆ, ਇਕ ਪੈਰ ਘੋੜੇ ਦਾ ਟੁੱਟ ਗਿਆ ਹੈ।

ਤਾਂ ਗੁਰੂ ਨਾਨਕ ਪਾਤਸ਼ਾਹ ਨੇ ਬਾਣੀ ਉਚਾਰੀ, ਰਾਮਕਲੀ ਰਾਗ ਵਿਚ—

ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ॥
ਗਰਬ ਨਾ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ॥

ਕੋਈ ਹੰਕਾਰ ਨਾ ਕਰੇ। ਇਹ ਨਾ ਹੋਵੇ, ਜਿਸ ਦਾ ਹੰਕਾਰ ਕਰ ਰਹੇ ਹਾਂ, ਉਹੋ ਸਿਰ ਦਾ ਭਾਰ ਬਣ ਜਾਏ।

ਤਾਂ ਸਤਿਗੁਰ ਸਿੱਖਿਆ ਦਿੰਦੇ ਹਨ—

ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ॥

ਮਾਈ ਨੇ ਖੇਡ ਖੇਡੀ ਹੈ। ਦਸਾਂ ਦਿਸ਼ਾਵਾਂ ਵਿਚ ਵਸਦੇ ਜੀਆਂ ਨੂੰ, ਬਾਰੀਕ ਤਾਗੇ ਨਾਲ ਬੰਧਿਆ ਹੋਇਆ ਹੈ। ਜਿਹੜਾ ਇਸ ਬੰਧਨ ਨੂੰ ਵੇਖ ਲਏਗਾ, ਮਾਇਆ ਦਾ ਪ੍ਰਪੰਚ ਜਾਣ ਲਏਗਾ, ਉਹ ਆਜ਼ਾਦ ਹੋਣ ਲਈ ਮਸ਼ੱਕਤ ਆਰੰਭ ਕਰੇਗਾ...।

# ਵਿਸਾਖੀ : ਇਕ ਕ੍ਰਾਂਤੀ

ਹਵਾ, ਪੁਰਵਈਆ ਦੇ ਰੂਪ ਵਿਚ ਸਹਜ ਸਹਜ ਵਗਦੀ ਰਹਿੰਦੀ ਹੈ...ਜੀਵਨ ਦੇ ਸੁਖੇਵੇਂ ਅਹਿਸਾਸ ਵਿਚ ਖੇੜੇ ਦਾ ਸਪਰਸ਼ ਕਰਾਉਂਦੀ ਹੋਈ। ਪਰ, ਕੁਦਰਤ ਦੇ ਕਈ ਤੱਤ, ਪ੍ਰਤੀਰੋਧ ਵਿਚ ਹਵਾ ਦੇ ਅੰਦਰ ਹੀ ਕ੍ਰਿਆਸ਼ੀਲ ਰਹਿੰਦੇ ਹਨ ਅਤੇ ਅਵਸਰ ਵੇਖ ਕੇ, ਪੱਛਮੀ ਵਿਛੋਭ ਦੇ ਰੂਪ ਵਿਚ ਚਕ੍ਰਵਾਤੀ ਬਵੰਡਰ ਬਣ ਕੇ ਉੱਠ ਖਲੋਂਦੇ ਹਨ, ਵਿਸਾਖੀ ਦਿਹਾੜੇ ਵਾਂਗ।

1699 ਦੀ ਵਿਸਾਖੀ ਜਾਂ 1857 ਦੀ ਵਿਸਾਖੀ ਨੂੰ, ਮੈਂ ਚਕ੍ਰਵਾਤੀ ਬਵੰਡਰ ਦੇ ਰੂਪ ਵਿਚ ਵੇਖਦਾ ਹਾਂ।

ਸੰਨ 1675! ਬਾਲ ਗੋਬਿੰਦ ਰਾਏ, ਗੁਰੂ ਪਿਤਾ ਦਾ ਕੱਟਿਆ ਹੋਇਆ ਸੀਸ ਵੇਖ ਕੇ, ਵੀਚਾਰਾਂ ਦੀ ਤੇਜ਼ ਹਨੇਰੀ ਵਿਚ ਇਕੱਲੇ ਖੜ੍ਹੇ ਹਨ। ਘਰ ਵਿਚ ਬਸ ਦੋ ਔਰਤਾਂ ਹਨ, ਇਕ ਮਾਤਾ ਗੂਜਰੀ, ਦੂਜੀ ਦਾਦੀ ਮਾਤਾ ਨਾਨਕੀ ਜੀ! ਕੋਈ ਹੋਰ, ਹੌਸਲਾ ਦੇਣ ਵਾਲਾ ਨਹੀਂ। ਸਗੇ ਤਾਏ ਦਾ ਲੜਕਾ ਧੀਰਮੱਲ, ਔਰੰਗਜ਼ੇਬ ਨਾਲ ਮਿਲ ਕੇ, ਗੁਰੂ ਘਰ ਵਿਰੋਧੀ ਸਾਜ਼ਿਸ਼ਾਂ ਲਗਾਤਾਰ ਕਰ ਰਿਹਾ ਸੀ। ਨੌਵੇਂ ਪਾਤਸ਼ਾਹ ਦੀ ਸ਼ਹਾਦਤ, ਧੀਰਮੱਲ ਦੀਆਂ ਚਾਲਾਂ ਦਾ ਹੀ ਅੰਜਾਮ ਸੀ। ਗੁਰੂ ਨਾਨਕ ਦੇ ਜਾਂ ਨਸ਼ੀਨ 'ਹਿੰਦੁਨ ਪੀਰ' ਕਹਿ ਕੇ ਸੰਬੋਧਤ ਕੀਤੇ ਜਾਂਦੇ ਸਨ। ਹਿੰਦੂ ਪਹਾੜੀ ਰਾਜਿਆਂ ਦਾ ਮੁਖੀ, ਭੀਮਚੰਦ ਕਹਿਲੂਰੀਆ, ਬਿਲਾਸਪੁਰ ਦਾ ਰਾਜਾ, ਰੋਜ਼ ਕੁਝ ਨਾ ਕੁਝ ਸ਼ਰਾਰਤ ਛੇੜਛਾੜ ਕਰਦਾ ਰਹਿੰਦਾ। ਨਾਹਨ ਦਾ ਰਾਜਾ ਮੇਦਨੀ ਪ੍ਰਕਾਸ਼, ਗੁਰੂ ਗੋਬਿੰਦ ਸਿੰਘ ਨੂੰ ਨਾਲ ਹੀ ਲੈ ਗਿਆ। ਪਾਂਵਟੇ, ਜਮੁਨਾ ਕੰਢੇ ਡੇਰਾ ਕਰਵਾਇਆ। ਸਤਿਗੁਰਾਂ ਨੇ ਬਹੁਤ ਜਤਨ ਕੀਤੇ, ਕਿਵੇਂ ਵੀ ਕਰ ਕੇ, ਹਿੰਦੂ ਸ਼ਕਤੀ ਨੂੰ ਇਕ ਜੁੱਟ ਰੱਖ ਸਕੀਏ। ਮੇਦਨੀ ਪ੍ਰਕਾਸ਼ ਅਤੇ ਗਢਵਾਲੀ ਰਾਜਾ ਫਤਿਹ ਸ਼ਾਹ ਨੂੰ, ਜੱਫੀ ਪਾ ਕੇ ਵੈਰੀ ਤੋਂ ਭਾਈ ਬਣਾ ਦਿੱਤਾ। ਪਰ, ਥੋੜ੍ਹੇ ਸਮੇਂ ਮਗਰੋਂ ਹੀ, ਪਹਾੜੀ ਰਾਜਿਆਂ ਦੀ ਫੌਜ (ਇਕ ਮੇਦਨੀ ਪ੍ਰਕਾਸ਼ ਨੂੰ ਛੱਡ ਕੇ) ਨੇ ਭੰਗਾਣੀ ਦੀ ਜੰਗ ਝੋਂਕ ਦਿੱਤੀ। ਸਤਿਗੁਰਾਂ ਦੀ ਜਿੱਤ ਹੋਈ। ਨਦੌਣ ਦੀ ਜੰਗ, ਪਹਾੜੀ ਰਾਜਿਆਂ ਅਤੇ ਅਲਫਖਾਨ ਵਿਚ ਹੋਈ। ਫਿਰ ਲਾਹੌਰ ਤੋਂ ਆਏ ਹੁਸੈਨੀ ਨਾਲ, ਪਹਾੜੀ ਰਾਜਿਆਂ ਦੀ ਜੰਗ ਹੋਈ। ਦੋਵੇਂ ਜੰਗਾਂ, ਸਤਿਗੁਰ ਜੀ ਦੀ ਸਹਾਇਤਾ ਨਾਲ, ਪਹਾੜੀ ਰਾਜਿਆਂ ਦੀ ਜਿੱਤ ਹੋਈ। ਸੰਨ 1699 ਦੀ ਵਿਸਾਖੀ ਤੇ ਰਿਵਾਲਸਰ ਸਾਰੇ ਪਹਾੜੀ ਰਾਜੇ ਇਕੱਠੇ ਹੋਏ। ਸਤਿਗੁਰ ਜੀ ਨੇ

'ਹਿੰਦੂ ਸ਼ਕਤੀ' ਦੀ ਏਕਤਾ ਦੀ ਤਜ਼ਵੀਜ ਵੀ ਰੱਖੀ। ਪਰ ਫਿਰ ਪਹਾੜੀ ਰਾਜਿਆਂ ਨੇ, ਦਿੱਲੀ, ਲਾਹੌਰ ਦੀ ਮੁਗ਼ਲ ਫ਼ੌਜਾਂ ਨਾਲ ਮਿਲ ਕੇ ਆਨੰਦਪੁਰ ਨੂੰ ਘੇਰ ਲੈਣ ਦੇ ਮਨਸੂਬੇ ਬਣਾਏ...ਕੇਸਰੀ ਚੰਦ ਦੀ ਅਗਵਾਈ ਵਿਚ ਫ਼ੌਜਾਂ ਨੇ ਸ੍ਰੀ ਅਨੰਦਪੁਰ ਸਾਹਿਬ ਘੇਰ ਲਿਆ। ਸ਼ਰਾਬ ਪਿਆ ਕੇ ਹਾਥੀ ਛੱਡਿਆ। ਸਤਿਗੁਰਾਂ ਦਾ ਥਾਪੜਾ ਲੈ ਕੇ, ਭਾਈ ਬਚਿੱਤਰ ਸਿੰਘ ਨੇ ਹਾਥੀ ਮਾਰਿਆ। ਸ਼ਾਂਤੀ ਵਾਰਤਾ, ਸਮਝੌਤਾ...ਕੁਝ ਕੰਮ ਨਾ ਆਇਆ ਤਾਂ ਕੁਦਰਤ ਅੰਦਰ ਇਕ ਬਵੰਡਰ, ਇਕ ਝੰਝਾਵਤ ਉੱਠ ਖਲੋਤਾ ਔਰ 'ਖਾਲਸਾ ਸਿਰਜਣਾ' ਦੇ ਰੂਪ ਵਿਚ ਪ੍ਰਗਟ ਹੋਇਆ। ਵਿਸਾਖੀ 1699, ਕ੍ਰਾਂਤੀ ਬਿੰਬ ਬਣ ਗਈ।

158 ਸਾਲ ਮਗਰੋਂ ਸੰਨ 1857 ਤਕ ਸਪਤ ਸਿੰਧ ਦਾ ਬਹੁਤ ਪਾਣੀ ਵਗ ਗਿਆ। ਸਿਆਸੀ ਸਮੀਕਰਨ ਦੇ ਨਾਲ ਨਾਲ ਭੂਗੋਲਿਕ ਤਲ 'ਤੇ ਬਹੁਤ ਕੁਝ ਬਦਲ ਗਿਆ। ਸੰਨ 1708 ਦੇ ਨਾਂਦੇੜ ਕੌਤਕ ਤੋਂ ਬਾਦ, ਸਿੱਖਾਂ ਦੇ ਸਿਰ 'ਤੇ ਜ਼ਾਹਰ 'ਗੁਰੂ' ਨਾ ਰਹੇ ਤਾਂ ਸਿੱਖੀ ਰਹਿਤ ਮਰਿਆਦਾ, ਰਹੁ ਰੀਤਾਂ, ਸਭਿਆਚਾਰਕ ਕਦਰਾਂ ਕੀਮਤਾਂ, ਹੌਲੀ ਹੌਲੀ ਸਭ ਕਿਤੇ ਪਿੱਛੇ ਡਿੱਗ ਪਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕੇ, ਸਿੱਖ ਸੂਰਬੀਰਤਾ ਭਰੇ ਇਤਿਹਾਸ...ਸਭ ਕੁਝ ਗਵਾਚ ਗਿਆ। ਆਪਣੇ ਹੀ ਸਿੱਖ ਰਾਜੇ-ਮਹਾਰਾਜੇ, ਲੀਡਰ ਸਾਹਿਬਾਨ, ਲਿਖਾਰੀ, ਪ੍ਰਚਾਰਕ...ਬਹੁਤੇ ਅੰਗਰੇਜ਼ੀ ਪੈਸ਼ਨਾਂ ਦੇ ਭੋਗ-ਲੋਭ ਵਿਚ, ਬ੍ਰਿਟਿਸ਼ ਹਕੂਮਤ ਦੇ ਚਾਟੂਕਾਰ ਬਣ ਗਏ ਸਨ। ਸੰਨ 1845 ਤੋਂ ਸੰਨ 1857 ਤਕ 12 ਸਾਲ, ਅਕਾਲ ਬੁੰਗੇ ਜਾਂ ਕਿਤੇ ਭੈਣੀ ਦੇ ਰੇਤੀਲੇ ਟਿੱਬਿਆਂ 'ਤੇ ਆਤਮ ਚਿੰਤਨ ਵਿਚ ਮਗਨ, ਇਕੱਲੇ ਸਤਿਗੁਰੂ ਰਾਮ ਸਿੰਘ! ਕੁਦਰਤ ਕ੍ਰਿਆਸ਼ੀਲ ਹੋ ਰਹੀ ਸੀ...ਨਵੀਂ ਊਰਜਾ ਦਾ ਸਿਰਜਣ ਕਰ ਰਹੀ ਸੀ। ਤਾਂ ਵਿਸਾਖੀ 1857 ਇਕ ਕ੍ਰਾਂਤੀ ਬਣ ਕੇ ਜਗ ਪ੍ਰਗਟ ਹੋਈ...ਖਾਲਸਾ ਫੇਰ ਜੀਵਤ ਹੋਇਆ। ਸਿੱਖੀ ਸਰੂਪ, ਸੂਰਬੀਰਤਾ, ਰਹਿਤ, ਪੰਜ ਕਕਾਰਾਂ ਅਤੇ ਦਸਮ ਗੁਰੂ ਦੀ ਮਰਿਆਦਾ ਵਾਲਾ 'ਸੰਤ ਖਾਲਸਾ', ਪੂਰਨ ਸਿੱਖੀ ਸ਼ਾਨ ਸਹਿਤ ਫਿਰੰਗੀਆਂ ਨੂੰ ਵੰਗਾਰਨ ਲੱਗਾ।

ਗੁਰੂ ਨਾਨਕ ਤੋਂ ਆਰੰਭ, ਵਰਤਮਾਨ ਸਤਿਗੁਰੂ ਤਕ ਸਿੱਖ ਫ਼ਲਸਫ਼ਾ, ਬੰਦੇ ਨੂੰ ਇਨਸਾਨ ਬਣਾਉਣ ਲਈ ਪ੍ਰਤੀਬੱਧ ਰਿਹਾ ਹੈ। ਸ੍ਰੀ ਗੁਰੂ ਨਾਨਕ ਦਾ ਸੰਕਲਪ "ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ" ਨੂੰ ਸਮਰਪਤ ਹੈ। ਬੰਦੇ ਨੂੰ ਵਿਚਾਰ ਮੁਕਤ ਕਰ ਕੇ, ਜੀਵਾਤਮਾ ਨਾਲ, ਜੋਤਿ ਨਾਲ, ਪ੍ਰੀਚੈ ਕਰਵਾਉਣਾ ਅਤੇ ਫਿਰ ਅਗਲਾ ਕਦਮ, ਜੀਵ-ਬ੍ਰਹਮ ਦਾ ਮਿਲਾਪ ਸੰਭਵ ਹੋਣਾ...ਇਹੋ ਸਿੱਖ ਧਰਮ ਦਰਸ਼ਨ ਹੈ।

ਪੰਜਵੇਂ ਪਾਤਸ਼ਾਹ, ਮਾਝ ਰਾਗ ਵਿਚ ਬਾਰਹ ਮਾਹਾ ਉਚਾਰਦੇ ਹਨ—

ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥

ਇਹ ਜੀਵਨ, ਮਿਲਣ ਦੀ ਘੜੀ ਬਣ ਜਾਏ। ਕੋਈ ਗੁਰੂ, ਕੋਈ ਸੰਤ, ਹਰੀ ਮਿਲਾ ਦੇਵੇ।

ਉਹ ਹਰੀ ਕਿੱਥੇ ਹੈ ? ਜਨਕ ਦੀ ਸਭਾ ਵਿਚ, ਗਾਰਗੀ, ਯੱਗਵਲੱਕ ਰਿਸ਼ੀ ਤੋਂ ਪੁੱਛਦੀ ਹੈ, ਕਹਿੰਦੇ ਹਨ, ਪਾਣੀ ਜੀਵਨ ਹੈ। ਇਹ ਸੁੱਕ ਕੇ ਕਿੱਥੇ ਜਾਂਦਾ ਹੈ ?

'ਵਾਯੂ ਵਿਚ', ਯੱਗਵੱਲਕ ਜੀ।

ਔਰ ਵਾਯੂ ?—ਗਾਰਗੀ।

'ਬ੍ਰਹਮਾਂਡ ਵਿਚ'—ਰਿਸ਼ੀ ਯੱਗਵਲੱਕ।

ਫਿਰ ਬ੍ਰਹਮਾਂਡ ?—ਗਾਰਗੀ।

'ਬ੍ਰਹਮ ਵਿਚ'—ਉਤਰ।

ਔਰ ਬ੍ਰਹਮ ?—ਆਖਰੀ ਪ੍ਰਸ਼ਨ।

'ਜਨ ਵਿਚ'—ਯੱਗਵਲੱਕ।

ਤਾਂ ਪੰਜਵੇਂ ਪਾਤਸ਼ਾਹ, 'ਸੁਖਮਨੀ' ਵਿਚ ਇਹ ਰਹੱਸ ਖੋਲ੍ਹਦੇ ਹਨ—

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥
ਏਕਹਿ ਆਪਿ ਨਹੀ ਕਛੁ ਭਰਮੁ॥

ਜੁਗਾਂ ਤੋਂ ਦੁਨੀਆਂ ਦੇ ਗੁਰੂ ਜਨ, ਇਸ 'ਸਤਿ' ਨੂੰ ਪੜ੍ਹਦੇ ਰਹੇ, ਪੜ੍ਹਾਉਣ ਦਾ ਜਤਨ ਕਰਦੇ ਰਹੇ। ਸਿਖਿਆਰਥੀ, ਆਪਣੀ ਮਤਿ ਅਨੁਸਾਰ ਅਰਥ ਬੋਧ ਕਰਦੇ ਰਹੇ। ਯੂਨਾਨ ਵਿਚ, ਸੁਕਰਾਤ ਨੇ ਬਹੁਤ ਕੁਝ ਕਿਹਾ, ਪਲੇਟੋ ਨੇ ਦੱਸਿਆ। ਅਰਸਤੂ ਦੇ ਦੱਸੇ ਹੋਏ 'ਸਤਿ' ਨੂੰ ਸ਼ਕਤੀ ਰੂਪ ਵਿਚ ਸਵੀਕਾਰ ਕਰ ਕੇ, ਸਿਕੰਦਰ ਦੁਨੀਆਂ ਜਿੱਤਣ ਲਈ ਟੁਰ ਪਿਆ। ਲੱਖਾਂ ਲੋਕ ਮਾਰੇ ਗਏ। ਇਕ ਗ਼ਲਤ ਅਰਥ ਬੋਧ ਨੇ ਅਨਰਥ ਕਰ ਦਿੱਤਾ।

ਅੱਠ ਵਰ੍ਹਿਆਂ ਦਾ 'ਨਾਨਕ' ਜਨੇਊ ਗਲ ਪਾਉਣ ਤੋਂ ਨਾਂਹ ਕਰ ਦਿੰਦਾ ਹੈ। ਜੁਗਾਂ ਪੁਰਾਣੀ ਪਰੰਪਰਾ ਨੂੰ, ਮਨੁੱਖੀ ਸਮਾਜ ਪ੍ਰਤੀ, ਜੀਵ ਮਾਤਰ ਪ੍ਰਤੀ, ਦਇਆ ਅਤੇ ਕਰੁਣਾ ਦੇ ਸੰਦਰਭ ਵਿਚ, ਸਵੀਕਾਰ ਕਰਨ ਲਈ ਤਿਆਰ ਹਨ, ਘਿਸੀ ਪਿਟੀ ਹੋਈ ਪਰੰਪਰਾ ਦੇ ਨਿਰਵਾਹ ਨੂੰ ਤੋੜ ਕੇ, ਦੁਨੀਆਂ ਨੂੰ ਸੁਖੀ, ਕਰਨ ਲਈ ਨਿਕਲ ਪੈਂਦੇ ਹਨ। ਇਹ ਕ੍ਰਾਂਤੀ ਸੀ। ਸੰਨ 1674 ਵਿਚ, ਪੰਡਤ ਕਿਰਪਾ ਰਾਮ ਦੀ ਅਗੁਵਾਈ ਵਿਚ ਕਸ਼ਮੀਰੀ ਬ੍ਰਾਹਮਣਾਂ ਦਾ ਇਕ ਜੱਥਾ, ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਕੋਲ ਮੁਗ਼ਲ ਅੱਤਿਆਚਾਰ ਦੇ ਵਿਰੁੱਧ, ਜਬਰਨ ਧਰਮ ਪ੍ਰੀਵਰਤਨ ਦੇ ਵਿਰੁੱਧ ਫ਼ਰਿਆਦ ਕਰਦੇ ਹਨ ਤਾਂ ਅੱਠ ਵਰ੍ਹੇ ਦਾ ਬਾਲਕ ਗੋਬਿੰਦ ਰਾਏ, ਆਪਣੇ ਹੀ ਗੁਰੂ ਪਿਤਾ ਤੋਂ ਸੁਣਦਾ ਹੈ ਕਿ ਧਰਮ ਕੁਰਬਾਨੀ ਮੰਗਦਾ ਹੈ...ਕਿਸੇ ਮਹਾਂਪੁਰਖ ਦੀ ਸ਼ਹਾਦਤ ਮੰਗਦਾ ਹੈ ਤਾਂ ਗੋਬਿੰਦ ਰਾਏ ਕਹਿੰਦਾ ਹੈ, ਪਿਤਾ ਜੀ, ਆਪ ਤੋਂ ਵੱਡਾ ਮਹਾਂਪੁਰਖ...ਆਪ

ਜਿਹਾ ਪਵਿੱਤਰ, ਇਸ ਸ਼ਹਾਦਤ ਲਈ ਹੋਰ ਕੌਣ ਹੋ ਸਕਦਾ ਹੈ ? ਇਹ ਕ੍ਰਾਂਤੀ ਸੀ।

ਤਾਂ, ਮੈਂ ਕਹਿੰਦਾ ਹਾਂ, ਵਿਸਾਖੀ, ਮਾਤਰ ਇਕ ਪੁਰਬ ਦਿਹਾੜਾ ਨਹੀਂ ਹੈ, ਕਰੋੜਾਂ ਮਨੁੱਖਾਂ ਦੇ ਨਾਲ, ਪ੍ਰਾਣੀ ਮਾਤਰ ਦੇ ਨਾਲ ਸੰਵੇਦਨਸ਼ੀਲ ਹੋ ਕੇ, ਖਲੋ ਜਾਣ ਦਾ ਦਿਹਾੜਾ ਹੈ। ਸੰਸਾਰ ਦੇ ਲੋਭ ਜਾਂ ਭੈਅ ਨੂੰ ਉਡਾ ਕੇ, ਦੁਖੀਆਂ, ਮਜਲੂਮਾਂ ਦੇ ਨਾਲ ਟੁਰ ਪੈਣ ਦਾ ਖਿਣ ਹੈ।

ਰਵਿੰਦਰਨਾਥ ਟੈਗੋਰ ਦੇ ਸ਼ਬਦਾਂ ਵਿਚ—

ਜੋਦਿ ਤੋਰ ਡਾਕ ਸੁਣੇ ਕੋਊ ਨ ਆਸੇ
ਤੋਬੇ ਏਕਲਾ ਚਲੋ ਰੇ।

ਜੇ ਤੇਰੀ ਪੁਕਾਰ ਜਗ ਨਾ ਸੁਣੇ, ਕੋਈ ਨਾਲ ਨਾ ਆਵੇ ਤਾਂ ਇਕੱਲਾ ਤੁਰ ਪਓ।

# ਸਿੱਖ ਧਰਮ ਦਰਸ਼ਨ

ਫ਼ਲਸਫ਼ਾ ਜਾਂ ਦਰਸ਼ਨ, ਧਰਮ ਸੰਪਰਦਾ ਦੀ ਵਿਚਾਰਧਾਰਾ, ਅਕੀਦਾ, ਜੀਵ ਬ੍ਰਹਮ ਰਿਸ਼ਤਿਆਂ ਦੀ ਸ਼ਨਾਖਤ, ਮਨੁੱਖੀ ਜੀਵਨ, ਆਚਾਰ, ਆਹਾਰ, ਕਰਮ, ਪੁਨਰ ਜਨਮ, ਮੋਖ਼ਸ਼ ਆਦਿ ਦੇ ਸੰਦਰਭ ਵਿਚ, ਕੁਝ ਨਿਸ਼ਚਿਤ ਮਾਨਤਾਵਾਂ ਨੂੰ ਪ੍ਰਗਟ ਕਰਦਾ ਹੈ। ਹਜ਼ਾਰਾਂ ਸਾਲਾਂ ਤੋਂ ਇਹੋ ਫ਼ਲਸਫ਼ਾ ਜਾਂ ਵਿਚਾਰਧਾਰਾ ਨੂੰ ਵਸੀਲਾ ਬਣਾ ਕੇ ਬਸਤੀਵਾਦੀ ਆਕਾਂਖੀ, ਕਈ ਹਮਲਾਵਰ ਆਏ। ਮੁਗ਼ਲ ਹਮਲਾਵਰ ਜਦੋਂ ਆਉਂਦੇ ਤਾਂ ਫ਼ੌਜਾਂ ਦੇ ਨਾਲ ਨਾਲ, ਕਈ ਤਥਾਕਥਿਤ ਆਲਿਮ ਫ਼ਾਜ਼ਿਲ ਅਤੇ ਸੂਫ਼ੀ ਫ਼ਕੀਰ ਵੀ ਲਿਆਉਂਦੇ ਰਹੇ। ਹਥਿਆਰਾਂ ਦੇ ਸਿਰ ’ਤੇ, ਉਸ ਮੁਲਕ ਦੇ ਭੂਗੋਲ ਅਤੇ ਸਿਆਸਤ ਤੇ ਕਾਬਜ਼ ਹੋਣਾ ਅਤੇ ਵਿਦਵਾਨਾਂ, ਲਿਖਾਰੀਆਂ, ਸੂਫ਼ੀ ਫ਼ਕੀਰਾਂ ਦੇ ਸਿਰ ’ਤੇ, ਉਸ ਮੁਲਕ ਦੇ ਬਾਸ਼ਿੰਦਿਆਂ ਦੇ ਦਿਮਾਗ਼ ਜਾਂ ਵਿਚਾਰਾਂ ਨੂੰ ਸਾਫ਼ ਕਰ ਕੇ, ਆਪਣਾ ਅਕੀਦਾ, ਇਬਾਦਤ, ਰਹੁ-ਰੀਤਾਂ ਨੂੰ ਥੋਪ ਕੇ ਸਦੀਵੀ ਗੁਲਾਮ ਬਣਾਇਆ ਜਾ ਸਕੇ। ਅੰਗਰੇਜ਼ੀ ਹਕੂਮਤ ਤਾਂ ਬਾਕਾਇਦਾ, ਬ੍ਰਿਟਿਸ਼ ਪਾਰਲੀਆਮੇਂਟ ਵਿਚ ਚਾਰਟਰ ਐਕਟ 1913 ਪਾਸ ਕਰਵਾ ਕੇ, ਹਿੰਦੁਸਤਾਨ ਦੇ ਤਕਰੀਬਨ ਹਰ ਸਟੇਟ ਵਿਚ, ਭਰਪੂਰ ਪ੍ਰਚਾਰ ਸਮੱਗਰੀ ਅਤੇ ਪ੍ਰਚਾਰਕ ਭੇਜੇ। ਇਹ ਵਿਚਾਰਧਾਰਾ ਦੀ ਬਸਤੀਵਾਦੀ ਤਕਨੀਕ ਹੈ ਸੀ। ਦੂਜੇ ਦੀ ਵਿਚਾਰਧਾਰਾ, ਅਕੀਦਾ ਜਾਂ ਫ਼ਲਸਫ਼ੇ ਦਾ ਖੰਡਨ ਕਰ ਕੇ ਆਪਣੀ ਵਿਚਾਰਧਾਰਾ ਨੂੰ ਸਥਾਪਿਤ ਕਰਨਾ।

ਭਗਵਾਨ ਬੁੱਧ ਦੇ ਬੋਧ ਧਰਮ ਫ਼ਲਸਫ਼ੇ ਨੂੰ ਵੀ, ਧਰਮ ਰੂਪਾਂਤਰਣ ਜਾਂ ਧਰਮ ਪ੍ਰੀਵਰਤਨਕਾਰੀ ਵਿਚਾਰਧਾਰਾ ਮੰਨਿਆ ਗਿਆ ਹੈ। ਜਦੋਂ ਪ੍ਰੇਰਿਆ ਜਾਂਦਾ ਹੈ ਕਹਿਣ ਲਈ, ‘ਬੁੱਧੰ ਸ਼ਰਣਮ ਗੱਛਾਮਿ’, ‘ਧੱਮਮ ਸ਼ਰਣਮ੍ ਗੱਛਾਮੀ’ ਜਾਂ ‘ਸੰਘਮ ਸ਼ਰਣਮ ਗੱਛਾਮਿ’ ਤਾਂ ਅਰਥ ਹੈ, ਬੁੱਧ ਦੀ ਸ਼ਰਣ ਜਾ ਰਿਹਾ ਹਾਂ, ਧੱਮ ਅਰਥਾਤ ਬੁੱਧ ਵਿਚਾਰਾਂ ਫ਼ਸਲਫ਼ੇ ਵਾਲਾ ਗ੍ਰੰਥ, ਧੱਮਪਦ ਦੀ ਸ਼ਰਣ ਜਾ ਰਿਹਾ ਹਾਂ...ਸੰਘ ਅਰਥਾਤ ਬੋਧ ਧਰਮ ਸਮਾਜ ਦੀ ਸ਼ਰਣ ਜਾ ਰਿਹਾਂ। ਇਹ ਕ੍ਰਿਆ ਧਰਮ ਪ੍ਰੀਵਰਤਨਕਾਰੀ ਕ੍ਰਿਯਾ ਮੰਨੀ ਗਈ।

ਜੀ. ਡਬਲਯੂ. ਲੈਟਨਰ, “ਕਿੰਗਸ ਕਾਲੇਜ” ਇੰਗਲੈਂਡ ਦਾ ਪ੍ਰੋਫ਼ੈਸਰ ਸੀ। ਬਹੁਤ ਵੱਡਾ ਵਿਦਵਾਨ ਅਤੇ ਕੂਟਨੀਤਿਗ! ਕਹਿੰਦੇ ਹਨ, ਪੰਜਾਬੀ ਸਹਿਤ ਦੁਨੀਆਂ ਦੀਆਂ 50 ਭਾਸ਼ਾਵਾਂ ਬਹੁਤ ਸਹਿਜੇ ਬੋਲ ਲਿਖ ਸਕਦਾ ਸੀ। ਬ੍ਰਿਟਿਸ਼ ਹਕੂਮਤ ਨੇ ਉਸ ਨੂੰ ਕਿਹਾ, ਹਿੰਦੁਸਤਾਨ ਦੇ ਸਾਰੇ ਸਟੇਟ ਤਾਂ ਅਧੀਨ ਹੋ ਗਏ, ਪਰ ਪੰਜਾਬੀਆਂ ਦੀ ਅਣਖ ਜਾਂ ਸਵੈਮਾਣ, ਸਾਡੇ ਅਧੀਨ ਨਹੀਂ ਹੋ ਰਿਹਾ। ਤੁਸੀਂ ਕੋਈ ਜੁਗਤ ਬਣਾਓ...ਕੋਈ

ਸ਼ਾਸਨ ਨੀਤੀ, ਜੋ ਪੰਜਾਬ ਨੂੰ ਅਧੀਨ ਰੱਖ ਸਕੀਏ। ਪ੍ਰੋ. ਲੈਟਨਰ ਨੇ 6 ਵਰ੍ਹੇ ਪੰਜਾਬ ਦੇ ਪਿੰਡਾਂ, ਗੁਰਦੁਆਰਿਆਂ, ਮੰਦਰਾਂ ਅਤੇ ਮਸੀਤਾਂ ਨੂੰ, ਪੰਜਾਬੀ ਭੇਖ ਧਾਰ ਕੇ ਵੇਖਿਆ। ਗੁਰਦੁਆਰਿਆਂ ਵਿਚ ਪੰਜ ਗ੍ਰੰਥੀਆਂ ਦਾ ਪਾਠ, ਸਮੂਹਕ ਸ਼ਬਦ ਗਾਇਨ ਅਤੇ ਸਿੱਖ ਸੂਰਬੀਰਤਾ ਭਰੇ ਇਤਿਹਾਸ ਦੇ ਪ੍ਰਸੰਗ ਪੜ੍ਹਾਏ ਅਤੇ ਸੁਣਾਏ ਜਾਂਦੇ ਵੇਖੇ। ਮੰਦਰਾਂ ਦੀਆਂ ਪਾਠਸ਼ਾਲਾਵਾਂ, ਮਸੀਤਾਂ ਦੇ ਮਦਰੱਸਿਆਂ ਵਿਚ ਚੱਲ ਰਹੀਆਂ ਸਿੱਖਿਆਵਾਂ, ਨਿੱਕਿਆਂ ਤੋਂ ਹੀ ਬੱਚਿਆਂ ਵਿਚ, ਧਰਮ ਬੋਧ, ਸਭਿਆਚਾਰ, ਸਦਾਚਾਰ, ਰਾਸ਼ਟਰ ਭਗਤੀ ਅਤੇ ਸੂਰਬੀਰਤਾ, ਸਵੈਮਾਣ ਦੇ ਪੰਜਾਬੀ ਅਤੀਤ ਨਾਲ ਜੁੜਦਿਆਂ ਵੇਖਿਆ। ਪ੍ਰੋ. ਲੈਟਨਰ ਨੇ ਰਿਪੋਰਟ ਵਿਚ ਸਪੱਸ਼ਟ ਲਿਖਿਆ, "ਜੇ ਪੰਜਾਬ ਨੂੰ ਅਧੀਨ ਰੱਖਣਾ ਹੈ ਤਾਂ ਇਨ੍ਹਾਂ ਨੂੰ ਵਿਰਸੇ ਤੋਂ ਤੋੜਣਾ ਪਵੇਗਾ...ਇਨ੍ਹਾਂ ਦੇ ਹੱਥਾਂ 'ਚੋਂ ਪੰਜਾਬੀ ਕੈਦੇ, ਗੁਟਕੇ, ਇਤਿਹਾਸਕ ਪ੍ਰਸੰਗਾਂ ਦੀਆਂ ਪੋਥੀਆਂ ਖੋਹ ਕੇ, ਬਾਈਬਲ ਦੀਆਂ ਟੂਕਾਂ ਅਤੇ ਪ੍ਰਭੂ ਜੀਸਸ ਦੇ ਪ੍ਰਸੰਗਾਂ ਵਾਲੀਆਂ ਬੁਕਲੇਟਸ ਫੜਾਉਣੀਆਂ ਲਾਜ਼ਮੀ ਹੈ। ਇਹ ਸਾਜ਼ਿਸ਼, ਸਿਖ ਧਰਮ ਫ਼ਲਸਫ਼ਾ, ਮਰਿਆਦਾ ਅਤੇ ਮਾਨਤਾਵਾਂ ਨੂੰ ਬਾਹਰ ਕੱਢ ਕੇ, ਅੰਗਰੇਜ਼ੀ ਵਿਚਾਰਧਾਰਾ, ਫ਼ਲਸਫ਼ੇ ਨੂੰ ਬਾਲ ਬੁੱਧੀ ਵਿਚ ਸਥਾਪਤ ਕਰਨਾ ਸੀ। ਪ੍ਰੋ. ਲੈਟਨਰ ਦੀ ਸਿਫਾਰਿਸ਼ ਦੇ ਅਨੁਰੂਪ ਹੀ ਸਰਕਾਰੀ ਨੀਤੀਆਂ ਬਣੀਆਂ ਅਤੇ ਫਿਰ 1834 ਵਿਚ ਲਾਰਡ ਮੈਕਾਲੇ ਦੀ ਨਵੀਂ ਸਿੱਖਿਆ ਪ੍ਰਣਾਲੀ ਲਾਗੂ ਹੋਈ। ਪੰਜਾਬੀਆਂ ਦਾ ਬ੍ਰੇਨ ਵਾਸ਼ ਕਰ ਕੇ, ਸਿੱਖ ਧਰਮ ਦਰਸ਼ਨ, ਪੰਜਾਬੀ ਜੀਵਨ ਸ਼ੈਲੀ, ਅਕੀਦਾ ਖੋਹ ਕੇ, ਅੰਗਰੇਜ਼ੀ ਧਰਮ ਫ਼ਲਸਫ਼ਾ ਸਥਾਪਿਤ ਕਰਨ ਦੀ ਚਾਲ ਆਰੰਭ ਹੋਈ। ਸੰਨ 1857 ਤੋਂ 1863, ਪੰਜ ਸਾਲ ਸਤਿਗੁਰੂ ਰਾਮ ਸਿੰਘ ਨੇ, ਪਿੰਡਾਂ-ਪਿੰਡਾਂ ਤੇ ਸ਼ਹਿਰਾਂ, ਕਸਬਿਆਂ ਦੇ ਦੌਰੇ ਕੀਤੇ। ਪੰਜਾਬੀ ਫ਼ਲਸਫ਼ਾ ਅਤੇ ਸਿੱਖ ਧਰਮ ਦਰਸ਼ਨ ਤੇ ਹੋ ਰਹੇ ਇਸ ਗੁਪਤ ਹਮਲੇ ਨੂੰ ਸਮਝਿਆ। ਪੰਜਾਬ ਵਿਚ ਚੱਲ ਰਹੇ ਕਈ 'ਗਿਰਜਾ ਘਰ' ਅਤੇ ਈਸਾਈ ਮਿਸ਼ਨਰੀ ਸਕੂਲ ਵੇਖੇ। ਉਹਨਾਂ ਦੀ ਸਿੱਖਿਆ ਸਮੱਗਰੀ, ਵਿਸ਼ਾ ਅਤੇ ਪਾਠਕ੍ਰਮ ਵੇਖੇ। ਪ੍ਰੋ. ਮੈਕਾਲੇ ਦਾ ਇਹ ਦਾਅਵਾ ਸੱਚਾ ਲੱਗਾ ਕਿ ਮੇਰੀ ਸਿੱਖਿਆ ਪ੍ਰਣਾਲੀ ਅਧੀਨ, ਜੇ ਦੋ ਪੀੜ੍ਹੀਆਂ ਪੜ੍ਹ ਜਾਣ ਤਾਂ ਅੱਗੋਂ ਉਨ੍ਹਾਂ ਦੀ ਸੰਤਾਨ, ਤੀਜੀ ਪੀੜ੍ਹੀ ਨਿਸ਼ਚਿਤ ਈਸਾਈ ਮੱਤ ਵਾਲੀ ਹੀ ਜੰਮੇਗੀ। ਸਤਿਗੁਰੂ ਰਾਮ ਸਿੰਘ ਜੀ ਨੇ ਦੀਵਾਨ ਬੂਟਾ ਸਿੰਘ ਦਾ ਛਾਪਾਖਾਨਾ, ਲਾਹੌਰ ਤੋਂ ਸਿੱਖ ਧਰਮ ਦਰਸ਼ਨ, ਸਿੱਖ ਇਤਿਹਾਸ, ਗੁਰਬਾਣੀ ਦੇ ਗੁਟਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਵੇਂ ਸੰਸਕਰਣ ਛਪਵਾ ਕੇ, ਘਰੋ-ਘਰ ਪਹੁੰਚਾਏ ਅਤੇ ਆਪ ਪਿੰਡ-ਪਿੰਡ ਜਾ ਕੇ ਪੰਜਾਬੀਆਂ ਨੂੰ ਪ੍ਰੇਰ ਕੇ, ਆਪਣੇ ਅਮੀਰ ਵਿਰਸੇ ਨਾਲ ਜੋੜਿਆ।

ਗੁਰੂ ਨਾਨਕ ਤੋਂ ਆਰੰਭ, ਸਿੱਖ ਧਰਮ ਦਰਸ਼ਨ ਕਿਤੇ ਵੀ 'ਧਰਮਾਂਤਰਣ' ਨੂੰ ਉਤਸ਼ਾਹਤ ਨਹੀਂ ਕਰਦਾ। ਹਿੰਦੂ ਹੈ ਤਾਂ ਸੱਚਾ ਹਿੰਦੂ ਬਣੇ, ਮੁਸਲਮਾਨ ਹੈ ਤਾਂ ਸੱਚਾ ਮੁਸਲਮਾਨ ਬਣੇ, ਖ਼ੁਦਾ ਰਸੂਲ ਦੀ ਸਿਰਜੀ ਹੋਈ ਖ਼ੁਦਾਈ ਪ੍ਰਤੀ ਈਮਾਨ ਰੱਖੇ।

ਸਿੱਖ ਧਰਮ, ਸਾਰੀ ਧਰਤੀ ਨੂੰ, ਇਸ ਤੇ ਵਸਦੇ ਜੀਆਂ ਨੂੰ ਇਕ ਰਿਸ਼ਤੇ ਵਿਚ ਵੇਖਦਾ ਹੈ। ਵੱਖਵਾਦ ਅਤੇ ਭਿੰਨ ਭੇਦ ਨੂੰ ਤੋੜਦਾ ਹੈ..."ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥" ਦਾ ਸੁਨੇਹਾ, ਦੁਨੀਆਂ ਵਿਚ ਪਹੁੰਚਾਉਂਦਾ ਹੈ।

ਵੈਦਿਕ ਕਾਲ ਵਿਚ 'ੳਂ' ਦੀ ਘੋਸ਼ਣਾ ਹੋਈ। ਇਹ ਸ੍ਰਿਸ਼ਟੀ ਦੀ ਸਿਰਜਣਾ, ਪਾਲਣਾ ਅਤੇ ਵਿਨਾਸ਼ ਦਾ ਪ੍ਰਤੀਕ ਸਵੀਕਾਰ ਹੋਇਆ। ਇਹ ਇਕ ਸਰਬ ਸਾਂਝਾ, ਰੱਬ ਦਾ ਪ੍ਰਤੀਕ ਸ਼ਬਦ ਸੀ। ਵੈਦਿਕ ਕਾਲ, ਆਰੀਆਂ ਦੇ ਆਗਮਨ ਤੋਂ ਤਕਰੀਬਨ ਇਕ ਹਜ਼ਾਰ ਸਾਲ ਮਗਰੋਂ ਆਰੰਭ ਹੋਇਆ ਮੰਨਿਆ ਜਾਂਦਾ ਹੈ। ਉਦੋਂ ਅਜੇ ਹਿੰਦੂ, ਮੁਸਲਮਾਨ, ਯਹੂਦੀ, ਈਸਾਈ, ਕੋਈ ਧਰਮ ਸੰਪਰਦਾ ਨਹੀਂ ਸੀ। ਬੱਸ, ਮਨੁੱਖ ਸੀ, ਜੰਗਲਾਂ ਵਿਚ, ਪ੍ਰਕ੍ਰਿਤੀ ਨਾਲ ਤਾਲਮੇਲ ਬਣਾਉਂਦਾ ਹੋਇਆ, ਜੰਗਲ ਦੇ ਹਿੰਸਕ ਜੀਆਂ ਤੋਂ ਸੁਰੱਖਿਆ ਦੀ ਜੁਗਤ ਕਰਦਾ ਅਤੇ ਫਿਰ ਰੋਜ਼ੀ ਰੋਟੀ ਦੀ ਤਲਾਸ਼ ਵਿਚ ਭਟਕਦਾ ਹੋਇਆ ਮਨੁੱਖ। ਵੇਦਾਂ ਦੀ ਸਿਰਜਣਾ ਹੋਈ। ਪਰਮੇਸ਼ਰ ਲਈ 'ਬ੍ਰਹਮ' ਸ਼ਬਦ ਆਇਆ। ਜਿਹੜੇ ਬੌਧਿਕ ਤਲ 'ਤੇ 'ਬ੍ਰਹਮ' ਦੀ ਖੋਜ ਕਰਨ ਲੱਗੇ, ਉਹ 'ਬ੍ਰਾਹਮਣ' ਕਹੇ ਗਏ। ਖੇਤਰ ਦੀ ਅਰਥਾਤ ਰਾਜ ਸੀਮਾ ਦੀ ਰੱਖਿਆ ਕਰਨ ਵਾਲੇ ਖੱਤਰੀ ਕਹਿਲਾਏ। ਵਿਵਸਾਇ ਜਾਂ ਵਾਪਾਰ ਕਰਨ ਵਾਲੇ ਵੈਸ਼ਯ ਅਤੇ ਸੇਵਾ ਸਫ਼ਾਈ ਵਾਲੇ ਸ਼ੂਦਰ ਕਹੇ ਗਏ। ਇਵੇਂ 'ਵਰਣ' ਬਣੇ।

ਜਦੋਂ ਹਿੰਦੁਸਤਾਨ ਵਿਚ ਵਰਣ ਵਿਵਸਥਾ ਵਿਕਸਿਤ ਹੋ ਰਹੀ ਸੀ, ਉਦੋਂ ਤਕਰੀਬਨ ਚਾਰ ਹਜ਼ਾਰ ਸਾਲ ਪਹਿਲਾਂ, ਮੱਧ ਏਸ਼ੀਆ ਵਿਚ 'ਹਜ਼ਰਤ ਇਬ੍ਰਾਹਿਮ' ਹੋਏ। ਪਹਿਲੀ ਘਰ ਵਾਲੀ 'ਸਰਾਂ' ਤੋਂ ਕੋਈ ਔਲਾਦ ਨਾ ਹੋਈ। ਦੂਜੇ ਸੇਵਾ ਲਈ ਆਈ 'ਹਾਜਰਾ' ਨਾਲ ਮੇਲ ਹੋਇਆ। ਇਸਮਾਈਲ ਦਾ ਜਨਮ ਹੋਇਆ। ਕੁਦਰਤ ਦਾ ਸੰਜੋਗ ਬਣਿਆ, ਪਹਿਲੀ ਔਰਤ 'ਸਰਾਂ' ਦੀ ਕੁੱਖੋਂ ਵੀ ਇਕ ਪੁੱਤਰ 'ਇਸਹਾਕ' ਦਾ ਜਨਮ ਹੋਇਆ। ਅੱਗੇ ਚੱਲ ਕੇ ਇਸਮਾਈਲ ਤੋਂ ਯਹੂਦੀ ਧਰਮ ਅਤੇ ਇਸਹਾਕ ਤੋਂ ਇਸਲਾਮ ਧਰਮ ਤੁਰਿਆ। ਯਹੂਦੀ ਧਰਮ ਵਿਚ ਹੀ, ਸਮਾਂ ਪਾ ਕੇ ਜੀਸਸ ਜਾਂ ਯਿਸੂ ਹੋਏ, ਜਿਨ੍ਹਾਂ ਤੋਂ 'ਯਰੂਸ਼ਲੇਮ' ਤੋਂ ਈਸਾਈ ਧਰਮ ਆਰੰਭ ਹੋਇਆ। ਇਕੋ ਹਜ਼ਰਤ ਇਬ੍ਰਾਹਿਮ ਦੇ ਵੰਸ਼ਜ, ਤਿੰਨ ਧਰਮ ਸੰਪਰਦਾਵਾਂ ਬਣਾ ਕੇ, ਦੁਨੀਆਂ ਨੂੰ ਅਧੀਨ ਕਰਨ ਲਈ ਜ਼ੋਰ ਅਜ਼ਮਾਇਸ਼ ਕਰਦੇ ਰਹੇ। ਅੱਜ ਇਹ ਧਰਮ ਦੇ ਨਾਂ 'ਤੇ ਸਾਰੇ ਇਕ ਦੂਜੇ ਦੇ ਖ਼ਿਲਾਫ਼ ਖੜ੍ਹੇ ਹਨ।

ਗੁਰੂ ਨਾਨਕ ਦਾ ਫ਼ਲਸਫ਼ਾ, ਦੁਨੀਆਂ ਦਾ ਨਿਵੇਕਲਾ ਅਤੇ ਪਹਿਲਾ ਫ਼ਲਸਫ਼ਾ ਹੈ, ਜਿਸ ਨੇ ਆਪਣੀ ਗੱਲ '੧ੴ' ਤੋਂ ਆਰੰਭ ਕੀਤੀ। 'ੳ' ਵੈਦਿਕ ਗਿਆਨ ਤੋਂ ਉਪਜਿਆ, ਇਕ ਨਾਦ ਰੂਪ ਧੁਨੀ ਸੀ। ਪਰਮੇਸ਼ਰ ਲਈ, ਇਹ ਸਭ ਤੋਂ ਵੱਧ ਬਿੰਬਾਤਮਕ ਸ਼ਬਦ ਸੀ। ਗੁਰੂ ਨਾਨਕ ਪਾਤਸ਼ਾਹ ਨੇ, ਉਸ ਓਂਕਾਰ ਸ਼ਬਦ ਨੂੰ

ਨਿਰੰਕਾਰ ਦੇ ਬਿੰਬ ਰੂਪ ਵਿਚ ਵਰਤਿਆ, ਨਾਲ ੧ ਲਾਇਆ। ਉਹ ਸ੍ਰਿਸ਼ਟੀ ਦਾ ਸੁਆਮੀ ਇਕ ਹੈ। ਸਾਰੀ ਸ੍ਰਿਸ਼ਟੀ, ਇਕ ਅਦਿੱਖ ਧਾਗੇ ਵਿਚ ਬੱਝੀ ਹੋਈ ਹੈ। ਇਹ ਧਾਗਾ 'ਮਾਇਆ' ਹੈ। ਇਹ ਮਾਇਆ ਵੀ ਪਰਮੇਸ਼ਰ ਆਪ ਰਚੀ। 'ਸਾਂਖਯ ਦਰਸ਼ਨ' ਦੇ ਦ੍ਰਸ਼ਟਾ ਮਹਾਰਿਸ਼ੀ ਕਪਿਲ, ਸ੍ਰਿਸ਼ਟੀ ਨੂੰ ਪ੍ਰਕ੍ਰਿਤੀ ਕਹਿੰਦੇ ਹਨ। ਪਰਮੇਸ਼ਰ 'ਪੁਰਖ' ਹੈ।

ਤਾਂ ਗੁਰੂ ਨਾਨਕ ਪਾਤਸ਼ਾਹ ਸੋਰਠ ਰਾਗ ਵਿਚ ਗਾਉਂਦੇ ਹਨ—

ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ॥

ਇਹ ਬਾਰੀਕ ਤੰਦ, ਇਹ ਤਾਗਾ, ਪ੍ਰਕਿਰਤੀ ਹੈ, ਮਾਇਆ ਹੈ। ਸਾਰਾ ਜਗ ਇਕ ਤਾਗੇ ਵਿਚ ਬੱਝਾ ਹੋਇਆ ਹੈ। ਇਕ ਨਿੱਕਾ ਜਿਹਾ ਫੁੱਲ ਦਾ ਬੂਟਾ! ਉਸ ਦੀ ਸ਼ਾਖ 'ਤੇ ਲੱਗਾ ਫੁੱਲ ਤੋੜਿਆ...ਬੂਟਾ ਕੰਬ ਗਿਆ। ਉਸ ਦਾ ਇਹ ਕਾਂਬਾ, ਇਹ ਕੰਪੰਨ, ਇਹ ਵਾਈਬ੍ਰੇਸ਼ਨ ਧਰਤੀ ਦੇ ਉੱਤਰੀ ਦੱਖਣੀ ਪੋਲ ਤਕ, ਪੂਰਬ ਤੋਂ ਪੱਛਮ ਤਕ, ਉਸੇ ਖਿਣ ਪਹੁੰਚ ਗਈ। ਅੱਜ ਵਿਗਿਆਨ ਕਹਿੰਦਾ ਹੈ, ਗੁਰੂ ਨਾਨਕ ਦਾ ਇਹ ਮਹਾਂਵਾਕ ਸੱਤ ਹੈ। ਅਸੀਂ ਜਿਸ ਨੂੰ ਚੇਤਨ ਊਰਜਾ ਕਹਿੰਦੇ ਹਾਂ, ਸਤਿਗੁਰ ਉਸ ਨੂੰ ਮਾਈ ਜਾਂ ਮਾਇਆ ਕਹਿੰਦੇ ਹਨ।

ਗੁਰੂ ਨਾਨਕ ਪਾਤਸ਼ਾਹ ਦਾ ਦੂਜਾ ਫ਼ਲਸਫ਼ਾ, ਹਰ ਜੀਅ ਵਿਚ, ਹਰ ਜੜ੍ਹ ਜਾਂ ਚੇਤਨ ਪਦਾਰਥ ਵਿਚ, ਪਰਮੇਸ਼ਰ ਮੌਜੂਦ ਹੈ। ਹਰ ਪਾਸੇ, ਹੇ ਨਿਰੰਕਾਰ ਤੂੰ ਹੀ ਤੂੰ ਹੈ। ਇਹ ਸੂਰਜ, ਚੰਦ, ਆਕਾਸ਼, ਮੰਡਲ, ਸੱਤ ਦਵੀਪਾਂ ਵਾਲੀ ਧਰਤੀ, ਜਲ, ਹਵਾ, ਅਗਨ...ਇਨ੍ਹਾਂ ਸਾਰਿਆਂ ਵਿਚ ਤੂੰ ਹੀ ਹੈਂ। ਜਦੋਂ ਇਹ ਸਾਰੇ ਬਿਨਸ ਜਾਣਗੇ...ਸੂਰਜ, ਚੰਦ, ਧਰਤੀ—ਕੁਝ ਨਾ ਰਹੇਗਾ...ਹੇ ਨਿਰੰਕਾਰ, ਉਦੋਂ ਵੀ ਤੂੰ ਹੀ ਰਹੇਂਗਾ।

ਪ੍ਰਮੁੱਖ ਸਿੱਖ ਵਿਦਵਾਨ ਡਾ. ਜਸਵੰਤ ਸਿੰਘ ਨੇਕੀ ਲਿਖਦੇ ਹਨ, ਭਾਈ ਵੀਰ ਸਿੰਘ ਜੀ ਦੀ ਕੋਠੀ, ਭਾਈ ਵੀਰ ਸਿੰਘ ਮਾਰਗ (ਲਾਰੰਸ ਰੋਡ), ਅੰਮ੍ਰਿਤਸਰ ਹੈ। ਵੱਡਾ ਜਿਹਾ ਬਗੀਚਾ। ਅਸੀਂ ਉਨ੍ਹਾਂ ਦੇ ਵਿਦਿਆਰਥੀ ਸਾਂ। ਇਕ ਦਿਨ ਬਾਗ਼ ਵਿਚ ਟਹਿਲਦਿਆਂ, ਭਾਈ ਸਾਹਿਬ ਖਲੋ ਗਏ। ਇਕ ਤਿਲਲੀ ਫੁੱਲ 'ਤੇ ਬਹਿ ਕੇ, ਰਸ ਦਾ ਆਨੰਦ ਲੈ ਰਹੀ ਸੀ। ਅਸੀਂ ਤਿੰਨ ਵਿਦਿਆਰਥੀ ਵੀ ਖਲੋ ਗਏ। ਤਿਤਲੀ ਰਸ ਲੈ ਕੇ ਉੱਡ ਗਈ। ਸਾਡੇ ਵੱਲ ਮੁਖਾਤਿਬ ਹੋਏ, "ਦੱਸੋ, ਕੀ ਵੇਖਿਆ ?" ਕਿਸੇ ਕਿਹਾ, ਜੀ ਤਿਤਲੀ ਫੁੱਲ 'ਤੇ ਬੈਠੀ ਉਡਾਰੀ ਮਾਰ ਗਈ। ਕਿਸੇ ਹੋਰ ਨੇ ਕੁਝ ਇਸੇ ਤਰ੍ਹਾਂ ਦਾ ਜਵਾਬ ਦਿੱਤਾ। ਮੇਰੇ ਵੱਲ ਮੁਖ਼ਾਤਿਬ ਹੋਏ, ਤੂੰ ਕਵੀ ਹਿਰਦੇ ਵਾਲਾ ਹੈਂ, ਦੱਸ ਕੀ ਵੇਖਿਆ। ਕਹਿੰਦੇ, ਮੈਂ ਤਤਕਾਲ ਦੋ ਸਤਰਾਂ ਜੋੜ ਕੇ ਸੁਣਾ ਦਿੱਤੀਆਂ।

ਅੱਜ ਮੇਰਾ ਸੁਹੱਪਣ ਵੀ ਜ਼ਾਇਆ ਹੋ ਗਿਆ।
ਰਸ ਲੈ ਕੇ ਆਸ਼ਕ ਭੀ ਪਰਾਇਆ ਹੋ ਗਿਆ।

ਭਾਈ ਵੀਰ ਸਿੰਘ ਕਹਿੰਦੇ, ਤੁਸੀਂ ਸਾਰੇ ਦੁਵਿਧਾ ਵਿਚ ਹੋ। ਇਹ ਜੋ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਸਿਰੀ ਰਾਗ ਵਿਚ—

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰ॥

ਉਹ ਨਿੱਕੀ ਜਿਹੀ ਤਿਤਲੀ, ਇਸ ਸ਼ਬਦ ਦੀ ਵਿਆਖਿਆ ਕਰ ਗਈ।

ਮੇਰੇ ਤੋਂ ਇਕ ਵਾਰ, ਖਾਰ ਰੋਡ, ਮੁੰਬਈ ਕਥਾ ਉਪਰਾਂਤ ਕਿਸੇ ਪੁੱਛਿਆ, ਸਿੱਖ ਧਰਮ ਦਾ ਫ਼ਲਸਫ਼ਾ ਕੀ ਹੈ ?

ਮੈਂ ਅਰਜ਼ ਕੀਤੀ, ਸਿੱਖ ਧਰਮ ਤਾਂ ਅਕੀਦਾ ਹੈ, ਭਰੋਸਾ ਹੈ, ਆਪਣੇ ਗੁਰੂ ’ਤੇ, ਗੁਰਬਾਣੀ ਤੇ ਜਿਸ ਦੇ ਖਿੱਤੇ ਵਿਚ ਸਾਰਾ ਬ੍ਰਹਮਾਂਡ ਸਮਾਇਆ ਹੋਇਆ ਹੈ। ਹਾਂ, ਇਹ ਗੱਲ ਵੱਖਰੀ ਹੈ ਕਿ ਉਸ ਅਕੀਦੇ ’ਚੋਂ ਕਈ ਫ਼ਲਸਫ਼ੇ ਪ੍ਰਗਟ ਹੋ ਗਏ। ਦੁਨੀਆਂ ਦਾ ਕੋਈ ਧਰਮ ਫ਼ਸਲਫ਼ਾ ਐਸਾ ਨਹੀਂ, ਜਿਸ ਦੀ ਖ਼ੁਸ਼ਬੋ ਸਿੱਖ ਧਰਮ ਵਿਚਾਰਧਾਰਾ ’ਚੋਂ ਨਾ ਆਉਂਦੀ ਹੋਵੇ।

ਭਾਰਤੀ ਧਰਮ ਦਰਸ਼ਨ ਦੇ ਮੁੱਖ 6 ਦਰਸ਼ਨ ਹਨ।

1. ਨਿਆਇਕ ਦਰਸ਼ਨ, ਮਹਾਂਰਿਸ਼ੀ ਗੌਤਮ ਨੇ ਦਿੱਤਾ। ਇਹ ਦਰਸ਼ਨ ਮੁੱਖ ਰੂਪ ਵਿੱਚ ਸਹਾਰੇ ਜਾਂ ਸਹਾਇਕ ਦੀ ਗੱਲ ਕਰਦਾ ਹੈ। ਸਿੱਖ ਧਰਮ ਉਹ ਸਹਾਰਾ, ਉਹ ਆਤਮ ਮਾਰਗ ਦਰਸ਼ਕ, ‘ਗੁਰੂ’ ਦੀ ਗੱਲ ਕਰਦਾ ਹੈ। ਗੁਰੂ ਹੀ ਆਤਮਾ-ਪ੍ਰਮਾਤਮਾ ਦਾ ਮਿਲਨ ਕਰਵਾਉਂਦਾ ਹੈ, ਗੁਰੂ ਹੀ ਮੋਖ ਦਾ ਦਾਤਾ ਹੈ—

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥

2. ਵੈਸ਼ੈਸਿਕ ਦਰਸ਼ਨ, ਮਹਾਂਰਿਸ਼ੀ ਕੁਨਾਦ ਨੇ ਪ੍ਰਕਾਸ਼ਿਤ ਕੀਤਾ। ਇਹ ਦਰਸ਼ਨ, ਪ੍ਰਭੂ ਮਿਲਣ ਲਈ ਜਗਿਆਸਾ, ਡੂੰਘੀ ਤਾਂਘ ਦੀ ਗੱਲ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ, ਰਾਮਕਲੀ ਰਾਗ ਵਿਚ ਕਹਿੰਦੇ ਹਨ—

ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ॥
ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ॥

3. ਸਾਖਯ ਦਰਸ਼ਨ, ਮਹਾਂਰਿਸ਼ੀ ਕਪਿਲ ਨੇ ਦਿੱਤਾ। ਇਹ ਦਰਸ਼ਨ, ਸ੍ਰਿਸ਼ਟੀ ਨੂੰ ਦੋ ਭਾਗ ਵਿਚ ਵੇਖਦਾ ਹੈ। ਇਕ ਪ੍ਰਕ੍ਰਿਤੀ ਹੈ। ਇਹ ਜੋ ਦੇਹ ਮਨੁੱਖ ਦੀ ਦਿਸਦੀ ਹੈ ਅਤੇ ਦੂਜਾ ਪੁਰਖ ਹੈ, ਜੋ ਜੀਵਾਤਮਾ ਵਾਂਗ ਅਦਿੱਖ ਹੈ। ਪਰਮਾਤਮਾ ਪੁਰਖ ਹੈ, ਉਸ ਨੂੰ ਜਾਣਨਾ ਜ਼ਰੂਰੀ ਹੈ। ਪੰਜਵੇਂ ਪਾਤਸ਼ਾਹ ‘ਸੁਖਮਨੀ’ ਵਿਚ ਦੱਸਦੇ ਹਨ—

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥

ਪ੍ਰਕ੍ਰਿਤੀ ਨੂੰ, ਸਿੱਖ ਫ਼ਲਸਫ਼ੇ ਵਿਚ ਧਨ ਜਾਂ ਦੇਹ ਕਿਹਾ ਹੈ ਅਤੇ ਪੁਰਖ ਨੂੰ ਜੀਵਾਤਮਾ ਰੂਪ ਸੰਬੋਧਿਤ ਕੀਤਾ ਹੈ—

ਧਨ ਪਿਰ ਏਕੈ ਸੰਗਿ ਬਸੇਰਾ॥
ਸੇਜ ਏਕ ਪੈ ਮਿਲਨੁ ਦੁਹੇਰਾ॥

ਧਨ ਅਤੇ ਪਿਰ, ਪ੍ਰਕ੍ਰਿਤੀ ਅਤੇ ਪੁਰਖ ਇਕ ਸੇਜ 'ਤੇ, ਇਕੋ ਦੇਹ ਪਿੰਡ ਵਿਚ ਰਹਿੰਦੇ ਹਨ, ਪਰ ਮਿਲਣਾ ਦੁਸ਼ਵਾਰ ਹੈ। ਦੋਹਾਂ ਦੇ ਵਿਚ ਇਕ ਅਦਿੱਖ ਜਿਹੀ ਦੀਵਾਰ ਹੈ, ਭੀਤ ਹੈ। ਉਹ ਭੀਤ 'ਹਉਮੈ' ਦੀ ਹੈ। ਮੇਰਾ ਸਰੀਰ, ਮੇਰਾ ਨਾਮ, ਮੇਰੀ ਹਸਤੀ...ਅੰਦਰ ਕਦੇ ਝਾਤ ਨਹੀਂ ਪਈ। ਸਤਿਗੁਰ ਕਹਿੰਦੇ ਨੇ—

ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥

4. ਯੋਗ ਦਰਸ਼ਨ, ਮਹਾਂਰਿਸ਼ੀ ਪਤੰਜਲੀ ਜੀ, ਬ੍ਰਹਮ ਮਿਲਣ ਦੀ ਜੁਗਤਿ ਦੱਸਦੇ ਹਨ। ਸਿੱਖ ਧਰਮ ਫ਼ਲਸਫ਼ਾ, ਹਰ ਪਲ, ਹਰ ਖਿਣ, ਮਿਲਣ ਦਾ ਸੰਕਲਪ ਦੱਸਦਾ ਹੈ—

ਕਵਨ ਸੰਜੋਗ ਮਿਲਉ ਪ੍ਰਭ ਅਪਨੇ॥
ਪਲੁ ਪਲੁ ਨਿਮਖ ਸਦਾ ਹਰਿ ਜਪਨੇ॥

5. ਮਿਮਾਂਸਾ ਦਰਸ਼ਨ, ਜੈਮਿਨੀ ਰਿਸ਼ੀ ਨੇ ਦਿੱਤਾ।ਇਹ ਅਨਿਸ਼ਵਰਵਾਦੀ ਦਰਸ਼ਨ ਵੀ ਕਿਹਾ ਜਾਂਦਾ ਹੈ। ਰਿਸ਼ੀ ਕਹਿੰਦਾ ਹੈ, ਸ਼ੁਭ ਕਰਮਾਂ ਬਾਝੋਂ ਗਤੀ ਨਹੀਂ। ਤੁਹਾਡੇ ਕਰਮਾਂ ਅਨੁਸਾਰ ਫ਼ੈਸਲਾ ਹੋਵੇਗਾ। ਗੁਰੂ ਨਾਨਕ ਪਾਤਸ਼ਾਹ 'ਜਪੁ ਜੀ' ਵਿਚ ਸਪੱਸ਼ਟ ਕਹਿੰਦੇ ਹਨ—

ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰ॥

6. ਵੇਦਾਂਤ ਦਰਸ਼ਨ, ਮਹਾਂਰਿਸ਼ੀ ਬਾਦਰਾਇਣ ਬਿਆਸ ਜੀ ਨੇ ਪ੍ਰਕਾਸ਼ਤ ਕੀਤਾ। ਇਸ ਦਰਸ਼ਨ ਦੇ ਤਿੰਨ ਖੰਡ ਹਨ, ਅਦਵੈਤ ਦਰਸ਼ਨ, ਜੋ ਆਦਿ ਸ਼ੰਕਰਾਚਾਰਿਆ ਨੇ ਦਿੱਤਾ। ਦਵੈਤ ਦਰਸ਼ਨ, ਸ੍ਰੀ ਮਾਧਵਾਚਾਰਿਆ ਨੇ ਦਿੱਤਾ ਅਤੇ ਵਸ਼ਿਸ਼ਠ ਅਦਵੈਤ, ਜੋ ਰਾਮਾਨੁਜ ਆਚਾਰਿਆ ਨੇ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਇਨ੍ਹਾਂ ਤਿੰਨੇ ਮੱਤਾਂ ਨੂੰ ਪ੍ਰਕਾਸ਼ਤ ਕਰਦੇ ਹੋਏ ਅਨੇਕਾਂ 'ਮਹਾਂਵਾਕ ਹਨ'।

ਸੋ ਸਿੱਖ ਧਰਮ ਦਰਸ਼ਨ ਵਿਚ ਤਾਂ ਇਸਲਾਮ, ਈਸਾਈ ਜਾਂ ਯਹੂਦੀ ਮਤ, ਭਗਵਾਨ ਬੁੱਧ ਦਾ ਅਸ਼ਟਾਂਗ ਮਾਰਗ ਜਾਂ ਭਗਵਾਨ ਮਹਾਂਵੀਰ ਦੀ ਅਹਿੰਸਾ, ਸਤਿਵਾਦਤਾ, ਸ਼ੁੱਧਤਾ, ਸਾਰੇ ਧਰਮ ਦਰਸ਼ਨ, ਸਿੱਖ ਧਰਮ ਦਰਸ਼ਨ ਵਿਚ ਵਗਦੇ ਹੋਏ ਵੇਖੇ ਜਾ ਸਕਦੇ ਹਨ।

# "ਗੁਰੂ ਪੁੰਨਿਆ"

ਅੱਜ ਸਾਵਣ ਮਹੀਨੇ ਦੀ ਪੁੰਨਿਆ ਹੈ, "ਗੁਰੂ ਪੁੰਨਿਆ"। ਜੋਤਿਸ਼ ਆਚਾਰੀਆ ਕਹਿੰਦੇ ਹਨ, ਅੱਜ ਕੁਦਰਤ ਪੂਰਨ ਚੇਤਨਾ ਵਿਚ ਹੁੰਦੀ ਹੈ। ਹਵਾ, ਪਾਣੀ, ਰੁੱਖ, ਪਹਾੜ, ਨਦੀਆਂ, ਸਰੋਵਰ, ਰੁੱਖ, ਸਾਰਿਆਂ 'ਚੋਂ ਚੇਤਨਾ ਡੁੱਲ੍ਹ ਰਹੀ ਹੁੰਦੀ ਹੈ। ਗਿਆਨ ਅਰਜਿਤ ਕਰਨ ਦੇ ਅਭਿਲਾਖੀ ਸਾਧਕ ਜਾਂ ਵਿਦਿਆਰਥੀ, ਸਾਵਣ ਪੁੰਨਿਆ ਦੀ ਨਿਰਮਲ ਚਾਂਦਨੀ ਵਿਚ ਟੁੱਬੀ ਲਾ ਰਹੀ ਰਾਤ, ਰੂਹਾਂ ਦੀ ਰਹੱਸਮਈ ਸ਼ਕਤੀਆਂ ਨਾਲ ਸਾਖਿਆਤਕਾਰ ਸਹਿਜ ਹੀ ਕਰ ਸਕਦੇ ਹਨ।

ਸਿੱਖ ਧਰਮ ਦਰਸ਼ਨ ਦੀ ਨਿਰਵਿਵਾਦ ਮਾਨਤਾ ਹੈ ਕਿ ਧਰਤੀ, ਪਾਣੀ, ਆਕਾਸ਼, ਵਣ, ਪਰਬਤ, ਹਰ ਸ਼ੈਅ ਵਿਚ ਪਾਰਬ੍ਰਹਮ ਮੌਜੂਦ ਹੈ—

ਪਉਣ ਪਾਣੀ ਬੈਸੰਤਰ ਮਾਹਿ॥
ਚਾਰਿ ਕੁੰਟ ਦਹ ਦਿਸੇ ਸਮਾਹਿ॥

ਅੱਜ ਵਿਗਿਆਨ ਵੀ ਮੰਨਦਾ ਹੈ ਕਿ ਹਰ ਪਦਾਰਥ ਵਿਚ ਰੱਬ 'ਗਾੱਡ ਪਾਰਟੀਕਲ' ਹੈ। ਉਹ ਰੱਬ 'ਪਰਮ ਚੇਤਨਾ' ਹੈ। ਹਰ ਸ਼ੈਅ ਵਿਚ, ਚੇਤਨਾ ਰੂਪ ਵਿਚ ਮੌਜੂਦ ਰਹਿੰਦਾ ਹੈ।

ਜਾਪਾਨ ਦੇ ਡਾ. ਮਾਸੁਰੋ ਇਮੋਟੋ ਦਾ ਰਿਸਰਚ ਪੇਪਰ ਪ੍ਰਕਾਸ਼ਿਤ ਹੋਇਆ ਹੈ। ਕਹਿੰਦੇ ਹਨ, ਪਾਣੀ ਜੀਵਨ ਹੈ...ਜੀਵਨ ਦਾਤਾ ਹੈ, ਕਹਿਣਾ ਉਚਿਤ ਨਹੀਂ ਹੈ। ਪਾਣੀ ਪੂਰੀ ਤਰ੍ਹਾਂ ਜੀਵੰਤ ਹੁੰਦਾ ਹੈ। ਜਲ ਦਾ ਹਰ ਕਣ ਅਤਿ ਸੰਵੇਦਨਸ਼ੀਲ ਹੁੰਦਾ ਹੈ। ਮਾੜੀ ਜਿਹੀ ਗੰਦਗੀ, ਪ੍ਰਦੂਸ਼ਣ ਤੋਂ ਬਿਮਾਰ ਹੋ ਜਾਂਦਾ ਹੈ ਅਤੇ ਇਹ ਪਾਣੀ ਪੀਣ ਵਾਲਿਆਂ ਨੂੰ ਵੀ ਰੋਗੀ ਕਰ ਦਿੰਦਾ ਹੈ। ਸ਼ਹਿਰੀ ਜਲ ਸਪਲਾਈ ਹੁੰਦਾ ਪਾਣੀ, ਕਈ ਕਈ ਘੁਮਾਵਦਾਰ ਪਾਈਪਾਂ 'ਚੋਂ ਵਿੰਗਾ ਟੇਢਾ ਵਗ ਕੇ ਆਇਆ ਪਾਈਪ ਵਾਟਰ... ਨਲਕਿਆਂ ਦਾ ਪਾਣੀ ਚਿੜਿਆ ਹੋਇਆ, ਨਾਰਾਜ਼ ਅਤੇ ਉਤੇਜਿਤ ਹੋਇਆ, ਸਾਡੇ ਘਰਾਂ ਤਕ ਪਹੁੰਚਦਾ ਹੈ। ਉਹ ਪਾਣੀ ਸਾਨੂੰ ਵੀ ਚਿੜਚਿੜਾ ਬਣਾਉਂਦਾ ਹੈ। ਅੱਜ ਛੋਟੀ ਜਿਹੀ ਗੱਲ 'ਤੇ ਅਤਿ ਕ੍ਰੋਧਤ ਹੋ ਜਾਣਾ ਜਾਂ ਚਿੜ ਜਾਣਾ...ਡਾ. ਮਾਸੁਰੋ ਇਮੋਟੋ ਕਹਿੰਦੇ ਹਨ, ਸਾਡੇ ਸੁਭਾਅ ਵਿਚ ਆ ਰਹੀ ਤਬਦੀਲੀ ਦੇ ਪਿੱਛੇ, ਇਹ ਨਲਕਿਆਂ

ਦਾ ਪਾਣੀ ਬਹੁਤ ਹੱਦ ਤਕ ਜ਼ਿੰਮੇਵਾਰ ਹੈ। ਮੈਨੂੰ ਯਾਦ ਆਉਂਦਾ ਹੈ, ਮੇਰੀ ਹੋਸ਼ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਜੀ, ਕੁਦਰਤੀ ਸ੍ਰੋਤਾਂ ਤੋਂ ਆਉਂਦੇ ਹੋਏ ਜਲ...ਨਦੀਆਂ, ਝਰਨੇ, ਨਹਿਰਾਂ ਜਾਂ ਖੂਹ, ਬਾਸ਼ਰਤੇ ਉਹ ਪਾਣੀ ਸ਼ੁੱਧ ਹੋਵੇ, ਤਾਂ ਵਰਤਣ ਲਈ ਪ੍ਰੇਰਦੇ ਰਹੇ ਹਨ।

ਖ਼ੈਰ, ਮੇਰਾ ਵਿਸ਼ਾ ਹੈ, ਰੱਬੀ ਚੇਤਨਾ ਦਾ ਖਲਾਅ! ਸੁਖਮਨੀ ਸਾਹਿਬ ਵਿਚ ਪੰਜਵੇਂ ਪਾਤਸ਼ਾਹ ਫਰਮਾਉਂਦੇ ਹਨ—

ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥
ਜੈਸੀ ਆਗਿਆ ਤੈਸਾ ਕਰਮੁ॥

ਇਹ ਸਾਰੇ ਰੱਬੀ ਨਿਵਾਸ ਹਨ। ਸਾਡੇ ਹਿੱਤ ਲਈ ਹਨ। ਪਰ ਜਿਹੜਾ ਪਹਾੜ ਜੁਗਾਂ ਤੋਂ, ਪਾਰਲੇ ਦੁਸ਼ਮਣਾਂ ਦੇ ਹਮਲਿਆਂ ਤੋਂ ਸਾਡੀ ਸੁਰੱਖਿਆ ਕਰਦਾ ਰਿਹਾ, ਉਹ ਭੂ-ਸਖਲਨ, ਲੈਂਡ ਸਲਾਈਡਿੰਗ ਹੋਈ ਅਤੇ ਕਈ ਪਿੰਡ, ਸੜਕਾਂ, ਮਨੁੱਖ, ਇਸ ਨੇ ਤਬਾਹ ਕਰ ਦਿੱਤੇ। ਇਹ ਕਿਉਂ ਹੋਇਆ ?

ਸਤਿਗੁਰੁ ਕਹਿੰਦੇ ਹਨ, ਜਿਵੇਂ ਦੇ ਤੁਹਾਡੇ ਕਰਮ ਹੁੰਦੇ ਰਹੇ...ਜੰਗਲ ਕਟਦੇ ਰਹੇ, ਪਹਾੜ ਤੋੜ ਕੇ ਆਪਣੇ ਆਰਾਮ ਲਈ ਕਲੌਨੀਆਂ, ਸੜਕਾਂ, ਬਣਾਉਂਦੇ ਰਹੇ...ਪਹਾੜਾਂ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ...ਤਾਂ ਸਤਿਗੁਰ ਕਹਿੰਦੇ ਹਨ—

ਜੈਸੀ ਆਗਿਆ ਤੈਸਾ ਕਰਮੁ॥

ਅਰਥ ਇਹ ਹੋਇਆ, ਜੈਸਾ ਕਰਮ ਤੈਸੀ ਪ੍ਰਭੂ ਦੀ ਆਗਿਆ! ਅੱਜ, ਗੁਰੂ ਪੁੰਨਿਆ 'ਤੇ ਸੰਵਾਦ ਕਰੀਏ।

ਸ੍ਰਿਸ਼ਟੀ ਦੀ ਸਿਰਜਣਾ ਇਕ ਭੌਤਿਕ ਘਟਨਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਸਿਰਜਣਾ ਦੇ ਸੰਦਰਭ ਵਿਚ ਫਰਮਾਉਂਦੇ ਹਨ, ਮਾਰੂ ਰਾਗ ਵਿਚ—

ਪੰਚ ਤਤੁ ਸੁੰਨਹੁ ਪਰਗਾਸਾ॥
ਦੇਹ ਸੰਜੋਗੀ ਕਰਮ ਅਭਿਆਸਾ॥

ਸੁੰਨ 'ਚੋਂ ਅਨੰਤ ਖਲਾਅ 'ਚੋਂ, ਮਿੱਟੀ, ਪਾਣੀ, ਹਵਾ, ਅਗਨੀ ਅਤੇ ਆਕਾਸ਼...ਪੰਜ ਤੱਤਾਂ ਦਾ ਸੁਮੇਲ ਕਰਵਾਇਆ ਅਤੇ ਦੇਹ ਜਾਂ ਸ੍ਰਿਸ਼ਟੀ ਦਾ ਵਜੂਦ ਸਿਰਜ ਦਿੱਤਾ ਤਾਂ ਸਿਰਜਣ ਇਕ ਭੌਤਿਕ ਘਟਨਾ ਹੈ। ਭੌਤਿਕ ਤੱਤਾਂ ਦਾ ਸਮਾਯੋਜਨ ਹੈ। ਪਰ ਗੁਰੂ ? ਗੁਰੂ ਇਕ ਰੱਬੀ ਵਿਵਸਥਾ ਹੈ, ਸ੍ਰਿਸ਼ਟੀ ਦੇ ਸ਼ਾਂਤਮਈ ਸੰਚਾਲਨ ਲਈ! ਚੂੰ ਕਿ ਪਰਮਾਤਮਾ, ਪਰਮ ਚੇਤਨ ਹੈ, ਇਸ ਲਈ ਗੁਰੂ ਪਰਗਾਸ ਦੀ ਘਟਨਾ ਵੀ, ਚੇਤਨਾ ਦੇ ਸਿਖਰ 'ਤੇ ਘਟਦੀ ਹੈ...ਪਰਮ ਚੇਤਨਾ ਦੇ ਤਲ 'ਤੇ! ਪਰਮੇਸ਼ਰ, ਪਰਮ ਚੇਤਨ ਹੈ...ਗੁਰੂ ਵੀ ਪਰਮ ਚੇਤਨ ਹੈ। ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ, "ਗੁਰੁ ਪਰਮੇਸਰੁ ਏਕੋ ਜਾਣੁ॥"

ਸੰਸਾਰ ਵਿਚ ਦੋ ਮੁੱਖ ਸਭਿਆਤਾਵਾਂ ਵਿਕਸਿਤ ਹੋਈਆਂ। ਰੋਮਨ ਸਭਿਅਤਾ ਅਤੇ ਆਰਯ ਸਭਿਅਤਾ। ਦੋਹਾਂ 'ਚੋਂ ਮੁੱਖ ਚਾਰ-ਚਾਰ ਧਰਮ ਸੰਪਰਦਾਵਾਂ ਦਾ ਉਦੈ ਹੋਇਆ।

ਪਾਰਸੀ, ਯਹੂਦੀ, ਇਸਲਾਮ ਅਤੇ ਈਸਾਈ...ਇਹ ਚਾਰ ਧਰਮ ਸੰਪਰਦਾਵਾਂ, ਰੋਮਨ ਸਭਿਅਤਾ 'ਚੋਂ ਵਿਕਸਿਤ ਹੋਈਆਂ। ਹਿੰਦੂ, ਜੈਨ, ਬੁੱਧ ਅਤੇ ਸਿੱਖ ਧਰਮ ਸੰਪਰਦਾਵਾਂ, ਆਰਯ ਸਭਿਅਤਾ 'ਚੋਂ ਵਿਕਸਤ ਹੋਈਆਂ। ਇਨ੍ਹਾਂ ਦੋਹਾਂ ਸਭਿਆਤਾਵਾਂ 'ਚੋਂ ਉਪਜੀਆਂ ਧਰਮ ਸੰਪਰਦਾਵਾਂ ਅਤੇ ਭਾਰਤੀ ਧਰਮ ਸੰਪਰਦਾਵਾਂ ਵਿਚ ਮੌਲਿਕ ਭੇਦ ਹੈ। ਰੋਮਨ ਵਿਚਾਰਧਾਰਾ ਵਿਚ, ਗੁਰੂ ਨੂੰ ਸੰਪਰਦਾ, ਪ੍ਰਮੁੱਖ ਰੂਪ ਵਿਚ ਸਵੀਕਾਰ ਕੀਤਾ ਗਿਆ ਅਤੇ ਭਾਰਤੀ ਧਰਮ ਦਰਸ਼ਨ ਵਿਚ, ਗੁਰੂ ਨੂੰ, ਬ੍ਰਹਮਾ, ਵਿਸ਼ਨੂੰ, ਮਹੇਸ਼ ਤੋਂ ਵੀ ਉਪਰ ਸਾਖਿਆਤ 'ਪਾਰਬ੍ਰਹਮ' ਰੂਪ ਵਿਚ ਧਾਰਨ ਕੀਤਾ।

ਵੇਦਮਾਤਾ ਗਾਇਤ੍ਰੀ ਕਹਿੰਦੀ ਹੈ—

"ਗੁਰੂਰਏਵ ਸਾਖਛਾਤ ਪਰਬ੍ਰਹਮ ਤਸਮੈ ਸ੍ਰੀ ਗੁਰਏ ਨਮਹ॥"

ਸਿੱਖ ਧਰਮ ਦਰਸ਼ਨ ਘੋਸ਼ਣਾ ਕਰਦਾ ਹੈ—

ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ॥
ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ॥

ਭਾਰਤੀ ਸਭਿਅਤਾ ਦਾ ਹੀ ਪ੍ਰਭਾਅ ਹੈ ਕਿ ਜੈਨ ਧਰਮ ਅਤੇ ਬੋਧ ਧਰਮ, ਦੋਵੇਂ ਅਨਿਸ਼ਵਰ ਧਰਮ ਹਨ। ਪਰਮੇਸ਼ਰ ਨੂੰ, ਭਗਵਾਨ ਨੂੰ ਸਵੀਕਾਰ ਨਹੀਂ ਕਰਦੇ, ਪਰ ਦੋਵੇਂ ਆਪਣੇ ਗੁਰੂ ਨੂੰ, ਭਗਵਾਨ ਮਹਾਂਵੀਰ ਅਤੇ ਭਗਵਾਨ ਬੁੱਧ ਕਹਿ ਕੇ ਸੰਬੋਧਤ ਕਰਦੇ ਹਨ। ਗੁਰੂ ਹੀ ਸਾਡਾ ਭਗਵਾਨ ਹੈ।

ਰੋਮਨ ਸਭਿਅਤਾ ਦੇ ਧਰਮ, ਧਾਰਮਿਕ ਤਲ 'ਤੇ ਅਸਹਿਸ਼ਨੂ ਜਾਂ ਧਾਰਮਿਕ ਸਹਿਣਸ਼ੀਲਤਾ ਤੋਂ ਹੀਣ ਹੋ ਗਏ। ਜੇ ਪ੍ਰਭੂ ਜੀਸਸ ਨੇ ਬਸ ਕਹਿ ਦਿੱਤਾ, "ਮੈਂ ਰੱਬ ਦਾ ਪੁੱਤ ਹਾਂ" ਤਾਂ ਬਵਾਲ ਉੱਠ ਖਲੋਤਾ। ਧਰਮ ਅਦਾਰਿਆਂ ਦੀਆਂ ਕਮੇਟੀਆਂ ਜਾਂ ਸ਼ਰ੍ਹਾ ਨੇ ਨਿਰਣਾ ਲਿਆ ਔਰ ਆਪਣੇ ਹੀ ਧਰਮ ਪ੍ਰਮੁੱਖ ਨੂੰ ਕ੍ਰਾਸ 'ਤੇ ਟੰਗ ਕੇ ਮਾਰ ਦਿੱਤਾ।

ਇਸਲਾਮ ਦੇ ਧਰਮ ਬਿੰਬ ਹੋਏ 'ਮੰਸੂਰ'। ਰੱਬ ਦੀ, ਖ਼ੁਦਾ ਦੀ ਬੰਦਗੀ ਕਰਦੇ... ਅੰਦਰਲੀ ਤਾਰ ਜੁੜ ਜਾਂਦੀ ਤਾਂ ਮਸਤੀ ਵਿਚ ਬੋਲਦੇ—"ਅਨਲ ਹੱਕ।" ਮੈਂ ਖ਼ੁਦਾ! ਇਸਲਾਮੀ 'ਸ਼ਰ੍ਹਾ' ਦੇ ਮੌਲਵੀਆਂ ਨੇ ਫ਼ਤਵਾ ਲਾਇਆ, ਅੱਲਾਹ ਦੀ ਬੇਅਦਬੀ ਦਾ। ਬਾਦਸ਼ਾਹ ਨੇ ਮੰਸੂਰ ਨੂੰ ਦਰਬਾਰ ਵਿਚ ਸੱਦਿਆ। ਪੁੱਛਿਆ, ਭਾਈ ਤੇਰੇ 'ਤੇ ਇਹ ਇਲਜ਼ਾਮ ਹੈ। ਮੰਸੂਰ ਕਹਿੰਦਾ ਹੈ—

ਮਨ ਨਗੋਯਮ ਅਨਲ ਹੱਕ

ਮੈਂ ਨਹੀਂ ਬੋਲਦਾ, ਅਨਲ ਹੱਕ। ਮੌਲਵੀ ਕਹਿੰਦੇ, ਝੂਠ ਬੋਲਦਾ ਹੈ। ਬਾਦਸ਼ਾਹ ਨੇ ਕੁਝ ਆਪਣੇ ਬੰਦੇ, ਮੰਸੂਰ ਦੇ ਨਾਲ ਲਗਾ ਦਿੱਤੇ, ਗਵਾਹ ਰੂਪ ਵਿਚ। ਫ਼ਕੀਰ ਬੰਦਗੀ ਵਿਚ ਬੈਠਾ...ਤਾਰ ਜੁੜ ਗਈ ਔਰ ਮੂੰਹੋਂ ਆਵਾਜ਼ ਆਈ, ਅਨਲ ਹੱਕ... ਅਨਲ ਹੱਕ। ਦਰਬਾਰੀ ਕਾਰਿੰਦਿਆਂ ਨੇ ਫੜ ਕੇ ਸੁਲਤਾਨ ਸਾਹਵੇਂ ਪੇਸ਼ ਕੀਤਾ। ਸੁਲਤਾਨ ਨੇ, ਉਨ੍ਹਾਂ ਗਵਾਹਾਂ ਦੇ ਆਧਾਰ 'ਤੇ ਪੁੱਛਿਆ, ਤੂੰ ਫਿਰ 'ਅਨਲ ਹੱਕ' ਬੋਲਿਆ। ਮੰਸੂਰ ਕਹਿੰਦੈ, ਮੈਂ ਨਹੀਂ ਬੋਲਦਾ, ਮੇਰੇ ਅੰਦਰੋਂ ਮੇਰਾ ਯਾਰ ਬੋਲਦਾ ਹੈ—

"ਯਾਰ ਮੇ ਗੋਯਮ ਬਿਗੋ।" ਮੇਰੇ ਵੱਸ ਨਹੀਂ...ਤੁਸੀਂ ਜਿਹੜੀ ਸਜ਼ਾ ਦੇਣੀ ਚਾਹੋ, ਦੇ ਦਿਉ। ਫ਼ਕੀਰ ਮੰਸੂਰ ਨੂੰ ਸੂਲੀ 'ਤੇ ਟੰਗ ਕੇ ਮਾਰ ਦਿੱਤਾ।

ਰੋਮਨ ਧਰਮ ਪਰੰਪਰਾ ਵਿਚ ਸਹਿਣਸ਼ੀਲਤਾ ਨਹੀਂ। ਤੰਗ ਦਿਲ ਧਰਮ ਦਰਸ਼ਨ ਹੈ।

ਆਰੀਆ ਸਭਿਅਤਾ ਵਿਚ ਵਿਕਸਤ ਧਰਮ, ਵਿਸ਼ੇਸ਼ ਕਰ, ਅਸੀਂ ਸਿੱਖ ਧਰਮ ਦਰਸ਼ਨ ਤੇ ਦ੍ਰਿਸ਼ਟੀ ਇਕਾਗਰ ਕਰੀਏ ਤਾਂ ਅਸੀਮ ਆਕਾਸ਼ ਜਿਹੀ ਵਿਸ਼ਾਲਤਾ ਨਜ਼ਰ ਆਉਂਦੀ ਹੈ।

ਸ੍ਰੀ ਗੁਰੂ ਨਾਨਕ, ਸਿੱਖ ਧਰਮ ਪ੍ਰਵਾਹ ਦੇ ਆਰੰਭ ਵਿਚ ਹੀ, ਸਿੱਖੀ ਲਈ ਲਾਜ਼ਮੀ ਸਿੱਖਿਆ ਕੋਰਸ ਰੱਖਦੇ ਹਨ, ਸਿਰੀ ਰਾਗ ਵਿਚ—

ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ॥
ਗੁਰਮੁਖਿ ਆਪੁ ਪਛਾਣੀਐ ਅਵਰ ਕਿ ਕਰੇ ਕਰਾਇ॥

ਸਿੱਖੀ ਸਿਖਿਆ ਸਤਰ ਦੀ ਪਹਿਲੀ ਸੰਥਾ ਹੈ—

"ਸੋਹੰ ਆਪੁ ਪਛਾਣੀਐ"

ਸੋਹੰ ਦਾ ਅਰਥ ਹੈ, ਸੋ+ਅਹਮ! ਉਹ ਮੈਂ ਹਾਂ! ਖ਼ੁਦਾ, ਪਰਮਾਤਮਾ, ਰੱਬ, ਜਿਸ ਦੀ ਭਾਲ ਕਰ ਰਹੇ ਹਾਂ, ਉਹ ਮੈਂ ਹਾਂ..."ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣ॥"

ਸਿੱਖ ਧਰਮ ਦਰਸ਼ਨ ਉਦਾਰਚਿੱਤ ਹੈ। ਰੱਬ ਦੀ, ਈਸ਼ ਦੀ ਭਾਲ ਸਾਰਾ ਜਗਤ ਕਰ ਰਿਹਾ ਹੈ। ਕਈ ਰਸਤੇ, ਕਈ ਪਉੜੀਆਂ, ਉਪਰ ਪਹੁੰਚਣ ਲਈ ਬਣਾ ਲਈਆਂ...ਸਾਰੇ ਰਸਤੇ ਪਰਵਾਨ ਹਨ—

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥

ਇਕੀਸ ਦਾ ਅਰਥ ਹੈ ਇਕ ਈਸ਼...ਇਕ ਪਰਮਾਤਮਾ! ਉਸ ਤਕ ਪਹੁੰਚਣ ਦੇ ਰਸਤੇ ਅਨੇਕ ਹਨ...ਪਉੜੀਆਂ ਅਨੇਕ ਹਨ...ਸਾਰੀਆਂ ਪਤਿ ਦੀਆਂ ਪਉੜੀਆਂ ਹਨ...ਸਾਰੇ ਧਰਮ ਮਾਰਗ ਸਵੀਕ੍ਰਿਤ ਹਨ।

ਸੁਖਮਨੀ ਵਿਚ, ਪੰਜਵੇਂ ਪਾਤਸ਼ਾਹ 'ਸਤਿ' ਦੀ ਖੋਜ ਹਿਤ ਸਥਾਪਿਤ ਅਨੇਕਾਂ

ਧਰਮ ਮਾਰਗਾਂ ਅਤੇ ਉਨ੍ਹਾਂ ਦੇ ਧਰਮ ਸਿਧਾਂਤਾਂ ਦੇ ਭਿੰਨ ਭੇਦ ਦਾ ਖੁਲਾਸਾ ਕਰਦੇ ਹਨ—

ਕਈ ਕੋਟਿ ਹੋਏ ਪੂਜਾਰੀ॥
ਕਈ ਕੋਟਿ ਆਚਾਰ ਬਿਉਹਾਰੀ॥
ਕਈ ਕੋਟਿ ਭਏ ਤੀਰਥ ਵਾਸੀ॥
ਕਈ ਕੋਟਿ ਬਨ ਭ੍ਰਮਹਿ ਉਦਾਸੀ॥
ਕਈ ਕੋਟਿ ਬੇਦ ਕੇ ਸ੍ਰੋਤੇ॥
ਕਈ ਕੋਟਿ ਤਪੀਸੁਰ ਹੋਤੇ॥
ਕਈ ਕੋਟਿ ਆਤਮ ਧਿਆਨੁ ਧਾਰਹਿ॥
ਕਈ ਕੋਟਿ ਕਬਿ ਕਾਬਿ ਬੀਚਾਰਹਿ॥
ਕਈ ਕੋਟਿ ਨਵਤਨ ਨਾਮ ਧਿਆਵਹਿ॥
ਨਾਨਕ ਕਰਤੇ ਕਾ ਅੰਤੁ ਨ ਪਾਵਹਿ॥

ਕੋਟਿ ਦਾ ਅਰਥ ਹੈ, ਕਰੋੜ। ਕਈ ਕੋਟਿ...ਕਈ ਕਰੋੜ ਪੁਜਾਰੀ ਹਨ। ਮੰਦਰਾਂ ਸ਼ਿਵਾਲਿਆਂ ਵਿਚ ਪੂਜਾ ਕਰ ਰਹੇ ਹਨ, ਪਰਮਾਤਮਾ ਨੂੰ ਪ੍ਰਸੰਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕਰੋੜਾਂ, ਆਚਾਰੀ ਬਿਉਹਾਰੀ, ਕਰਮਕਾਂਡੀ ਹਨ। ਕਰੋੜਾਂ ਲੋਗ ਤੀਰਥ ਯਾਤਰਾਵਾਂ ਕਰ ਰਹੇ ਹਨ, ਕਈ ਜੰਗਲਾਂ-ਪਹਾੜਾਂ ਵਿਚ ਜਗ ਤੋਂ ਉਪਰਾਮ ਹੋਏ ਫਿਰ ਰਹੇ ਹਨ। ਕਰੋੜਾਂ ਲੋਗ ਬੇਦ ਪੁਰਾਣ, ਧਰਮ ਸ਼ਾਸਤ੍ਰਾਂ ਨੂੰ ਸੁਣ ਰਹੇ ਹਨ, ਗਾ ਰਹੇ ਹਨ...ਕਰੋੜਾਂ ਤਪ ਵਿਚ ਲੀਨ ਹਨ। ਕਰੋੜਾਂ ਲੋਗ ਆਪਣੇ ਅੰਦਰ ਭਾਲ ਕਰ ਰਹੇ ਹਨ, ਕਰੋੜਾਂ ਲੋਗ, ਪ੍ਰਭੂ ਪ੍ਰੀਤ ਵਿਚ ਕਵਿਤਾਵਾਂ, ਵਾਰਤਕ ਦੀ ਰਚਨਾ ਕਰ ਰਹੇ ਹਨ, ਭਗਤੀ ਦੇ ਗੀਤ, ਸੂਰਦਾਸ, ਮੀਰਾ ਜਿਹੇ ਭਜਨ ਸਿਰਜ ਰਹੇ ਹਨ, ਗਾ ਰਹੇ ਹਨ। ਕਰੋੜਾਂ ਲੋਗ, ਸੰਪੂਰਨ ਬ੍ਰਹਮਾਂਡ ਵਿਚ, ਹਰ ਥਾਂ, ਹਰ ਸ਼ੈਅ ਵਿਚ ਵਿਆਪਤ, ਨਿਰੰਕਾਰ ਦੇ ਨਿਤ ਨਵੇਂ ਨਾਮ ਰਚ ਰਹੇ ਹਨ...ਧਿਆਨ ਕਰ ਰਹੇ ਹਨ। ਸਤਿਗੁਰੂ ਫੁਰਮਾਉਂਦੇ ਹਨ, ਸਾਰੇ ਸਵੀਕ੍ਰਿਤ ਹਨ, ਸਾਰੇ ਪਰਵਾਨ ਹਨ, ਪਰ ਪੰਜਵੇਂ ਨਾਨਕ ਕਹਿੰਦੇ ਹਨ, "ਨਾਨਕ ਕਰਤੇ ਕਾ ਅੰਤੁ ਨ ਪਾਵਹਿ॥"

ਸਿੱਖ ਧਰਮ ਦਰਸ਼ਨ, ਸਮੁੰਦਰ ਹੈ...ਸਤਿ ਗਹਿਰਾ ਸਾਗਰ, ਦੁਨੀਆਂ ਦੇ ਸਾਰੇ ਧਰਮ ਮਾਰਗ, ਇਸ ਵਿਚ ਸਹਿਜ ਸਮਾਏ ਹੋਏ ਹਨ। ਕਿਸੇ ਪ੍ਰਤੀ ਦਵੇਸ਼ ਨਹੀਂ ਹੈ...ਸਪੱਰਧਾ ਨਹੀਂ ਹੈ। ਇਹ ਉਦਾਰਤਾ, ਇਹ ਮੋਕਲੀ ਵਿਚਾਰਧਾਰਾ, ਇਸ ਤਰ੍ਹਾਂ ਸੰਭਵ ਹੋਈ ਕਿ ਸਿੱਖ ਧਰਮ ਦੇ ਗਗਨ ਮੰਡਲ 'ਤੇ ਸਤਿਗੁਰੂ, ਪੁੰਨਿਆ ਦੇ ਚੰਦ ਵਰਗਾ, ਆਪਣੀ ਸੰਪੂਰਨਤਾ ਵਿਚ, ਸ਼ੀਤਲ ਗਿਆਨ ਪ੍ਰਕਾਸ਼ ਜਗ ਵਿਚ ਸਦਾਬਰਤ ਵਰਤਾਉਂਦੇ ਰਹੇ।

ਸਿੱਖ ਜਗਤ ਨੂੰ ਪ੍ਰਾਪਤ, ਕਈ ਅਮੀਰ ਵਿਰਸਿਆਂ 'ਚੋਂ ਸਭ ਤੋਂ ਸ੍ਰੇਸ਼ਠ ਅਤੇ ਜਗ ਵਿਚ ਨਿਵੇਕਲੀ ਦਾਤ ਹੈ, "ਦੇਹਧਾਰੀ ਗੁਰੂ ਪ੍ਰੰਪਰਾ"। ਆਚਾਰਿਆ ਰਾਮਾਨੰਦ ਜੀ ਨੇ, ਸ੍ਰੀ ਰਵਿਦਾਸ ਜੀ ਨੂੰ ਗੁਰਤਾ ਦੀ ਦਾਤ ਦਿੱਤੀ। ਭਗਤ ਰਵਿਦਾਸ ਜੀ ਨੇ, ਮੀਰਾ ਵਿਚ ਗੁਰੂ ਗਿਆਨ ਦਾ ਰੂਪਾਂਤਰਣ ਕੀਤਾ...ਉਸ ਤੋਂ ਅੱਗੇ ਇਹ ਲੜੀ ਨਹੀਂ ਚੱਲੀ। ਯੂਨਾਨ ਵਿਚ ਸੁਕਰਾਤ, ਪਲੇਟੋ ਅਤੇ ਅਰਸਤੂ ਤਕ ਪਹੁੰਚ ਕੇ ਗੁਰੂ ਪਰੰਪਰਾ ਰੁਕ ਗਈ। ਪਰ ਗੁਰੂ ਨਾਨਕ ਪਾਤਸ਼ਾਹ ਨੇ ਸੰਨ 1539 ਵਿਚ ਦੇਹ ਤਿਆਗ ਦਾ ਸੰਕਲਪ ਪੂਰਾ ਕਰਨ ਤੋਂ ਪਹਿਲਾਂ, ਭਾਈ ਲਹਿਣਾ ਜੀ ਨੂੰ, ਰਾਵੀ ਵਿਚ ਇਸ਼ਨਾਨ ਕਰਵਾ, ਕਰਤਾਰਪੁਰ ਸਾਹਿਬ, ਗੁਰਤਾ ਆਸਨ 'ਤੇ ਬਿਠਾ ਕੇ, ਬਾਬਾ ਬੁੱਢਾ ਜੀ ਤੋਂ ਤਿਲਕ ਲਵਾਇਆ, ਤਿੰਨ ਪ੍ਰਦੱਖਣਾ ਆਪ ਲਈਆਂ, ਪੰਜ ਪੈਸੇ ਅਤੇ ਨਾਰੀਅਲ ਭੇਟ ਕਰ, ਮੱਥਾ ਟੇਕਿਆ ਅਤੇ ਨਿਜ ਮੁਖਾਰਬਿੰਦ ਤੋਂ ਬਚਨ ਕੀਤਾ—

ਅੰਗਦ ਨਾਮ ਆਜ ਤੇ ਹੋਹੀ। ਨਿਜ ਅੰਗਨ ਤੇ ਕੀਨੋ ਤੋਹੀ।
ਸਿਮਰਨ ਸਤਿਨਾਮ ਪ੍ਰਗਟਾਵੋ। ਜਹ ਤਹ ਸਿੱਖੀ ਰੀਤ ਚਲਾਵੋ।

ਭਾਈ ਲਹਿਣਾ ਜੀ, ਸ੍ਰੀ ਗੁਰੂ ਅੰਗਦ ਦੇਵ ਹੋਏ ਪ੍ਰਗਟੇ। ਸਮਾਂ ਪਾ ਕੇ, ਇਹ ਜੋਤਿ ਸ੍ਰੀ ਗੁਰੂ ਅਮਰਦਾਸ ਵਿਚ ਰੱਖੀ...ਦੇਹਧਾਰੀ ਗੁਰੂ ਪਰੰਪਰਾ ਸਿੱਖ ਸੰਸਾਰ ਦੀ ਝੋਲੀ ਪਾਈ।

ਗੁਰੂ ਪਛਾਣ ਵਾਲੀਆਂ, ਅੱਖਾਂ ਸ੍ਰੀ ਗੁਰੂ ਨਾਨਕ ਸਮੇਂ ਵੀ ਕਿਸੇ ਵਿਰਲੇ, ਭਾਗਾਂ ਵਾਲੇ ਨੂੰ ਹੀ ਨਸੀਬ ਹੋਈਆਂ। ਆਰੰਭ ਵਿਚ, ਤਿੰਨ ਸਿੱਖ ਸ੍ਰੀ ਗੁਰੂ ਨਾਨਕ ਨੂੰ ਮਿਲੇ; ਬੇਬੇ ਨਾਨਕੀ, ਰਾਇ ਬੁਲਾਰ ਅਤੇ ਭਾਈ ਮਰਦਾਨਾ! ਇਨ੍ਹਾਂ ਤਿੰਨ ਸਿਦਕੀ ਜਨਾਂ ਦੇ ਨਾਲ, ਬਾਬਾ ਨਾਨਕ ਧਰਮ ਯਾਤਰਾ ਦਾ ਆਰੰਭ ਕੀਤਾ—ਮਗਰੋਂ ਦੇਸ਼ਾਂ-ਦੇਸ਼ਾਂਤਰਾਂ ਦੇ ਸ਼ਰਧਾਲੂ, ਮਜ਼ਹਬ ਦੀਆਂ ਸਰਹੱਦਾਂ ਦੀਵਾਰਾਂ ਟੱਪ ਕੇ, ਗੁਰੂ ਦੀਦਾਰ ਲਈ ਟੁਰ ਪਏ ਔਰ ਕਾਰਵਾਂ ਬਣ ਗਿਆ।

ਮੈਂ ਅਕੇਲਾ ਹੀ ਚਲਾ ਥਾਂ ਜਾਨਿਬ-ਏ-ਮੰਜ਼ਿਲ ਮਗਰ
ਲੋਗ ਸਾਥ ਆਤੇ ਗਏ ਔਰ ਕਾਰਵਾਂ ਬਨਤਾ ਗਿਆ।

ਰਾਇ ਭੋਇੰ ਦੀ ਤਲਵੰਡੀ ਦਾ ਜ਼ਿਮੀਂਦਾਰ ਰਾਇ ਬੁਲਾਰ ਨਸੀਬਾਂ ਵਾਲਾ, ਉਹ ਅੱਖਾਂ ਲੈ ਕੇ ਆਇਆ, ਜਿਸ ਬਾਬਤ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਕਹਿੰਦੇ ਹਨ—

ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥

ਪਿਤਾ ਮਹਿਤਾ ਕਾਲੂ ਜੀ ਨੇ ਵੀਹ ਰੁਪਏ ਦਿੱਤੇ ਗੁਰੂ ਨਾਨਕ ਨੂੰ, ਜੇ ਗੁਰੂ ਨਾਨਕ ਕਿਸੇ ਜਿਨਸ ਦੀ ਖਰੀਦ ਵਿਕਰੀ ਕਰ ਕੇ, ਵੀਹ ਦੇ ਪੱਚੀ ਰੁਪਏ ਲਿਆ ਕੇ ਦਿੰਦੇ ਤਾਂ ਉਹ ਖਰਾ ਸੌਦਾ ਹੁੰਦਾ। ਪਰ ਗੁਰੂ ਨਾਨਕ ਨੇ ਕੁਝ ਜ਼ਰੂਰਤਮੰਦ, ਭੁੱਖਿਆਂ ਸਾਧਾਂ

ਨੂੰ ਲੰਗਰ ਪਾਣੀ ਛਕਾਇਆ। ਇਸ ਤੋਂ ਵਧੀਆ ਹੋਰ ਕੋਈ ਵਾਪਾਰ, ਖਰਾ ਨਹੀਂ ਹੋ ਸਕਦਾ ਸੀ। ਪਿਤਾ ਨੇ, ਪਿੰਡ ਤੋਂ ਬਾਹਰ ਛੱਪਰ ਕੰਢੇ ਬੈਠੇ ਗੁਰੂ ਨਾਨਕ ਦੇ ਮੂੰਹ 'ਤੇ ਚਪੇੜਾਂ ਮਾਰੀਆਂ। ਰਾਇ ਬੁਲਾਰ, ਮਹਿਤਾ ਕਾਲੂ ਨੂੰ ਕਹਿੰਦੇ ਹਨ, ਇਸ ਨਾਨਕ ਨੂੰ ਬੰਦਾ ਕਰ ਕੇ ਨਾ ਜਾਣਨਾ...ਇਹ ਖ਼ੁਦਾ ਦਾ ਰੂਪ ਹੈ...ਇਸ ਦੇ ਹੱਥਾਂ 'ਚੋਂ ਸਾਰੀ ਦੁਨੀਆਂ ਦੀ ਦੌਲਤ ਵਗਦੀ ਮੈਂ ਵੇਖੀ ਹੈ। ਇਸ ਦੀ ਬਖਸ਼ਿਸ਼ ਸਦਕਾ ਤਲਵੰਡੀ ਸੁਖੀ ਵਸਦੀ ਹੈ। ਇਹ ਵੀਹ ਰੁਪਏ ਮੇਰੇ ਕੋਲੋਂ ਲੈ ਲਉ, ਅੱਗੋਂ ਹੋਰ ਜਿਤਨੀ ਜ਼ਰੂਰਤ ਹੋਵੇ, ਮੈਥੋਂ ਲੈ ਲਵੋ...ਇਸ ਰੱਬੀ ਰੂਪ ਦਾ ਮੂੰਹ ਨਹੀਂ ਫਿਟਕਾਰਨਾ।

ਭਾਈ ਮਰਦਾਨੇ ਨੂੰ, ਗੁਰੂ ਨਾਨਕ ਕਹਿੰਦੇ ਹਨ, ਮਰਦਾਨਿਆ ਦੋ ਨਦੀਆਂ ਦੇ ਵਿਚਕਾਰ (ਭਾਵ ਰਾਵੀ ਅਤੇ ਝਨਾਅ ਦੇ ਮੱਧ) ਜੰਗਲ ਦੇ ਇਕ ਪਿੰਡ ਵਿਚ ਭਾਈ ਫਿਰੰਦਾ ਰਹਿੰਦਾ ਹੈ, ਉਸ ਪਾਸੋਂ ਗੁਰਮੁਖੀ ਰਬਾਬ ਲੈ ਕੇ ਆ।

ਜੀ ਪੈਸੇ ? ਮਰਦਾਨੇ ਪੁੱਛਿਆ।

ਮਰਦਾਨਿਆ ਉਵੇਂ ਤਾਂ ਕਿਸੇ ਤੋਂ ਮੰਗਣਾ ਚੰਗਾ ਨਹੀਂ, ਪਰ ਬੇਬੇ (ਨਾਨਕੀ) ਪਾਸ ਜਾਉ। ਪੈਸੇ ਲੋੜ ਜੋਗੇ ਲੈ ਲਉ। ਭੈਣ ਨਾਨਕੀ ਬੁੱਕ ਭਰ ਕੇ, ਚਾਂਦੀ ਦੀਆਂ ਮੋਹਰਾਂ ਲੈ ਆਈ। ਲਉ ਵੀਰ ਜੀ, ਹੋਰ ਵੀ ਜਿਤਨੀ ਜ਼ਰੂਰਤ ਹੋਵੇ, ਨਿਹਸ਼ੰਕ ਲੈ ਜਾਉ...ਸਿਰਫ਼ ਹਿਕ ਫਰਿਆਦ ਕਰ ਛੋਡਣੀ ਮੇਰੇ ਵੱਲੋਂ, ਮੈਨੂੰ ਮਿਲ ਜਾਵੇ। ਮੇਰਾ ਵੀਰ 'ਰੱਬ' ਹੈ।ਪਹਿਲੀ ਉਦਾਸੀ 'ਤੇ ਜਾਣ ਤੋਂ ਪਹਿਲਾਂ, ਬੇਬੇ ਜੀ ਨੂੰ ਵਚਨ ਦਿੱਤਾ, ਬੇਬੇ ਜੀ, ਤੁਸੀਂ ਜਦੋਂ ਯਾਦ ਕਰਸੋ, ਮੈਂ ਉਸੇ ਵੇਲੇ ਹਾਜ਼ਰ ਹੋ ਜਾਸਾਂ।

ਭਾਈ ਮਰਦਾਨਾ ਜੀ ਦਾ ਅੰਤ ਸਮਾਂ ਆਇਆ। ਬਾਬਰ ਦੀ ਕੈਦ 'ਚੋਂ ਸਾਰਿਆਂ ਨਗਰ ਵਾਸੀਆਂ ਨੂੰ ਮੁਕਤ ਕਰਵਾ ਕੇ ਸੈਦਪੁਰ ਤੋਂ ਬਾਹਰ ਆਏ ਤਾਂ ਮਰਦਾਨਾ ਜੀ ਕਹਿੰਦੇ ਹਨ, ਬਾਬਾ ਜੀ...ਬਹੁਤ ਸਮਾਂ ਹੋ ਗਿਆ, ਘਰੋਂ ਬਾਹਰ ਫਿਰਦਿਆਂ ਨੂੰ, ਹੁਣ ਘਰ ਨੂੰ ਚਲੀਏ।

ਹਾਂ ਮਰਦਾਨਿਆ, ਚਲੋ ਘਰ ਨੂੰ।ਸਤਿਗੁਰ ਜੀ ਬਚਨ ਕੀਤਾ। ਮਰਦਾਨੇ ਅਰਜ਼ ਕੀਤੀ, ਪਹਿਲਾਂ ਤੁਸੀਂ ਘਰ ਨੂੰ ਜਾਉ।ਭਾਈ ਸੰਤੋਖ ਸਿੰਘ ਜੀ, **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ** ਵਿਚ ਬਹੁਤ ਖ਼ੂਬਸੂਰਤ ਪ੍ਰਸੰਗ ਕਲਮਬੱਧ ਕੀਤਾ ਹੈ—

ਸਤਿਗੁਰੁ ਬੋਲੇ ਸਹਜ ਸੁਭਾਇ, ਤੂੰ ਹਮਤੇ ਪਹਿਲੇ ਹੀ ਜਾਇ॥

ਮਰਦਾਨੇ ਨੇ ਸਾਰੀ ਉਮਰ, ਗੁਰੂ ਨਾਨਕ ਦੀ ਸੋਹਬਤ ਵਿਚ ਗੁਜ਼ਾਰੀ ਸੀ। ਰਮਜ਼ ਸਮਝਦਾ ਸੀ।

ਚਰਣ ਫੜ ਲਏ ਸਤਿਗੁਰਾਂ ਦੇ। ਬਾਬਾ, ਸੱਚ ਦੱਸ, ਹੁਣ ਮੇਰੀ ਆਰਜਾ ਕਿਤਨੀ ਰਹਿੰਦੀ ਹੈ ?

ਮਰਦਾਨਿਆ, ਪੰਜ ਦਿਨ! ਸਤਿਗੁਰ ਜੀ ਬਚਨ ਕੀਤਾ।

ਫੇਰ ਹਿੱਕ ਗੁਜਾਰਿਸ਼ ਮੇਰੀ ਪਰਵਾਨ ਕਰ ਲਓ...ਜਦੋਂ ਤਨ 'ਚੋਂ ਮੇਰੇ ਪ੍ਰਾਣ

ਨਿਕਲਣ, ਉਦੋਂ ਤੁਸੀਂ ਮੇਰੇ ਪਾਸ ਹੋਵੋ।

ਸੁਣ ਬੋਲੇ ਬੇਦੀ ਕੁਲ ਦੀਪਾ।
ਤਬ ਹਮ ਤੁਮ੍ਰੇ ਰਹੇਂ ਸਮੀਪਾ।

ਬਚਨ ਹੋ ਗਿਆ...ਮੈਂ ਉਸ ਵੇਲੇ ਤੇਰੇ ਨਾਲ ਹੀ ਰਹਾਂਗਾ। ਆ ਚਲੀਏ ਮਰਦਾਨਿਆ, ਖੁਰਮੇ ਸ਼ਹਿਰ ਤੇਰਾ ਕੁਝ ਦਾਣਾ-ਪਾਣੀ ਛਕਣ ਨੂੰ ਰਹਿੰਦਾ ਹੈ।

ਦੋਵੇਂ ਮੰਜ਼ਿਲੋ-ਮੰਜ਼ਿਲ ਟੁਰ ਪਏ। ਪੰਜਵੇਂ ਦਿਨ ਖੁਰਮੇ ਸ਼ਹਿਰ ਪੁੱਜੇ। ਜਿਥੇ ਲੰਗਰ ਪ੍ਰਸਾਦ ਛਕਣਾ ਸੀ, ਉਹ ਛਕ ਲਿਆ। ਹੁਣ ਸਤਿਗੁਰ ਜੀ ਹੌਲੀ ਹੌਲੀ ਸ਼ਹਿਰ ਤੋਂ ਬਾਹਰ ਟੁਰ ਪਏ। ਇਕ ਬੋਹੜ ਹੇਠ, ਸਮਾਂ ਨੇੜੇ ਜਾਣ, ਸਤਿਗੁਰੂ ਜੀ, ਬੈਠ ਗਏ। ਭਾਈ ਮਰਦਾਨਾ ਵੀ ਰਮਜ਼ ਸਮਝ, ਸਤਿਗੁਰਾਂ ਦੇ ਪੈਰਾਂ 'ਤੇ ਸਿਰ ਰੱਖ ਕੇ ਲੇਟ ਗਿਆ। ਬਾਬਾ ਨਾਨਕ ਜੀ, ਹੁਣ ਕਿੰਨੇ ਸਵਾਸ ਰਹਿੰਦੇ ਹਨ ? ਮਰਦਾਨਿਆ, ਨੌਂ ਸਵਾਸ!

ਜਿਵੇਂ ਕੋਈ ਬਾਲ, ਆਪਣੇ ਪਿਤਾ ਦੇ ਪੈਰਾਂ 'ਤੇ ਸਿਰ ਰੱਖ, ਭੈਅ ਮੁਕਤ ਹੁੰਦਾ ਹੈ...ਉਵੇਂ ਮੌਤ ਦੇ ਭੈਅ ਤੋਂ ਮੁਕਤ ਮਰਦਾਨਾ ਨੇਤਰ ਬੰਦ ਕਰ ਲੇਟਿਆ ਹੈ। ਸਤਿਗੁਰ ਜੀ, ਮਰਦਾਨੇ ਦੇ ਸਿਰ 'ਤੇ ਪਿਆਰ ਲਾਡ ਨਾਲ ਹੱਥ ਫੇਰਦੇ ਹੋਏ ਬਚਨ ਕਰਦੇ ਹਨ—

ਮਰਦਾਨਿਆ! ਤੂੰ ਸੱਚੇ ਮਿੱਤਰ ਵਾਂਗ ਸਾਥ ਨਿਭਾਇਆ ਹੈ। ਜੇ ਕਹੇਂ, ਤੈਨੂੰ ਲੰਬੀ ਉਮਰ, ਨਿਰੰਕਾਰ ਤੋਂ ਦਿਵਾ ਦੇਈਏ...ਜੇ ਕਹੇਂ ਤੈਨੂੰ ਧਨ, ਸੰਪਤੀ, ਸ਼ੋਭਾ, ਸਤਿਕਾਰ ਦਿਵਾ ਦੇਈਏ। ਮੰਗ ਲੈ...ਜੋ ਚਾਹੀਦਾ ਹੈ।

ਬਾਬਾ! ਟੁੱਟਦੀ ਹੋਈ ਆਵਾਜ਼ ਵਿਚ ਮਰਦਾਨਾ ਬੋਲਿਆ, ਤੂੰ ਨਿਰੰਕਾਰ ਨੂੰ ਜਾਣਦਾ ਹੈਂ...ਨਿਰੰਕਾਰ ਤੇਰੀਆਂ ਮੰਨਦਾ ਹੈ।

ਮੈਂ ਨਿਰੰਕਾਰ ਨੂੰ, ਅਕਾਲ ਪੁਰਖ ਨੂੰ ਨਹੀਂ ਜਾਣਦਾ।

ਬਾਬਾ, ਮੈਂ ਤੈਨੂੰ ਜਾਣਿਆ ਹੈ...ਤੂੰ ਮੇਰੀਆਂ ਮੰਨਦਾ ਹੈਂ। ਮੇਰਾ ਸਿਰ ਤੇਰੀ ਗੋਦ ਵਿਚ ਹੈ...ਪ੍ਰਾਣ ਉਡਾਰੀ ਮਾਰਨ ਲਈ ਤਿਆਰ ਹਨ...ਇਸ ਤੋਂ ਵੱਡਾ ਨਸੀਬ ਹੋਰ ਕਿਸ ਦਾ ਹੋਣਾ ਹੈ ? ਬਸ, ਅਲਵਿਦਾ...ਹੁਣ ਪ੍ਰਾਣ ਨੂੰ, ਪਰਮੇਸ਼ਰ ਵਿਚ ਮਿਲ ਜਾਣ ਦੇ...ਮਰਦਾਨੇ ਦੇ ਨੇਤਰ ਬੰਦ ਹੋ ਗਏ...ਸਵਾਸ ਥੰਮ੍ਹ ਗਏ...ਪ੍ਰਾਣ ਉਡਾਰੀ ਮਾਰ ਗਏ...

ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥

# ਪੰਚ ਮਨਾਏ ਪੰਚ ਰੁਸਾਏ

ਇਕ ਅੰਤਰ ਦਵੰਦ, ਇਕ ਅੰਤਰ ਵਿਰੋਧ ਵਿਚ ਮਨੁੱਖ ਦਾ ਜਨਮ ਹੋਇਆ। ਸਰੀਰ ਵਿਚ, ਸੰਸਾਰ ਦੇ ਸਾਰੇ ਰੋਗ ਦੇ ਕੀਟਾਣੂ ਮੌਜੂਦ ਹਨ। ਸ਼ੂਗਰ, ਪੀਲੀਆ, ਕਬਜ਼, ਦਸਤ, ਸਾਰੇ ਕਾਰਕ ਤੱਤ ਮੌਜੂਦ ਹਨ। ਇਨ੍ਹਾਂ ਦੇ ਉਪਚਾਰ ਲਈ, ਕਈ ਰਸ ਵਾਲੀਆਂ ਗ੍ਰੰਥੀਆਂ ਵੀ ਹਨ। ਭੋਜਨ ਨਾਲ ਜਿਤਨੀ ਸ਼ੂਗਰ ਪੈਦਾ ਹੋਈ, ਉਸ ਨੂੰ ਸੰਤੁਲਤ ਕਰਨ ਲਈ, ਉਸੇ ਮਾਤਰਾ ਵਿਚ 'ਪੈਨਕ੍ਰਿਆਜ' ਇਨਸਯੁਲੀਨ ਭੇਜ, ਭੋਜਨ ਨੂੰ ਸੰਤੁਲਤ ਕਰ ਦਿੰਦਾ ਹੈ। ਇਹ ਪ੍ਰਕ੍ਰਿਤੀ ਦੀ ਸੰਰਚਨਾ ਦਾ ਯਥਾਰਥ ਹੈ। ਸਰੀਰ ਦੇ ਅੰਦਰ ਵਿਰੋਧੀ ਹਾਲਾਤ ਵਿਚ ਵੀ, ਜੀਵਨ ਯਾਤਰਾ ਜਾਰੀ ਰਹਿੰਦੀ ਹੈ।

ਇਹ ਅੰਤਰ ਮੁਖੀ ਵਿਵਿਧਤਾ, ਬਾਹਰ ਮਨੁੱਖੀ ਸਮਾਜ ਵਿਚ ਵੀ ਪ੍ਰਗਟ ਹੋ ਗਈ। ਗੁਰੂ ਨਾਨਕ ਜਗ ਨੂੰ ਸੁਖੀ ਕਰਨ ਲਈ ਉਦਾਸੀਆਂ 'ਤੇ ਜਾ ਰਹੇ ਹਨ, ਭਗਵਾਨ ਮਹਾਂਵੀਰ ਅਹਿੰਸਾ ਦਾ ਸੰਦੇਸ਼ ਦੇ ਰਹੇ ਹਨ, ਭਗਵਾਨ ਬੁੱਧ ਸਮਾਜ ਨੂੰ ਸੁਖੀ ਸ਼ਾਂਤ ਕਰਨ ਲਈ 'ਅਸ਼ਟਾਂਗ ਮਾਰਗ' ਦੀ ਵਿਆਖਿਆ ਕਰ ਰਹੇ ਹਨ। ਵਿਰੋਧੀ ਮਾਨਸ, ਇਨ੍ਹਾਂ ਨੂੰ ਪੱਥਰ ਮਾਰ ਰਹੇ ਹਨ। ਭੂਤਨਾ, ਬੇਤਾਲਾ, ਢੋਂਗੀ ਕਹਿ ਕੇ ਨਿੰਦ ਰਹੇ ਹਨ।

ਇਹ ਦੋ ਤਰ੍ਹਾਂ ਦੀ ਮਾਨਸਿਕਤਾ ਸਮਾਜ ਵਿਚ ਇਕੱਠਿਆਂ ਵਗ ਰਹੀ ਹੈ। ਇਹ ਵਿਰੋਧਤਾ ਦੇ ਤੱਤ, ਮਨੁੱਖੀ ਰਚਨਾ ਦੇ ਅੰਦਰ ਹੀ ਸਿਰਜੇ ਗਏ। ਮਨੁੱਖ ਦੇ ਸਰੀਰ ਨੂੰ 'ਮਾਂ' ਕਿਹਾ ਗਿਆ...'ਧਨ' ਕਿਹਾ ਗਿਆ। ਅੰਦਰਲੀ ਜੀਵਾਤਮਾ 'ਪਿਤਾ' ਹੈ...'ਪਿਰ' ਹੈ। ਪਿਤਾ ਦੇ ਸਹਿਯੋਗ ਨਾਲ, ਮਾਂ ਨੇ 'ਪੰਜ' ਚੰਚਲ ਅਤੇ ਕਲੇਸ਼ਦਾਇਕ ਪੁੱਤਰ ਜੰਮੇ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਪੰਜ ਸਾਧ ਪੁੱਤਰ ਵੀ ਜੰਮੇ, ਸਤਿ, ਸੰਤੋਖ, ਦਇਆ, ਧਰਮ ਅਤੇ ਧੀਰਜ। ਬਹੁਤਿਆਂ ਦੇ ਅੰਦਰ, ਸ਼ਰਾਰਤੀ ਤੱਤ ਬਹੁਤੇ ਵਿਕਸਿਤ ਹੋ ਗਏ। ਉਨ੍ਹਾਂ ਨੂੰ ਮਨ ਮਰਜ਼ੀ ਦੀ ਖੁਰਾਕ ਮਿਲਦੀ ਰਹੀ...ਪੁਸ਼ਟ ਹੁੰਦੇ ਗਏ। ਅੱਜ ਉਨ੍ਹਾਂ ਦੇ ਹੱਥਾਂ ਵਿਚ ਪੱਥਰ ਹਨ, ਚਾਕੂ ਹਨ, ਬੰਦੂਕਾਂ ਹਨ। ਉਹ, ਜਿਹੜਾ ਨਾਮੀ ਅਪਰਾਧੀ, ਮੁਹੱਲੇ ਵਿਚ ਰਹਿੰਦਾ ਹੈ, ਉਸ ਨੂੰ ਸਿੱਖਿਆ, ਮਾਹੌਲ, ਖੁਰਾਕ ਮਾੜੀ ਮਿਲੀ। ਮਾੜੇ ਤੱਤ, ਸਮਾਜ ਵਿਰੋਧੀ, ਵਿਚਾਰ, ਵਿਕਸਿਤ ਹੋ ਗਏ। ਹੁਣ ਉਹ ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕੇ ਹਨ। ਹੁਣ ਉਨ੍ਹਾਂ ਨੂੰ ਧਰਮ ਉਪਦੇਸ਼, ਗੁਰੂ

ਪ੍ਰਸੰਗ ਭੀ ਬੇਅਰਥ ਲੱਗਦੇ ਹਨ। ਉਨ੍ਹਾਂ ਨੂੰ ਚੰਗੀ ਸਿੱਖਿਆ ਦਿੱਤੀ ਜਾਏ, ਉਸ ਦੀ ਵਿਆਖਿਆ ਵੀ ਤੋੜ-ਮਰੋੜ ਕੇ ਆਪਣੇ ਮਨ ਮੁਤਾਬਕ ਕਰ ਲੈਂਦੇ ਹਨ।

ਅਮਰੀਕਾ ਤੋਂ ਪ੍ਰਮੁੱਖ ਵਿਗਿਆਨੀ 'ਓਪਨ ਹਾਈਮਰ' ਭਾਰਤ ਆਇਆ। ਸੁਣ ਰੱਖਿਆ ਸੀ ਕਿ ਭਾਰਤੀ ਧਰਮ ਗ੍ਰੰਥਾਂ ਵਿਚ ਗਿਆਨ ਦੇ ਕਈ ਰਹੱਸਮਈ ਖ਼ਜ਼ਾਨੇ ਛੁਪੇ ਹੋਏ ਹਨ। ਅਰਥ ਭਾਵ ਸਮਝ ਕੇ ਪ੍ਰਯੋਗ ਦੀ ਲੋੜ ਹੈ। ਓਪਨ ਹਾਈਮਰ ਕਹਿੰਦੇ ਹਨ, ਤਿੰਨ ਸਾਲਾਂ ਤਕ, ਹਿੰਦੁਸਤਾਨ ਦੇ ਵੱਖ-ਵੱਖ ਧਰਮ ਕੇਂਦਰਾਂ, ਵਿਸ਼ਵ ਵਿਦਿਆਲਿਆਂ, ਪ੍ਰਾਚੀਨ ਪੁਸਤਕਾਲਯਾਂ ਵਿਚ ਲੱਭਦਾ ਰਿਹਾ। ਗੀਤਾ ਦੇ ਦੂਜੇ ਅਧਿਆਇ ਦੇ 47ਵੇਂ ਸਲੋਕ ਨੂੰ ਪੜ੍ਹਿਆ—

ਕਰਮਨਯੇ ਵਾਧਿਕਾ ਰਸਤੇ ਮਾ ਫਲੇਸੁ ਕਦਾਚਨ।
ਮਾ ਕਰਮਫਲ ਭੁਰਮਾ ਹੇਤੂ ਤੇ ਸੰਗੋ ਅਸਤਿ ਕਰਮਣੀ॥

ਅਨੁਵਾਦ ਕਰਵਾਇਆ, ਅਰਥ ਸਮਝਿਆ, ਗਹਿਰੇ ਛੁਪੇ ਹੋਏ ਸੰਦੇਸ਼ ਨੂੰ ਸਮਝਿਆ ਤਾਂ ਉੱਛਲ ਪਿਆ। ਗੀਤਾ ਦੇ ਇਸੇ ਸਿਧਾਂਤ ਦੇ ਆਧਾਰ 'ਤੇ ਐਟਮ ਬੰਬ ਬਣਾ ਕੇ ਦੂਜੀ ਵੱਡੀ ਜੰਗ ਵਿਚ ਵਰਤਿਆ...ਲੱਖਾਂ ਲੋਗ ਮਰ ਗਏ...ਲੱਖਾਂ ਅਪਾਹਜ ਹੋ ਗਏ। ਕਾਰਣ ਇਹ ਸੀ ਕਿ ਉਸਦੇ ਅੰਦਰ, ਲੋਭੀ, ਕਾਮੀ, ਵਿਸਥਾਰਵਾਦੀ ਤੱਤ ਤਗੜੇ ਹੋ ਚੁੱਕੇ ਸਨ। ਉਨ੍ਹਾਂ ਨੂੰ ਖੁਰਾਕ ਮਿਲੀ ਤਾਂ ਸ਼ਕਤੀ ਦੀ ਵਰਤੋਂ 'ਬਸਤੀਵਾਦੀ' ਜਿਹੇ ਮਨੁੱਖਤਾ ਵਿਰੋਧੀ ਮੰਤਵ ਲਈ ਵਰਤਿਆ।

ਸਿੱਖਿਆ ਦੇਣ ਵਾਲਾ ਅਤੇ ਸਿੱਖਿਆ ਪ੍ਰਾਪਤ ਕਰਨ ਵਾਲੇ ਤੇ ਨਿਰਭਰ ਕਰਦਾ ਹੈ। ਇਸ ਦੀ ਸਵੀਕ੍ਰਿਤੀ ਅਤੇ ਉਪਯੋਗਿਤਾ, ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਸਿੱਖਿਆ ਦੇਣ ਵਾਲਾ ਸਾਧ, ਤੱਤਾਂ ਦੇ ਵਿਕਸਿਤ ਤਲ ਤੋਂ ਬੋਲ ਰਿਹੈ...ਜਾਂ ਅੰਦਰਲੇ ਲੋਭੀ ਤੱਤ ਨੂੰ ਸੰਤੁਸ਼ਟ ਕਰ ਰਿਹੈ, ਮਾਇਆ ਦਾ ਜੁਗਾੜ ਕਰ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ, ਆਸਾ ਰਾਗ ਵਿਚ ਕਹਿੰਦੇ ਹਨ—

ਰੋਟੀਆ ਕਾਰਣਿ ਪੂਰਹਿ ਤਾਲ॥
ਆਪੁ ਪਛਾੜਹਿ ਧਰਤੀ ਨਾਲਿ॥

'ਗੁਰੂ ਵਸ਼ਿਸ਼ਠ ਦੀ ਸਿੱਖਿਆ ਨਾਲ, 'ਰਾਮ' ਬਣਦਾ ਹੈ, ਜਿਹੜਾ ਮਤਰੇਈ ਮਾਂ ਦੇ ਕਹਿਣ 'ਤੇ ਵੀ ਰਾਜਗੱਦੀ ਦਾ ਤਿਆਗ ਕਰ ਦਿੰਦਾ ਹੈ...ਵਲਕਲ ਧਾਰਨ ਕਰ ਬਨਵਾਸ ਨੂੰ ਹੱਸਦਿਆਂ ਹੱਸਦਿਆਂ ਸਵੀਕਾਰ ਕਰ ਲੈਂਦਾ ਹੈ।

ਤਾਂ ਵੇਦਾਂਤ ਕਹਿੰਦਾ ਹੈ—

ਆਸ਼ਚਰਯੋ ਵਕਤਾ, ਕੁਸ਼ਲੋ ਅਸਯ ਲਬਧਾ:॥

ਸਿੱਖਿਆ ਦੇਣ ਵਾਲਾ, ਵਿਸਮਾਦੀ ਸ਼ਖ਼ਸੀਅਤ ਵਾਲਾ ਹੋਵੇ ਅਤੇ ਸਿਖਿਆਰਥੀ ਕੁਸ਼ਲ ਹੋਵੇ, ਯੋਗ ਪਾਤਰ ਹੋਵੇ ਤਾਂ ਹੀ ਉਸ ਵਿਦਿਆ ਦਾ ਸਦਉਪਯੋਗ ਹੋ ਸਕਦਾ ਹੈ।

ਮਨੁੱਖ ਦੇ ਇਸੇ ਅੰਤਰ ਦਵੰਦ ਨੂੰ ਪੰਜਵੇਂ ਪਾਤਸ਼ਾਹ ਖੋਲ੍ਹਦੇ ਹਨ—

ਪੰਚ ਮਨਾਏ ਪੰਚ ਰੁਸਾਏ॥ ਪੰਚ ਵਸਾਏ ਪੰਚ ਗਵਾਏ॥
ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ॥
ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ॥

ਦੋ ਧਿਰਾਂ, ਵੱਖ-ਵੱਖ ਮਾਨਸਿਕਤਾ ਵਾਲੀਆਂ, ਮਨੁੱਖ ਅੰਦਰ ਮੌਜੂਦ ਹਨ। ਇਹ ਮਨੁੱਖ ਦਾ ਜੀਵਨ, ਇਕ ਨਗਰ ਹੈ। ਇਸ ਨਗਰ ਵਿਚ ਸੰਤ ਅਤੇ ਦੁਸ਼ਟ ਦੋਵੇਂ ਰਹਿੰਦੇ ਹਨ। ਪੰਜ ਘਰ ਸਾਧਾਂ ਦੇ ਅਤੇ ਪੰਜ ਘਰ ਬਟਮਾਰਾਂ ਦੇ। ਦੋਹਾਂ ਤੋਂ ਨਗਰ ਵਸਿਆ। ਪਰ ਜੇ ਸਾਧ ਬਿਰਤੀ ਵਾਲਿਆਂ ਨੂੰ ਉਤਸਾਹਤ ਕਰਦੇ ਹਾਂ ਤਾਂ ਦੂਜਾ ਧਿਰ ਰੁੱਸ ਜਾਂਦਾ ਹੈ। ਜੇ ਦਾਨ ਕਰੇ ਤਾਂ ਲੋਭ ਨਾਰਾਜ਼ ਹੋ ਜਾਂਦਾ ਹੈ। ਜੇ ਜਤੁ ਧਾਰਣ ਕਰੀਏ, ਬ੍ਰਹਮਚਰਿਆ ਪਾਲਨ ਕਰੀਏ ਤਾਂ ਕਾਮ ਨਾਰਾਜ਼ ਹੁੰਦਾ ਹੈ। ਖਿਮਾ ਕਰੀਏ ਤਾਂ ਕ੍ਰੋਧ ਕਲੇਸ਼ ਕਰਦਾ ਹੈ।

ਪੰਚ ਮਨਾਏ ਪੰਚ ਰੁਸਾਏ॥

ਪੰਜਾਂ ਦੇ ਇਕ ਧਿਰ ਨੂੰ ਸਮਝਾ-ਮਨਾ ਲਈਏ ਤਾਂ ਦੂਜਾ ਰੁੱਸ ਜਾਂਦਾ ਹੈ।

ਸੰਤ, ਸੰਤੁਲਨ ਤੇ ਬਿਰਾਜਦਾ ਹੈ। ਦੋਹਾਂ ਦੇ ਵਿਚਾਲੇ...ਦੋਹਾਂ ਦੇ ਉਪਰ! ਲੋਕ ਹਿੱਤ ਵਿਚ, ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਨਿਰਣਾ ਲੈਂਦੇ ਹਨ, ਫਿਰ ਹੋਰ ਕਿਸੇ ਦੀ ਨਹੀਂ ਸੁਣਦੇ। ਨਿਹਾਇਤ ਨਿਡਰ, ਨਿਹਾਇਤ ਨਿਧੜਕ।

ਦੁਆਪਰ ਯੁੱਗ ਵਿਚ, ਕੌਰਵ ਪਾਂਡਵ ਵਿਚ 'ਮਹਾਂਭਾਰਤ' ਜੰਗ ਹੋ ਰਹੀ ਸੀ। ਅੱਜ, ਕੌਰਵਾਂ ਦਾ ਸੈਨਾਪਤੀ 'ਕਰਣ' ਹੈ। ਧਰਤੀ ਦਾ ਅਦੁੱਤੀ ਯੋਧਾ। ਦੁਰਯੋਧਨ ਨੂੰ ਬੱਸ ਇਕ ਕਰਣ 'ਤੇ ਆਸ ਹੈ, ਇਹ ਜਿੱਤ ਦਿਵਾ ਸਕਦਾ ਹੈ। ਵਾਰ ਵਾਰ ਕਰਣ ਨੂੰ ਦੁਰਯੋਧਨ ਲਲਕਾਰਦਾ ਹੈ, ਮਾਰ ਕਰਣ...ਅਰਜਨ ਦਾ ਖਾਤਮਾ ਕਰ। ਅਰਜਨ ਦੇ ਸਾਰਥੀ ਆਪ ਭਗਵਾਨ ਕ੍ਰਿਸ਼ਨ ਹਨ। ਰਥ ਉਪਰ ਜਿਹੜਾ ਧਵਜ ਹੈ, ਨਿਸ਼ਾਨ ਝੂਲ ਰਿਹੈ, ਉਸ ਉਪਰ ਮਹਾਬਲੀ ਹਨੂੰਮਾਨ ਸਵਾਰ ਹਨ, ਕਰਣ ਦੀ ਕੋਈ ਪੇਸ਼ ਨਹੀਂ ਜਾਂਦੀ। ਕੰਨ ਤਕ ਧਨੁੱਖ ਦੀ ਡੋਰ ਖਿੱਚ ਕੇ ਮੰਤਰ ਪੜ੍ਹਦਾ ਹੈ ਔਰ ਤੀਰ ਦੁਸ਼ਮਣ 'ਤੇ ਛੱਡਦਾ ਹੈ, ਅਰਜਨ ਮਰਦਾ ਨਹੀਂ। ਉਸੇ ਮਹਾਂ ਸਮਰ ਵਿਚ...ਮਹਾਂ ਸੰਗ੍ਰਾਮ ਵਿਚ, ਇਕ ਨਾਗ, ਕਰਣ ਕੋਲ ਆਇਆ ਔਰ ਕਿਹਾ, ਕਰਣ ਤੂੰ ਬਸ ਆਪਣੇ ਤੀਰ 'ਤੇ ਮੈਨੂੰ ਇਕ ਵਾਰ ਬਹਿ ਜਾਣ ਦੇ। ਤੀਰ ਅਰਜਨ ਤਕ ਪਹੁੰਚਦਿਆਂ ਮੈਂ ਅਰਜਨ ਦੀ ਕਹਾਣੀ ਮੁਕਾ ਦਿਆਂਗਾ। ਮੇਰਾ ਪੁਰਾਣਾ ਹਿਸਾਬ ਉਸ ਵੱਲ ਰਹਿੰਦਾ ਹੈ। ਖੰਡਵਾ ਦੇ ਜੰਗਲ ਵਿਚ ਅੱਗ ਲਾ ਕੇ, ਇਸ ਅਰਜਨ ਨੇ ਮੇਰਾ ਸਾਰਾ ਪਰਿਵਾਰ ਸਾੜ ਕੇ ਸਵਾਹ ਕਰ ਦਿੱਤਾ ਸੀ। ਮੈਂ ਇਕੱਲਾ ਬਚ ਗਿਆ...ਪਰ ਉਦੋਂ ਦਾ ਬਦਲੇ ਦੀ ਅੱਗ ਵਿਚ ਸੜ ਰਿਹਾ ਹਾਂ। ਮੈਂ ਤੇਰੀ ਸਹਾਇਤਾ ਕਰਦਾ ਹਾਂ, ਤੂੰ ਮੇਰੀ

ਸਹਾਇਤਾ ਕਰ। ਅਰਜਨ ਦੋਹਾਂ ਦਾ ਦੁਸ਼ਮਣ ਹੈ। ਪਰ...ਵਾਹ ਕਰਣ! ਕਹਿੰਦਾ ਹੈ—

ਤੇਰੀ ਸਹਾਇਤਾ ਸੇ ਵਿਜੈ ਤੋ
ਅਨਾਯਾਸ ਹੀ ਪਾ ਜਾਊਂਗਾ।
ਪਰ, ਆਨੇ ਵਾਲੀ ਮਾਨਵਤਾ ਕੋ
ਮੁਖ ਕਿਆ ਦਿਖਲਾਊਂਗਾ।

ਅਰੇ ਨੀਚ! ਵੀਰਾਂ ਦੀ ਜਿੱਤ ਤਾਂ ਉਸ ਦੇ ਪੌਰੁਸ਼ (ਮਰਦਾਨਗੀ) ਉਸ ਦੀਆਂ ਬਾਹਾਂ ਵਿਚ ਹੁੰਦੀ ਹੈ।

ਕਰਣ ਨੇ ਅਸ਼ਵੈਸਨ ਸਰਪ ਦੀ ਪੇਸ਼ਕਸ਼ ਠੁਕਰਾ ਦਿੱਤੀ...ਆਪਣੀ ਜਿੱਤ ਹਿੱਤ ਮਾੜੇ ਤੱਤਾਂ ਨੂੰ ਸਵੀਕਾਰ ਨਹੀਂ ਕੀਤਾ।

ਪੰਜ ਚੰਗੇ ਤੱਤਾਂ ਨੂੰ ਤਰਜੀਹ ਦਿੰਦੇ ਹਾਂ ਤਾਂ ਮਾੜੇ ਤੱਤ ਨਾਰਾਜ਼ ਹੋ ਜਾਂਦੇ ਹਨ। ਇਹ ਜੀਵਨ ਦਾ ਯਥਾਰਥ ਹੈ। ਕਈ ਵਾਰ ਇਸ ਲਈ ਭਾਰੀ ਕੀਮਤ ਚੁਕਾਉਣੀ ਪੈਂਦੀ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਦੋਵੇਂ ਪੁੱਤਰ, ਸ੍ਰੀ ਚੰਦ ਅਤੇ ਲਖਮੀ ਚੰਦ ਰੁੱਸ ਗਏ, ਮਾਤਾ ਸੁਲੱਖਣੀ ਨੇ ਵੀ ਅਸਹਿਮਤੀ ਜ਼ਾਹਿਰ ਕੀਤੀ, ਪਰ ਗੁਰੂ ਨਾਨਕ ਨੇ ਗੁਰਤਾ ਗੱਦੀ ਯੋਗ ਪਾਤਰ, ਭਾਈ ਲਹਿਣਾ ਜੀ ਨੂੰ ਦਿੱਤੀ। ਇਥੇ ਕੋਈ ਸਮਝੌਤਾ ਨਹੀਂ ਕੀਤਾ।

ਜਦੋਂ ਲੋਭ ’ਤੇ ਤਿਆਗ ਭਾਰਾ ਪੈ ਜਾਏ, ਜਦੋਂ ਕ੍ਰੋਧ ਤੇ ਖਿਮਾ ਪ੍ਰਭਾਅਕਾਰੀ ਹੋ ਜਾਏ...ਸਮਝ ਲਓ, ਸਾਧ ਬਿਰਤੀ ਦਾ ਸਾਮਰਾਜ ਸਿਖਰ ’ਤੇ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਮਲਿਕ ਭਾਗੋ ਦੇ ਪਕਵਾਨ ਸਾਹਵੇਂ, ਭਾਈ ਲਾਲੋ ਦੀ ਰੁੱਖੀ ਰੋਟੀ, ਅੰਮ੍ਰਿਤ ਵਾਂਗ ਲਗਦੀ ਹੈ। ਫਿਰ, ਲਾਹੌਰ ਦੇ ਧਨੀ ਦੁਨੀ ਚੰਦ ਨੇ ਹੀਰੇ ਜਵਾਹਰਾਤਾਂ ਭਰਿਆ ਟਰੰਕ ਭੇਟ ਕੀਤਾ ਤਾਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਇਹ ਧਨ ਲੋੜਵੰਦਾਂ ਲਈ ਵਰਤਿਆ ਜਾਵੇ। ਭੁੱਖੇ ਨੂੰ ਰੋਟੀ, ਨੰਗੇ ਪਿੰਡੇ ’ਤੇ ਬਸਤਰ, ਗਰੀਬ ਦੇ ਸਿਰ ’ਤੇ ਛੱਤ ਹੋਵੇ...ਸਿੱਖਿਆ ਹੋਵੇ...ਗਰੀਬ ਦਾ ਇਲਾਜ ਹੋਵੇ। ਧਨ ਦਾ ਇਹੋ ਸਦਉਪਯੋਗ ਹੈ।

ਸੰਨ 1849 ਵਿਚ ਲਾਹੌਰ ਦੇ ਖਾਲਸਈ ਰਾਜ ਮਹਿਲ ਤੋਂ ਕੇਸਰੀ ਨਿਸ਼ਾਨ ਲੱਥਣ ਅਤੇ ਯੂਨੀਅਨ ਜੈਕ ਦੇ ਝੂਲਣ ਦੇ ਮੱਧ ਜਿਹੜਾ ਵਕਫ਼ਾ ਸੀ, ਉਸ ਵਿਚ ਖ਼ਾਲਸਾ ਦਰਬਾਰ ਦਾ ਕੀਮਤੀ ਮਾਲ ਖ਼ਜ਼ਾਨਾ, ਇਧਰ-ਉਧਰ ਹੋ ਗਿਆ। ਦੀਵਾਨ ਬੂਟਾ ਚੰਦ ਦੇ ਹੱਥ ਵੀ, ਇਕ ਪੇਟੀ ਭਰੀ ਹੋਈ ਕੀਮਤੀ ਹੀਰਿਆਂ ਤੇ ਸੋਨੇ ਦੀ ਲੱਗੀ। ਉਹ ਲੈ ਕੇ, ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਢਿਗ ਆਇਆ। ਬਕਸਾ ਭਰਿਆ ਹੋਇਆ ਰੱਖ, ਮੱਥਾ ਟੇਕਿਆ। ਗਰੀਬ ਨਿਵਾਜ, ਇਹ ਸਵੀਕਾਰ ਕਰੋ। ਪਾਤਸ਼ਾਹ ਬਚਨ ਕੀਤਾ, ਇਸ ਵੇਲੇ, ਹਕੂਮਤ ਪੰਜਾਬ ’ਚੋਂ ਸਿੱਖ ਇਤਿਹਾਸ, ਪੋਥੀਆਂ, ਗੁਟਕੇ,

ਸਾਰੇ ਚਲਾਕੀ ਨਾਲ ਖੋਹ ਲਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਂਭ ਸੰਭਾਲ ਸਹੀ ਤਰੀਕੇ ਨਾਲ ਨਾ ਹੋਣ ਕਰ ਕੇ, ਬਹੁਤੇ ਸਰੂਪ ਬਿਰਧ ਹੋ ਗਏ ਹਨ, ਚੂਹਿਆਂ, ਦੀਮਕਾਂ ਨੇ ਪਾਠ ਕਰਨ ਜੋਗ ਵੀ ਕਈ ਨਹੀਂ ਰਹਿਣ ਦਿੱਤੇ। ਅੱਜ ਸਭ ਤੋਂ ਜ਼ਰੂਰੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਵੇਂ ਸਰੂਪ ਛਾਪੇ ਜਾਣ। ਗੁਰਬਾਣੀ ਪਾਠ ਗੁਟਕੇ ਅਤੇ ਸਿੱਖ ਵੀਰਤਾ ਦੀ ਗਾਥਾ ਭਰੇ ਇਤਿਹਾਸਕ ਪੁਸਤਕਾਂ ਦੀ ਛਪਾਈ ਕੀਤੀ ਜਾਏ। ਲੈ ਜਾਉ, ਇਹ ਮਾਇਆ ਸਿੱਖੀ ਵਿਰਸੇ ਦੀ ਸੰਭਾਲ ਲਈ ਵਰਤੋ, ਪੰਥ ਦੀ ਸੇਵਾ ਕਰੋ।

ਸਿੱਖ ਕਿਰਦਾਰ ਦਾ ਇਹ ਵਿਲੱਖਣ ਪੱਖ ਹੈ, ਪੰਜ ਸਾਧਾਂ ਨੂੰ ਪ੍ਰਮੁੱਖਤਾ ਦੇਵੇਗਾ, ਅਸਾਧ ਤੱਤ ਵਿਰੋਧਤਾ ਦਾ ਹੌਸਲਾ ਨਹੀਂ ਰੱਖਦੇ। ਸਿੱਖ ਦਾ ਜੀਵਨ ਗੁਰੂ ਵੱਲੋਂ ਉਸਾਰਿਆ ਹੋਇਆ ਨਿਵੇਕਲਾ ਮਹਿਲ ਹੈ, ਜਿਸ ਵਿਚ ਵਿਕਾਰਾਂ ਨੂੰ ਪ੍ਰਵੇਸ਼ ਦੀ ਆਗਿਆ ਨਹੀਂ।

# ਅਚਰਜ ਕਥਾ

ਰਾਜਾ ਜਨਕ ਦੀ ਰਾਜ ਸਭਾ ਵਿਚ ਯੱਗਵਲੱਕ ਅਤੇ ਗਾਰਗੀ ਸੰਵਾਦ, ਆਤਮ ਗਿਆਨ ਦਾ ਨਿਵੇਕਲਾ ਪੰਨਾ ਖੋਲ੍ਹ ਗਿਆ। ਰਾਜਾ ਜਨਕ ਨੇ ਵਿਦਵਤ ਸਭਾ ਦਾ ਆਯੋਜਨ ਕੀਤਾ। ਇਕ ਹਜ਼ਾਰ ਦੁੱਧ ਵਾਲੀਆਂ ਗਊਵਾਂ, ਜੇਤੂ ਦੇ ਇਨਾਮ ਲਈ ਖੜੀਆਂ ਕੀਤੀਆਂ ਸਨ। ਹਰ ਗਊ ਦੇ ਸਿੰਗ 'ਤੇ ਸੋਨੇ ਦਾ ਪੱਤਰਾ ਚੜ੍ਹਾਇਆ ਹੋਇਆ ਸੀ। ਦੂਰ ਦੂਰ ਤਕ ਘੋਸ਼ਣਾ ਕੀਤੀ ਗਈ, ਜਿਹੜਾ ਸ਼ਾਸਤ੍ਰਾਰਥ ਵਿਚ ਜਿੱਤੇਗਾ, ਸਾਰੀਆਂ ਗਊਵਾਂ, ਪੁਰਸਕਾਰ ਵਜੋਂ ਉਸ ਵਿਦਵਾਨ ਨੂੰ ਭੇਂਟ ਹੋਣਗੀਆਂ। ਕਹਿੰਦੇ ਹਨ, ਮਹਾਂਰਿਸ਼ੀ ਯੱਗਵੱਲਕ ਦੇ ਆਸ਼ਰਮ ਵਿਚ ਵਿਦਿਆਰਥੀਆਂ ਲਈ ਦੁੱਧ ਦੀ ਖੁਰਾਕ ਜੋਗ ਗਊ ਦੀ ਜ਼ਰੂਰਤ ਸੀ। ਘੋਸ਼ਣਾ ਸੁਣੀ।ਯੱਗਵੱਲਕ ਨੂੰ ਸੰਵਾਦ ਮੁਕਾਬਲਾ ਜਿੱਤਣ ਦੀ ਕੋਈ ਲਾਲਸਾ ਨਹੀਂ ਸੀ। ਪਰ ਗਊ, ਇਕ ਚਾਹੀਦੀ ਸੀ। ਰਾਜ ਮਹਿਲ ਦੇ ਬਾਹਰ, ਬੱਧੀਆਂ ਗਊਵਾਂ 'ਚੋਂ ਇਕ ਗਊ ਦਾ ਰੱਸਾ ਖੋਲ੍ਹਿਆ ਅਤੇ ਆਸ਼ਰਮ ਵੱਲ ਟੁਰ ਪਏ। ਗਾਰਗੀ, ਇਕ ਜਵਾਨ ਵਿਦੂਸ਼ੀ ਹੈ ਸੀ। ਵਚਕਨੂੰ ਰਿਸ਼ੀ ਦੀ ਪੁੱਤਰੀ। ਰਾਜ ਸਭਾ ਵਿਚ ਸੰਵਾਦ ਵਿਚ ਸ਼ਾਮਲ ਹੋਣ ਲਈ ਆਈ ਸੀ। ਉਸ ਵੇਖਿਆ, ਬਗ਼ੈਰ ਸ਼ਾਸਤ੍ਰਾਰਥ ਜਿੱਤਿਆਂ, ਇਕ ਸੰਤ ਗਊ ਖੋਲ੍ਹ ਕੇ ਲੈ ਜਾ ਰਹੇ ਹਨ। ਅੱਗੇ ਹੋ ਕੇ ਰੋਕ ਲਿਆ। "ਇਹ ਤਾਂ ਨਿਯਮ ਦੇ ਵਿਰੁੱਧ ਹੈ"—ਗਾਰਗੀ ਬੋਲੀ। "ਪਹਿਲਾਂ ਤੁਹਾਨੂੰ ਸੰਵਾਦ ਪ੍ਰਤੀਯੋਗਤਾ ਜਿੱਤਣੀ ਪਵੇਗੀ।" ਯੱਗਵੱਲਕ ਜੀ ਨਿਮਰਤਾ ਸਹਿਤ ਬੋਲੇ, ਮੈਨੂੰ ਪ੍ਰਤੀਯੋਗਤਾ ਵਿਚ ਕੋਈ ਰੁਚੀ ਨਹੀਂ ਹੈ। ਮੈਨੂੰ ਤਾਂ ਵਿਦਿਆਰਥੀਆਂ ਲਈ ਇਕ ਗਊ ਦੀ ਲੋੜ ਹੈ।

ਪਹਿਲਾਂ ਸਭਾ ਵਿਚ ਬੈਠੋ...ਮੇਰੇ ਪ੍ਰਸ਼ਨ ਦਾ ਉਤਰ ਦਿਉ।

ਮੈਨੂੰ ਇਨ੍ਹਾਂ ਗਊਵਾਂ ਦਾ ਲੋਭ ਨਹੀਂ ਹੈ—ਯੱਗਵੱਲਕ ਬੋਲੇ। ਪਰ ਕਿਸੇ ਜਗਿਆਸੂ ਦੀ ਸ਼ੰਕਾ ਨਿਵਰਤ ਕਰਨਾ ਮੇਰਾ ਧਰਮ ਹੈ। 'ਪੁੱਛੋ'—ਯੱਗਵੱਲਕ।

ਗਾਰਗੀ ਨੇ ਪ੍ਰਸ਼ਨ ਕੀਤਾ, ਕਹਿੰਦੇ ਹਨ, ਜਲ ਹੀ ਜੀਵਨ ਹੈ...ਇਹ ਸੁੱਕ ਕੇ ਕਿੱਥੇ ਚਲਾ ਜਾਂਦਾ ਹੈ ?

ਵਾਯੂ ਵਿਚ—ਯੱਗਵੱਲਕ।

ਔਰ ਵਾਯੂ ? ਗਾਰਗੀ।

ਬ੍ਰਹਮਾਂਡ ਵਿਚ ਖਿੱਲਰ ਗਈ—ਰਿਸ਼ੀ।

ਅਤੇ ਬ੍ਰਾਹਮਾਂਡ ? ਗਾਰਗੀ ਫਿਰ ਪੁੱਛਿਆ।

ਬ੍ਰਹਮ ਵਿਚ ਸਮਾਹਿਤ ਹੋ ਗਿਆ—ਰਿਸ਼ੀ।

ਔਰ ਬ੍ਰਹਮ ? ਫਿਰ ਗਾਰਗੀ ਪ੍ਰਸ਼ਨ ਕੀਤਾ।

ਜਨ-ਜਨ ਵਿਚ, ਕਣ-ਕਣ ਵਿਚ, ਜੜ-ਚੇਤਨ ਸਾਰਿਆਂ ਵਿਚ ਮੌਜੂਦ ਬ੍ਰਹਮ ਤੱਤ ਹੀ ਸ੍ਰਿਸ਼ਟੀ ਦਾ ਆਧਾਰ ਹੈ—ਰਿਸ਼ੀ।

ਇਕ ਆਚਾਰਿਆ...ਇਕ ਗੁਰੂ ਜੀਵ ਨੂੰ, ਬ੍ਰਹਮ ਮਿਲਣ ਦੀ ਹੀ ਸਿੱਖਿਆ ਦਿੰਦਾ ਹੈ। ਇਕ ਗੁਰੂ ਆਪ ਹੀ ਪੱਥ ਸਿਰਜਦਾ ਹੈ, ਆਪ ਹੀ ਪਥਿਕ ਹੈ...ਬਾਂਹ ਪਕੜ ਕੇ ਸੱਚੇ ਸਾਧਕ ਨੂੰ ਬ੍ਰਹਮ ਬਣੋਂਦਾ ਹੈ। ਬ੍ਰਹਮ ਨੂੰ ਅਕਾਲ ਪੁਰਖ ਨੂੰ, ਪਰਮਾਤਮਾ ਨੂੰ, ਰੱਬ ਨੂੰ ਜਾਣਿਆ ਨਹੀਂ ਜਾ ਸਕਦਾ। ਰੱਬ ਨੂੰ ਜਾਣਨ ਦਾ ਗਿਆਨ, ਲਫ਼ਜ਼ਾਂ ਦਾ, ਅੱਖਰਾਂ ਦਾ ਗਿਆਨ ਹੁੰਦਾ ਹੈ। ਇਹ ਸਦਾ ਦਵੈਤ ਤੇ ਟਿਕਦਾ ਹੈ। ਮੈਂ ਸਿਖਿਆਰਥੀ...ਉਹ ਰੱਬ।

ਇਕ ਦੂਰੀ ਹੈ, ਦੋਹਾਂ ਦੇ ਵਿਚਾਲੇ। ਜਦੋਂ ਤਕ ਪ੍ਰਮਾਤਮਾ ਨੂੰ, ਰੱਬ ਨੂੰ, ਬ੍ਰਹਮ ਨੂੰ ਜਾਣਨਾ ਚਾਹੁੰਦਾ ਹੈ, ਉਦੋਂ ਤਕ ਇਹ ਵਿੱਥ...ਇਹ ਦੂਰੀ ਬਣੀ ਰਹਿੰਦੀ ਹੈ।

ਇਕ ਗੁਰੂ ਇਸ ਵਿੱਥ ਨੂੰ, ਇਸ ਦੀਵਾਰ ਨੂੰ ਤੋੜਦਾ ਹੈ। ਪੂਰਨ ਗੁਰੂ ਕਹਿੰਦਾ ਹੈ—

> ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥
> ਏਕਹਿ ਆਪਿ ਨਹੀ ਕਛੁ ਭਰਮੁ॥ (**ਪੰਜਵੇਂ ਪਾਤਸ਼ਾਹ**)

ਜਪੀਆ ਨਹੀਂ, ਤਪੀਆ ਨਹੀਂ, ਸਿੱਧ ਨਹੀਂ, ਸਾਧਕ ਨਹੀਂ, ਬੇਦੀ ਨਹੀਂ, ਪਾਠੀ ਨਹੀਂ, ਗਿਆਨੀ ਨਹੀਂ, ਧਿਆਨੀ ਨਹੀਂ, ਕਰਮਯੋਗੀ ਨਹੀਂ, ਭਗਤ ਨਹੀਂ, ਸਾਧੂ ਨਹੀਂ, ਮਹਾਮੰਡੇਲਸ਼ਵਰ ਨਹੀਂ...। ਇਹ ਸਾਰੀਆਂ ਉਪਾਧੀਆਂ ਹਨ, ਡਿਗਰੀਆਂ ਚਿਪਕਾ ਲਈਆਂ ਹਨ। ਪ੍ਰਭੂ ਮਿਲਣ ਤੋਂ ਪਹਿਲਾਂ ਸਤਿਗੁਰੂ ਕਹਿੰਦੇ ਹਨ, ਇਹ ਸਾਰੇ ਤਮਗੇ, ਸਾਰੀਆਂ ਡਿਗਰੀਆਂ, ਅਲੰਕਾਰ ਡਿੱਗ ਪੈਂਦੇ ਹਨ। ਸੁੱਟਣੇ ਨਹੀਂ ਪੈਂਦੇ, ਸੁਤੇਸਿੱਧ ਛੁੱਟ ਜਾਂਦੇ ਹਨ।

ਉਸ ਸਤਿਗੁਰ ਦੀ ਵਡਿਆਈ! ਸੰਨ 1940 ਦਾ ਸਮਾਂ ਸੀ। ਲਾਲੇ ਮੂਸੇ (ਹੁਣ ਪਾਕਿਸਤਾਨ ਵਿਚ) ਮਾਂਡਲੇ ਰੇਲਵੇ ਸਟੇਸ਼ਨ ਤੋਂ ਪੰਜ ਛੇ ਮੀਲ 'ਤੇ। ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਦਾ ਦੌਰਾ ਸੀ। ਚੰਗਾ ਭਰਵਾਂ ਇਕੱਠ! ਪਹਿਲਾਂ ਜਥੇਦਾਰ ਗਿਆਨ ਸਿੰਘ ਹੁਰਾਂ ਦੀਵਾਨ ਲਾਇਆ। ਫਿਰ, ਸੰਤ ਭਗਤ ਸਿੰਘ ਦਾਤੇਵਾਲੀਏ ਧਾਰਨਾ ਲਾਈ—ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦਾ ਉਚਾਰਿਆ ਸ਼ਬਦ—"ਸਤਿਗੁਰ ਮੇਰੇ ਕੀ ਵਡਿਆਈ॥ ਪ੍ਰਗਟ ਭਈ ਹੈ ਸਭਨੀ ਥਾਈ॥" ਦੋ ਢੋਲਕੀ ਵਾਲੇ, ਦਸ ਛੈਣੇ ਵਜਾਉਣ ਵਾਲਿਆਂ ਦੇ ਸਮੂਹਕ ਵਾਦਨ ਅਤੇ ਸ਼ਬਦ ਉਚਾਰਣ ਨੇ ਰੰਗ ਬੰਨ੍ਹਿਆ।

ਦੂਜੇ ਧੜੇ ਦੇ ਸ਼ਰਾਰਤੀਆਂ ਨੇ, ਇਲਾਕੇ ਦਾ ਨਾਮੀ ਬਦਮਾਸ਼ ਅੱਗੇ ਕਰ ਦਿੱਤਾ। ਸਰੀਰੋਂ ਤਗੜਾ ਤੇ ਦਿਮਾਗ਼ੋਂ ਹੁੱਜਤੀ। ਲੱਗਾ ਰੰਗ ਵਿਚ ਭੰਗ ਪਾਉਣ। ਸਤਿਗੁਰ ਸੱਚੇ ਪਾਤਸ਼ਾਹ, ਆਸਣ ’ਤੇ ਬਿਰਾਜਮਾਨ ਹੈ ਸਨ। ਬੱਸ, ਇਕ ਨਜ਼ਰ ਉਸ ਵੱਲ ਕੀਤੀ। ਗਲ ਵਿਚ ਪੱਲਾ ਪਾ ਕੇ, ਸਤਿਗੁਰਾਂ ਦੇ ਸਾਹਵੇਂ ਖੁੱਲ੍ਹੇ ਥਾਂ ’ਤੇ ਬਹਿ ਗਿਆ। ਬਖਸ਼ ਲਓ...ਮੈਂ ਤੁਹਾਡਾ ਅਪਰਾਧੀ। ਵਾਰ ਵਾਰ ਬੱਸ ਇਹੋ ਬੋਲੇ। ਸਤਿਸੰਗ ਭਜਨ ਦਿਵਾਇਆ, ਦੇਵ ਪੁਰਸ਼ ਬਣਾ ਦਿੱਤਾ।

ਭਾਈ ਮਰਦਾਨੇ ਦਾ ਅਖੀਰਲਾ ਸਮਾਂ ਸੀ। ਖੁਰਮੇ ਸ਼ਹਿਰ ਦੇ ਬਾਹਰ, ਇਕ ਬੋਹੜ ਥੱਲੇ, ਸਤਿਗੁਰ ਨਾਨਕ ਦੇ ਪੈਰਾਂ ’ਤੇ ਸਿਰ ਰੱਖ ਲੇਟਿਆ ਹੋਇਆ। ਸਤਿਗੁਰ ਸਿਰ ’ਤੇ ਪਿਆਰ ਨਾਲ ਹੱਥ ਫੇਰਦੇ ਹਨ, ਮਮਤਾ ਭਰੀ ਮਾਂ ਵਾਂਗ। ਸਤਿਗੁਰਾਂ ਬਚਨ ਕੀਤਾ, ਮਰਦਾਨਿਆਂ, ਤੇਰਾ ਅੰਤ ਸਮਾਂ ਹੈ, ਕੁਝ ਇੱਛਾ ਹੋਵੇ ਤਾਂ ਮੰਗ ਲੈ। ਭਾਈ ਮਰਦਾਨਾ ਕਹਿੰਦੇ ਹਨ, ਬਾਬਾ! ਤੂੰ ਰੱਬ ਨੂੰ ਜਾਣਿਆ ਹੈ...ਤੂੰ ਰੱਬ ਨੂੰ ਪਾਇਆ ਹੈ। ਰੱਬ ਤੇਰੀਆਂ ਮੰਨਦਾ ਹੈ। ਮੈਂ ਤੈਨੂੰ ਜਾਣਿਆ ਹੈ। ਤੈਨੂੰ ਪਾਇਆ ਹੈ। ਤੂੰ ਮੇਰੀਆਂ ਮੰਨਦਾ ਹੈਂ। ਹੁਣ ਜ਼ਿੰਦਗੀ ਦੇ ਅਖ਼ੀਰਲੇ ਸਵਾਸ, ਬਾਬਾ ਤੇਰੇ ਪੈਰਾਂ ’ਤੇ ਸਿਰ ਰੱਖ ਤਿਆਗ ਰਿਹਾ ਹਾਂ। ਇਸ ਤੋਂ ਉਪਰ ਹੋਰ ਕਿਹੜੀ ਸ਼ੈਅ ਹੋ ਸਕਦੀ ਹੈ, ਜਿਹੜੀ ਮੰਗਾਂ।

ਤਾਂ ਯੱਗਵੱਲਕ, ਗਾਰਗੀ ਨੂੰ ਕਹਿੰਦੇ ਹਨ, ਗੁਰੂ ਸਤਿ ਨੂੰ ਜਾਣਦਾ ਮਾਤਰ ਨਹੀਂ ਹੈ...ਗੁਰੂ ਆਪ ਸਤਿ ਹੁੰਦਾ ਹੈ। ਪਵਿੱਤਰ ਗੁਰਬਾਣੀ ਵਿਚ ਭੱਟ ਨਲ੍ਹ ਕਹਿੰਦੇ ਹਨ—

ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲ੍ਹ ਕਹਿ॥
ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ॥

ਜਿਨ੍ਹਾਂ ਗੁਰੂ ਦਾ ਦੀਦਾਰ ਨਹੀਂ ਕੀਤਾ...ਜਿਨ੍ਹਾਂ ਗੁਰੂ ਨਹੀਂ ਧਾਰਿਆ, ਉਨ੍ਹਾਂ ਦਾ ਜੀਵਨ ਬੇਅਰਥ ਹੈ।

ਹਿੰਦੂ ਚਕ (ਪਾਕਿਸਤਾਨ) ਇਕ ਅਰੋੜਾ ਸਿੱਖ, ਹੀਰਾ ਸਿੰਘ ਨੇ ਹੱਟੀ ਪਾਈ ਸੀ। ਭਾਈ ਹਰਮੀਤ ਸਿੰਘ ਹੋਰੀਂ, ਉਨ੍ਹਾਂ ਕੋਲ ਕਈ ਵਾਰ ਬੈਠਦੇ। ਹੀਰਾ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਸੰਗ ਸੁਣਾਉਂਦੇ। ਇਕ ਵਾਰ ਤੜਕੇ ਨਾਮਧਾਰੀ ਸਿੰਘ ਹਵਨ ਕਰ ਰਹੇ ਸਨ। ਹਵਨ ਦੀਆਂ ਲਪਟਾਂ ਉਪਰ ਨੂੰ ਉੱਠ ਰਹੀਆਂ ਸਨ। ਇਕ ਛੋਟਾ ਜਿਹਾ ਸਾਲ ਕੁ ਦਾ ਬਾਲ ਰਿੜ੍ਹਦਾ ਹੋਇਆ, ਹਵਨ ਕੁੰਡ ਵਿਚ ਜਾ ਪਿਆ। ਭਾਈ ਹਰਮੀਤ ਸਿੰਘ ਵੇਖਿਆ। ਘਬਰਾ ਕੇ ਦੌੜੇ। ਵੇਖਿਆ, ਹਵਨ ਕੁੰਡ ਦੇ ਪਿਛਲੇ ਪਾਸਿਓਂ, ਬੱਚਾ ਸਹਜ ਭਾਵ ਨਾਲ ਰਿੜ੍ਹਦਾ ਹੋਇਆ ਬਾਹਰ ਨਿਕਲ ਗਿਆ। ਭਾਈ ਹਰਮੀਤ ਸਿੰਘ ਵਿਸਮਾਦ ਹੋਇ ਹੀਰਾ ਸਿੰਘ ਤੋਂ ਪੁੱਛਦੇ ਹਨ, “ਤੁਸੀਂ ਕਿਸ ਦੇ ਸਿੱਖ ਹੋ ?”

ਹੀਰਾ ਸਿੰਘ ਕਿਹਾ, “ਗੁਰੂ ਰਾਮ ਸਿੰਘ ਦੇ।”

ਮੇਰੇ ਪਰ ਭੀ ਕਿਰਪਾ ਕਰ...ਮੈਨੂੰ ਭੀ ਗੁਰੂ ਵਾਲਾ ਬਣਾ ਦੇ।

ਕਹਿੰਦੇ ਹਨ, ਗੁਰੂ ਮਿਲਾਉਣਾ ਸਭ ਤੋਂ ਵੱਡਾ ਉਪਕਾਰ ਹੈ। ਜੰਨਤ...ਸਵਰਗ, ਬਹਿਸ਼ਤ, ਸਭ ਕੋਰੇ ਸ਼ਬਦ ਹਨ। ਸੰਸਾਰ ਵਿਚ ਸੁਖ ਭੋਗ ਦੀਆਂ ਸਮੱਗ੍ਰੀਆਂ ਮਗਰ ਦੌੜ ਰਹੇ ਮਨੁੱਖ ਲਈ, ਸਭ ਤੋਂ ਵੱਧ ਲੁਭਾਵਣਾ ਸ਼ਬਦ ਜੰਨਤ ਹੈ। ਮਿਰਜ਼ਾ ਗ਼ਾਲਿਬ ਕਹਿੰਦਾ ਹੈ—

ਹਮਕੋ ਮਾਲੂਮ ਹੈ ਜੰਨਤ ਕੀ ਹਕੀਕਤ ਮਗਰ
ਦਿਲ ਬਹਿਲਾਨੇ ਕੋ ਗ਼ਾਲਿਬ ਯਹ ਖਿਆਲ ਅੱਛਾ ਹੈ।

ਵੱਡਾ ਉਪਕਾਰ, ਮਨੁੱਖਤਾ ਦੀ ਵੱਡੀ ਸੇਵਾ ਹੈ, ਕਿਸੇ ਪ੍ਰੀਤ ਵਾਲੇ ਨੂੰ ਗੁਰੂ ਮਿਲਾ ਦੇਣਾ।

ਤਾਂ ਭਾਈ ਹਰਮੀਤ ਸਿੰਘ, ਗੁਰੂ ਵਾਲੇ ਹੋ ਗਏ। ਬਹੁਤ ਵੱਡੇ ਵਪਾਰੀ ਸਨ। ਚੌਦਾਂ ਸੌ ਰੁਪਏ ਦੀ ਖੰਡ, ਕਈ ਗੱਡਿਆਂ 'ਤੇ ਲੱਦ ਕੇ ਵੇਚਣ ਲਈ ਜਾ ਰਹੇ ਸਨ। ਸ੍ਰੀ ਭੈਣੀ ਸਾਹਿਬ ਦੇ ਨੇੜਿਓਂ ਲੰਘ ਰਹੇ ਸਨ। ਮਨ ਵਿਚ ਗੁਰੂ ਦਰਸ਼ਨ ਦਾ ਚਾਅ ਉੱਠਿਆ। ਗੱਡੇ ਬੰਨ੍ਹ ਕੇ, ਆਪ ਸ੍ਰੀ ਭੈਣੀ ਸਾਹਿਬ ਗਏ। ਦਰਸ਼ਨ ਕੀਤਾ, ਆਤਮਾ ਪ੍ਰਸੰਨ ਹੋਈ। ਲੰਗਰ ਤੋਂ ਪ੍ਰਸ਼ਾਦਾ ਛਕਿਆ ਤਾਂ ਤਨ ਮਨ ਪ੍ਰਸੰਨ ਹੋਇਆ। ਪਰਮੇਸ਼ਰ ਨੇ ਸਿਦਕ ਦਾ ਇਮਤਿਹਾਨ ਲਿਆ। ਵਾਪਸ ਮੁੜਦਿਆਂ, ਆਕਾਸ਼ 'ਤੇ ਘਣੇ ਬੱਦਲ ਉਮੜ-ਘੁਮੜ ਕੇ ਆ ਗਏ। ਭਾਰੀ ਬਰਖਾ ਦੇ ਲੱਛਣ ਦਿਸਣ ਲੱਗੇ। ਚਿੰਤਾ ਵਿਚ ਆਪ ਮੁਹਾਰੇ ਬੁੜਬੁੜਾਉਣ ਲੱਗੇ। ਅੱਜ ਤਾਂ ਭਾਰਾ ਨੁਕਸਾਨ ਹੋਇ ਜਾਣਾ...ਸਾਰੀ ਖੰਡ, ਪਾਣੀ ਵਾਂਗ ਰੁੜ੍ਹ ਜਾਣੀ। ਨਾਲ ਇਕ ਹੋਰ ਸਿੱਖ ਤੁਰੀ ਜਾਂਦਾ ਸੀ। ਭਾਈ ਜੀ! ਇਹ ਕੀ ਗੱਲਾਂ ਆਪਣੇ ਆਪ ਨਾਲ ਹੀ ਕਰੀ ਜਾਂਦੇ ਹੋ ?

ਅੱਜ ਭਾਰਾ ਨੁਕਸਾਨ ਹੋ ਜਾਣਾ ਹੈ—ਭਾਈ ਹਰਮੀਤ ਸਿੰਘ ਨੇ, ਸਾਰੀ ਚਿੰਤਾ ਗੁਰਸਿੱਖ ਅੱਗੇ ਕਾਹਲੀ ਕਾਹਲੀ ਟੁਰੀ ਜਾਂਦਿਆਂ, ਪ੍ਰਗਟ ਕੀਤੀ। ਅੱਜ ਚੌਦਾਂ ਸੌ ਦੀ ਖੰਡ ਪਾਣੀ ਵਾਂਗ ਰੁੜ੍ਹ ਜਾਣੀ ਹੈ।

ਭਾਈ ਸੰਤੋਖ ਸਿੰਘ ਜੀ ਬਾਹੋਵਾਲ **ਸਤਿਗੁਰ ਬਿਲਾਸ** ਵਿਚ ਇਹ ਸਾਰਾ ਪ੍ਰਸੰਗ ਕਲਮਬੰਦ ਕੀਤਾ ਹੈ।

ਉਹ ਗੁਰੂ ਦਾ ਸਿੱਖ, ਭਾਈ ਹਰਮੀਤ ਸਿੰਘ ਨੂੰ ਭਰੋਸਾ ਦਿਵਾਉਂਦਾ ਹੈ—

ਚੌਦਾਂ ਸੌ ਜੋ ਜਾਏ ਤੇਰਾ।
ਅਠਾਈ ਸੌ ਦਾ ਜ਼ਿੰਮਾ ਮੇਰਾ।

ਤੇਰੀ ਜਿੰਨੀ ਰਕਮ ਲੱਗੀ ਹੈ, ਉਸ ਤੋਂ ਦੂਣੇ ਦੀ ਮੇਰੀ ਗਰੰਟੀ। ਸਿਦਕ ਰੱਖ!

ਫਿਰ, ਭਾਈ ਹਰਮੀਤ ਸਿੰਘ ਵੇਖਦਾ ਹੈ, ਆਕਾਸ਼ ਤੇ ਭੋਰਾ ਬੱਦਲ ਨਹੀਂ...ਸਾਰਾ ਅਸਮਾਨ ਸਾਫ਼ ਹੋ ਗਿਆ।

ਤਾਂ ਭੱਟ ਨਲ੍ਹ ਕਹਿੰਦੇ ਹਨ—

ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ॥
ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ॥

ਗੁਰੂ ਸੱਚ ਦੇ ਸੰਦਰਭ ਵਿਚ ਵੇਖ! ਤੇਰੇ ਕਰਮ, ਕਰਮਾਂ ਤੋਂ ਉਪਜਿਆ ਕਲੇਸ਼, ਦੁੱਖ ਪਾਪ, ਗੁਰੂ ਸਾਰਿਆਂ ਦੁੱਖਾਂ ਦਾ ਨਾਸ਼ ਕਰ ਦਿੰਦਾ ਹੈ। ਸਿਦਕ ਰੱਖ!

ਪ੍ਰੋਫ਼ੈਸਰ ਪੂਰਨ ਸਿੰਘ ਦੇ ਜਾਪਾਨੀ ਮਿੱਤਰ 'ਕਾਕੂ ਜੋ ਓਕਾਕੁਰਾ' ਆਪਣੀ ਪੁਸਤਕ **ਦੀ ਬੁਕ ਆਫ਼ ਟੀ** ਵਿਚੋਂ ਇਕ ਥਾਂ ਲਿਖਦੇ ਹਨ, ਭਗਵਾਨ ਤਥਾਗਤ ਦੇ ਮੰਦਰ ਵਿਚ ਦਰਸ਼ਨ ਲਈ ਜਾਂਦਿਆਂ ਖ਼ਿਆਲ ਆਇਆ, ਭੇਟ ਕਰਨ ਜੋਗ ਕੁਝ ਫੁੱਲ ਹੀ ਲੈ ਚੱਲਾਂ। ਫਿਰ ਵੀਚਾਰ ਆਇਆ, ਇਹ ਥੋੜ੍ਹੇ ਕੁ ਫੁੱਲ...ਮੇਰਾ ਗੁਰੂ ਏਨਾ ਛੋਟਾ ਵੀ ਨਹੀਂ। ਤਾਂ ਸੰਕਲਪ ਲਿਆ—

ਹੇ ਮੇਰੇ ਸਤਿਗੁਰ! ਭਗਵਾਨ ਤਥਾਗਤ! ਇਹ ਜੋ ਸ੍ਰਿਸ਼ਟੀ ਤੇ ਜਿੰਨੀ ਬਨਸਪਤਿ ਹੈ...ਉਸ 'ਤੇ ਉੱਗੇ ਜਿੰਨੇ ਫੁੱਲ, ਇਹ ਸਾਰੇ ਤੈਨੂੰ ਭੇਟ ਕਰਦਾ ਹਾਂ। ਇਨ੍ਹਾਂ ਸਾਰਿਆਂ ਨੂੰ ਤੂੰ ਹੀ ਸਿਰਜਿਆ ਹੈ...ਇਨ੍ਹਾਂ ਸਾਰਿਆਂ ਨੂੰ ਪਰਵਾਨ ਕਰ।

ਤਾਂ, ਯੱਗਵੱਲਕ ਜੀ ਗਾਰਗੀ ਨੂੰ ਕਹਿੰਦੇ ਹਨ, ਇਕ ਗੁਰੂ ਦੀ ਦੇਹ ਤਾਂ ਨਿਰੰਤਰ ਹਰ ਖਿਣ ਅਸਤ ਹੋ ਰਹੀ ਹੈ...ਹਰ ਪਲ ਜਰਾ ਵੱਲ ਵੱਧ ਰਹੀ ਹੈ, ਪਰ ਗੁਰੂ ਨੇ 'ਅੱਛਰ' ਪਰਮਾਤਮਾ ਨੂੰ ਆਪਣੇ ਵਿਚ ਲੈਅ ਹੁੰਦਿਆਂ ਵੇਖ ਲਿਆ ਹੈ। ਇਕ ਆਚਾਰਿਅ...ਇਕ ਗੁਰੂ, ਆਪਣੇ ਸਿੱਖ ਸ਼ਰਧਾਲੂ ਨੂੰ ਰੱਬ ਨਾਲ ਮਿਲਾਉਂਦਾ ਨਹੀਂ...ਰੱਬ ਹੀ ਕਰ ਦਿੰਦਾ ਹੈ। ਪਾਣੀ ਦੀ ਇਕ ਬੂੰਦ ਨੂੰ, ਸਾਗਰ ਨਾਲ ਮਿਲਾਉਂਦਾ ਨਹੀਂ, ਸਾਗਰ ਵਿਚ ਲੀਨ ਕਰ 'ਸਾਗਰ' ਹੀ ਬਣਾ ਦਿੰਦਾ ਹੈ।

ਸੰਨ 1952! ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ, ਬੰਬਈ ਦਰਸ਼ਨ ਦੇ ਰਹੇ ਸਨ। ਸ਼ਾਮ ਦਾ ਦੀਵਾਨ ਲੱਗਾ। ਇਕ ਗ਼ੈਰ ਨਾਮਧਾਰੀ ਅੱਗੇ ਆਇਆ, ਹੱਥ ਜੋੜ ਅਰਜ਼ ਕੀਤੀ, ਮੇਰੇ ਪਿਛਲੇ ਗੁਨਾਹ ਬਖਸ਼ ਲਓ...ਅੱਗੋਂ, ਸੱਚਾ ਮਾਰਗ ਦਿਖਾਉ। ਸਤਿਗੁਰ ਜੀ ਬਚਨ ਕੀਤਾ, ਪਿਛਲੇ ਤੁਹਾਡੇ ਬਖਸ਼ੇ ਗਏ, ਹੁਣ ਅੱਗੋਂ ਨਾ ਖਤਾ ਹੋਵੇ। ਇਕ ਪੰਡਤ ਜੀ ਦੀਵਾਨ ਵਿਚ ਕਿਸੇ ਦੇ ਨਾਲ ਆਏ ਹੋਏ ਸਨ। ਉਨ੍ਹਾਂ ਕਿਹਾ, ਇਹ ਕਿਵੇਂ ਹੋ ਸਕਦਾ ਹੈ, ਕਰਮ ਫਲ ਤਾਂ ਭੋਗਣੇ ਪੈਣਗੇ...ਪਾਪ ਕਰਮ ਕਿਵੇਂ ਕੱਟੇ ਜਾ ਸਕਦੇ ਹਨ। ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਜੀ ਨੇ, ਪੰਜਵੇਂ ਪਾਤਸ਼ਾਹ ਵੇਲੇ ਮੰਡੀ ਦੇ ਰਾਜਾ ਦਾ ਇਕ ਪੂਰਾ ਜਨਮ ਚੰਡਾਲ ਦਾ, ਇਕ ਰਾਤ ਦੇ ਸੁਪਨੇ ਵਿਚ ਲੰਘਾ ਦੇਣ ਦਾ ਪ੍ਰਸੰਗ ਸੁਣਾ ਕੇ, ਪੰਜਵੇਂ ਪਾਤਸ਼ਾਹ ਜੀ ਦੀ ਬਾਣੀ ਗੁਰੂ ਬਾਬਤ ਸੁਣਾਈ—

ਨਹ ਸਿਵ ਸਕਤੀ ਜਲੁ ਨਹੀ ਪਵਨਾ ਤਹ ਅਕਾਰੁ ਨਹੀ ਮੇਦਨੀ॥
ਸਤਿਗੁਰ ਜੋਗ ਕਾ ਤਹਾ ਨਿਵਾਸਾ ਜਹ ਅਵਿਗਤ ਨਾਥੁ ਅਗਮ ਧਨੀ॥

ਜਿਥੇ ਸ਼ਿਵ ਨਹੀਂ, ਸ਼ਕਤੀ ਨਹੀਂ, ਜਲ ਨਹੀਂ, ਹਵਾ ਨਹੀਂ, ਆਕਾਰ ਨਹੀਂ, ਅਗਨ ਨਹੀਂ...ਜਿਥੇ ਸਭ ਕੁਝ ਪਿੱਛੇ ਰਹਿ ਜਾਂਦਾ ਹੈ—

ਸਤਿਗੁਰ ਜੋਗ ਕਾ ਤਹਾ ਨਿਵਾਸਾ
ਜਹ ਅਵਿਗਤ ਨਾਥ ਅਗਮ ਧਨੀ॥

ਸਤਿਗੁਰੂ ਅਤੇ ਪ੍ਰਮਾਤਮਾ ਦਾ ਇਕੋ ਨਿਵਾਸ ਹੈ...ਦੋਵੇਂ ਯਥਾਰਥ ਵਿਚ ਇਕ ਹੀ ਹਨ।

# ਫਿਰਤੀ ਮਾਲਾ ਬਹੁ ਬਿਧਿ ਭਾਇ

ਮੋਤੀਆਂ ਦੀ ਮਾਲਾ! ਵੱਖ ਵੱਖ ਮਣਕੇ...ਹਰ ਮਣਕੇ ਮਗਰੋਂ ਗੰਢ! ਇਕ ਅਦਿੱਖ ਸੂਤ, ਸਾਰੀ ਮਾਲਾ ਨੂੰ ਬੰਨ੍ਹ ਕੇ ਰੱਖਿਆ ਹੋਇਆ ਹੈ। ਰਾਮਕਲੀ ਰਾਗ ਵਿਚ ਪੰਜਵੇਂ ਪਾਤਸ਼ਾਹ, ਸੰਸਾਰ ਦੇ ਮਨੁੱਖੀ ਸਮੁਦਾਏ ਦੀ, ਪ੍ਰਾਣੀ ਜਗਤ ਦੀ ਉਪਮਾ, ਮਾਲਾ ਨਾਲ ਕਰਦੇ ਹਨ, ਉਪਮਾ ਅਲੰਕਾਰ ਦਾ ਬਹੁਤ ਉਮਦਾ ਪ੍ਰਮਾਣ ਦਿੰਦੇ ਹਨ। ਕਹਿੰਦੇ ਹਨ—

ਫਿਰਤੀ ਮਾਲਾ ਬਹੁ ਬਿਧਿ ਭਾਇ॥
ਖਿੰਚਿਆ ਸੂਤੁ ਤ ਆਈ ਥਾਇ॥

ਫਿਰਦੀ ਹੋਈ ਮਾਲਾ...ਮਾਲਾ ਦੇ ਮਣਕੇ, ਬਹੁਤ ਸੋਹਣੇ ਮਨਭਾਉਂਦੇ ਲਗਦੇ ਹਨ। ਸੂਤ ਖਿੱਚ ਲਿਆ ਤਾਂ ਸਾਰੇ ਮਣਕੇ ਖਿੰਡਰ ਗਏ...ਮਾਲਾ ਦਾ ਵਜੂਦ ਨਾ ਰਿਹਾ। ਪੰਜਵੇਂ ਪਾਤਸ਼ਾਹ, ਸਿਰਜਣਹਾਰ ਦੀ ਖੇਡ ਬਾਬਤ ਕਹਿੰਦੇ ਹਨ—

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ॥
ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯਤੇ॥

ਆਕਾਸ਼ਾਂ, ਦਵੀਪਾਂ, ਲੋਆਂ, ਖੰਡਾਂ, ਬ੍ਰਹਮੰਡਾਂ ਤੋਂ ਲੈ ਕੇ ਪਰਮਾਣੂ ਤਕ...ਸ੍ਰਿਸ਼ਟੀ ਦੇ ਸੂਖਮਤਮ ਕਿਣਕੇ ਵਿਚ ਨਿਰੰਕਾਰ ਵਿਆਪਤ ਹੈ। ਅੱਖ ਦੇ ਇਕ ਪਲਕਾਰੇ ਵਿਚ ਸਿਰਜਣ ਜਾਂ ਪਰਲੋ ਲਈ ਸਮਰੱਥ ਨਿਰੰਕਾਰ ਗੁਪਤ ਹੈ, ਅਦਿੱਖ ਹੈ। ਪਰਮਾਤਮਾ ਦੇ ਕਿਸੇ ਪਿਆਰੇ ਤੋਂ ਬਗ਼ੈਰ, ਕੋਈ ਹੋਰ ਉਸ ਨੂੰ ਸਿੱਧ ਨਹੀਂ ਕਰ ਸਕਦਾ, ਪ੍ਰਮਾਣਤ ਨਹੀਂ ਕਰ ਸਕਦਾ।

ਸਾਰੇ ਧਰਮ ਸ਼ਾਸਤ੍ਰ, ਪਿੰਡ ਅਤੇ ਬ੍ਰਹਮ, ਦੋਹਾਂ ਦੇ ਇਕ ਹੋਣ ਦੀ ਘੋਸ਼ਣਾ ਕਰ ਰਹੇ ਹਨ। ਇਸ ਭਾਵ ਨੂੰ ਪ੍ਰਗਟ ਕਰਨ ਦਾ ਮੰਤਵ ਹੈ, ਧਰਤੀ ਦੇ ਸਾਰਿਆਂ ਜੀਆਂ ਪ੍ਰਤੀ ਪ੍ਰੀਤਮਯ ਹੋਣਾ। ਸੰਪੂਰਨ ਸੰਪਰਦਾਵਾਂ ਪ੍ਰਤੀ ਸਦਭਾਵ ਪੂਰਨ ਹੋਣਾ। ਸਾਰੇ ਉਪਯੋਗੀ ਹਨ, ਵਡਮੁੱਲੇ ਹਨ।

'ਸੁਭਾਸਿਤਾਨੀ' ਵਿਚ ਰਿਸ਼ੀ ਕਹਿੰਦਾ ਹੈ—

ਅਮੰਤਰਨ ਅੱਛਰ ਨਾਸਤੀ। ਨਾਸਤੀ ਮੂਲੰ ਔਸਧਿਮ।
ਅਯੋਗਯ: ਪੁਰਸ: ਨਾਸਤੀ। ਯੋਜਕਸ ਤੱਤ੍ਰ ਦੁਰਲਭ:।

ਕੋਈ ਅੱਖਰ ਇਵ ਨਹੀਂ, ਜਿਸ ਤੋਂ ਮੰਤਰ ਨਾ ਬਣ ਸਕੇ...ਕੋਈ ਬਨਸਪਤਿ ਨਹੀਂ, ਜਿਸ ਦੀ ਦਵਾ ਨਾ ਬਣ ਸਕੇ...ਕੋਈ ਮਨੁੱਖ ਅਯੋਗ ਜਾਂ ਨਿਕੰਮਾ ਨਹੀਂ...ਬਸ ਇਨ੍ਹਾਂ ਨੂੰ ਜੋੜਨ ਵਾਲਾ, ਵਰਤਣ ਵਾਲਾ, ਦੁਰਲੱਭ ਹੈ।

ਜਾਪਾਨੀ ਕਵਿਤਾ, ਸਾਰਿਆਂ ਜੀਆਂ ਪ੍ਰਤੀ ਕਰੁਣਾਮਈ ਹੋਣ ਦਾ ਪ੍ਰੇਰਕ ਪ੍ਰਸੰਗ, ਮੀਤ ਅਨਮੋਲ ਨੇ ਤਰਜੁਮਾ ਕੀਤਾ ਹੈ—

ਜੇ ਰੁੱਖ ਦੇ ਖੰਭ ਹੁੰਦੇ
ਤਾਂ ਉਹ ਛਾਣ ਮਾਰਦਾ
ਸਾਰੀ ਧਰਤੀ
ਸਾਰਾ ਅਸਮਾਨ
ਉਸ ਚਿੜੀ ਦੀ ਭਾਲ ਵਿਚ
ਜੋ ਸ਼ਾਮ ਨੂੰ
ਆਲ੍ਹਣੇ 'ਚ ਨਹੀਂ ਮੁੜੀ।

ਹਰ ਜੀਅ ਅੰਦਰ ਪ੍ਰਮਾਤਮਾ ਦੀ ਜੋਤ ਨੂੰ ਵੇਖਣ ਦੀ ਦ੍ਰਿਸ਼ਟੀ, ਪੰਜਵੇਂ ਪਾਤਸ਼ਾਹ ਕਹਿੰਦੇ ਹਨ—

ਬਿਨਾ ਸਾਧੂ ਨ ਸਿਧ੍ਰਤੇ॥

ਇੰਦ੍ਰੀਆਂ ਨੂੰ ਸਾਧ ਲੈਣ ਵਾਲਾ ਕੋਈ ਸਾਧੂ...ਤੱਤ ਭੇਦੀ ਨੇਤਰਾਂ ਵਾਲਾ... ਕਲਗੀਧਰ ਸਤਿਗੁਰੂ ਕਹਿੰਦੇ ਹਨ—

ਚੀਟੀ ਤੇ ਕੁੰਚਰ ਅਸਥੂਲਾ॥
ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ॥

ਸਤਿਗੁਰ ਪਾਤਸ਼ਾਹ ਫੁਰਮਾਉਂਦੇ ਹਨ, ਸੰਸਾਰ ਵਿਚ ਮਾਲਾ ਬਣਾਈ, ਸਾਰੇ ਜੀਅ ਮੋਤੀ ਦੇ ਮਣਕੇ ਹਨ। ਰੂਪ, ਰੰਗ, ਭੇਖ, ਭਿੰਨ-ਭਿੰਨ। ਇਕ ਸੂਤ...ਇਕ ਤਾਗੇ ਵਿਚ ਪਿਰੋਏ ਹੋਏ। ਫਿਰਦੀ ਹੋਈ ਮਾਲਾ ਬਹੁਤ ਭਾਉਂਦੀ ਹੈ...ਇਹ ਵੱਖ ਵੱਖ ਮਣਕੇ ਚੰਗੇ ਲੱਗਦੇ ਹਨ। ਉਸ ਦੀ ਰਜ਼ਾ ਹੋਈ ਤਾਂ ਮਾਲਾ ਰੂਪ ਵਿਚ ਸੰਸਾਰ ਸਿਰਜਿਆ...ਰਜ਼ਾ ਹੋਈ ਤਾਂ ਤਾਗਾ...ਉਹ ਸੂਤ ਖਿੱਚ ਲਿਆ...ਸਾਰੇ ਮੋਤੀ ਬਿਖਰ ਗਏ। ਪੰਜਵੇਂ ਪਾਤਸ਼ਾਹ, ਰਾਮਕਲੀ ਵਿਚ ਸ੍ਰਿਸ਼ਟੀ ਦਾ ਭੇਦ ਖੋਲ੍ਹਦੇ ਹਨ—

ਏਕੈ ਸੂਤਿ ਪਰੋਏ ਮਣੀਏ॥
ਗਾਠੀ ਭਿਨਿ ਭਿਨਿ ਭਿਨਿ ਭਿਨਿ ਤਣੀਏ॥
ਫਿਰਤੀ ਮਾਲਾ ਬਹੁ ਬਿਧਿ ਭਾਇ॥
ਖਿੰਚਿਆ ਸੂਤੁ ਤ ਆਈ ਥਾਇ ॥

ਸੰਸਾਰ ਦੇ ਅੰਦਰ ਵਸਦੇ ਨਿਰੰਕਾਰ ਨੂੰ, ਮਣਕਿਆਂ ਦੇ ਅੰਦਰੋਂ ਲੰਘਦੇ ਤਾਗੇ ਨੂੰ, ਇਹ ਭੌਤਿਕ ਅੱਖਾਂ ਵੇਖਣ ਨੂੰ ਸਮਰੱਥ ਨਹੀਂ...ਸਤਿਗੁਰ ਕਹਿੰਦੇ ਹਨ—

ਬਿਨਾ ਸਾਧੂ ਨ ਸਿਧੵਤੇ॥

ਜਿਸ ਬ੍ਰਹਮ ਦੀ ਗੱਲ ਬੇਦ ਕਰਦੇ ਹਨ, ਜਿਸ ਨਿਰੰਕਾਰ ਦੀ ਗੱਲ ਗੁਰਬਾਣੀ ਕਰਦੀ ਹੈ, ਉਹ ਹਰ ਜੀਅ ਵਿਚ...ਹਰ ਸ਼ੈਅ ਵਿਚ ਮੌਜੂਦ ਹੈ, ਪਰ ਵੇਖਣ ਵਾਲੀ ਅੱਖ ਸਭਨਾਂ ਨੂੰ ਨਸੀਬ ਨਹੀਂ—ਕੋਈ ਤੱਤ ਦ੍ਰਿਸ਼ਟਾ ਸਤਿਗੁਰ ਦਿਖਾਇਗਾ। ਪੰਜਵੇਂ ਪਾਤਸ਼ਾਹ, ਸੁਖਮਨੀ ਵਿਚ ਇਵੇਂ ਦੇ ਸਾਧਾਂ ਨਮਿਤ ਫੁਰਮਾਉਂਦੇ ਹਨ—

ਸਾਧ ਕੀ ਮਹਿਮਾ ਬੇਦ ਨ ਜਾਨਹਿ॥
ਜੇਤਾ ਸੁਨਹਿ ਤੇਤਾ ਬਖਿਆਨਹਿ॥

ਸਾਧ ਦੀ ਉਪਮਾ ਬੰਦਾ ਨਹੀਂ ਕਰ ਸਕਦਾ...ਬੇਦ ਨਹੀਂ ਕਰ ਸਕਦੇ...

ਸਾਧ ਕੀ ਸੋਭਾ ਸਾਧ ਬਨਿ ਆਈ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ॥

ਤਾਂ ਸਤਿਗੁਰ ਕਹਿੰਦੇ ਹਨ,

ਸਾਧ ਨਿਰੰਕਾਰ ਨੂੰ ਸਿੱਧ ਕਰ ਸਕਦਾ ਹੈ...ਪ੍ਰਮਾਣਿਤ ਕਰ ਸਕਦਾ ਹੈ...ਸਾਖਿਆਤ ਪ੍ਰਗਟ ਕਰ ਸਕਦਾ ਹੈ।

ਸੰਨ 1910 ਦਾ ਹੋਲਾ ਮਹੱਲਾ, ਸਰਗੋਧਾ ਹੋਇਆ। ਆਗਿਆ ਲਈ ਡਿਪਟੀ ਕਮਿਸ਼ਨਰ ਕੋਲ ਅਰਜ਼ੀ ਦਿੱਤੀ। ਹਵਲਦਾਰ ਨੱਥਾ ਸਿੰਘ, ਸੁਭਾਅ ਦਾ ਬੜਾ ਕੁਰੱਖਤ ਮੰਨਿਆ ਜਾਂਦਾ ਸੀ। ਉਸ ਅਰਜ਼ੀ ਦੀ ਸਖ਼ਤ ਵਿਰੋਧਤਾ ਕੀਤੀ। ਇਹ ਕੂਕੇ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਬਹੁਤ ਗੰਦ ਘੋਲਦੇ ਹਨ...ਹਕੂਮਤ ਦੇ ਖਿਲਾਫ਼ ਬਾਗ਼ੀਆਨਾ ਸੁਰ ਵਿਚ ਦੀਵਾਨ ਲਾਉਂਦੇ ਹਨ। ਸਬ ਇੰਸਪੈਕਟਰ ਨਿਹਾਲ ਚੰਦ ਨੇ ਅਰਜ਼ੀ ਦੇ ਸਮਰਥਨ ਵਿਚ ਰਾਇ ਦਿੱਤੀ, "ਜੀ ਇਹ ਕੂਕੇ ਰੱਬ ਦੇ ਬੰਦੇ ਹਨ। ਆਪਣੇ ਸਤਿਗੁਰੂ ਦੀ ਉਸਤਤਿ ਕਰਦੇ ਹਨ, ਭਜਨ ਬੰਦਗੀ ਕਰਨ ਵਾਲੇ, ਹਰਿ ਜੱਸ ਕਰਨ ਵਾਲੇ ਲੋਗ ਹਨ। ਮੇਲੇ ਨੂੰ ਸਰਕਾਰੀ ਨਿਗਰਾਨੀ ਵਿਚ ਰੱਖਿਆ ਜਾਏ ਅਤੇ ਮਨਜ਼ੂਰੀ ਦੇ ਦਿੱਤੀ ਜਾਏ। ਅੰਤ ਮਨਜ਼ੂਰੀ ਮਿਲ ਗਈ, ਪਰ ਹਵਲਦਾਰ ਨੱਥਾ ਸਿੰਘ ਅਤੇ ਪੰਜ ਸਿਪਾਹੀਆਂ ਦੀ ਟੀਮ ਨਿਗਰਾਨੀ ਰੱਖੇਗੀ। ਪਹਿਲੇ ਦਿਨ ਮੇਲਾ ਆਰੰਭ ਹੋਇਆ। ਢੋਲਕੀ ਦੀ ਥਾਪ ਅਤੇ ਛੈਣਿਆਂ ਦੀ ਝੰਕਾਰ ਵਿਚ, ਸਤਿਗੁਰ ਪ੍ਰੀਤ ਵਿਚ ਗੁਰਬਾਣੀ ਸ਼ਬਦ ਗਾਇਨ ਚੱਲਿਆ...ਸੰਗਤਾਂ 'ਚੋਂ ਕਈ ਮਸਤਾਨੇ ਹੋ ਗਏ। ਪਰਦੇਸੀ ਪ੍ਰੀਤਮ ਦੇ ਬਿਰਹੋ ਗੀਤ, ਸਪਤਮ ਸੁਰ ਵਿਚ ਪਹੁੰਚੇ ਗਾਇਨ ਦੇ ਨਾਲ, ਢੋਲਕੀ ਛੈਣਿਆਂ ਦੀ ਰਫ਼ਤਾਰ ਨੇ ਸਮਾਂ ਬੰਨ੍ਹਿਆ ਤਾਂ ਮਸਤਾਨਿਆਂ ਨੂੰ ਸੁੱਧ ਬੁੱਧ ਭੁੱਲ ਗਈ। ਨੱਥਾ ਸਿੰਘ ਗਰਮ ਹੋ ਗਿਆ। ਤੁਹਾਨੂੰ ਪਹਿਲਾਂ ਹੀ ਤਾਕੀਦ ਕੀਤੀ ਸੀ, ਇਹ

ਕੰਜਰਪੁਣਾ ਨਹੀਂ ਕਰਨਾ...ਤੁਸੀਂ ਫਿਰ ਉਹੋ ਕੰਮ ਕੀਤਾ। ਹੁਣ ਕੱਲ੍ਹ ਦੇ ਸਮਾਗਮ ਵਿਚ, ਜੇ ਇਵੇਂ ਕੁਝ ਹੋਇਆ ਤਾਂ ਦੀਵਾਨ ਰੋਕ ਕੇ, ਸਾਰਿਆਂ ਨੂੰ ਅੰਦਰ ਧੱਕ ਦੇਣੈ। ਦੂਜੇ ਦਿਨ ਫਿਰ ਦੀਵਾਨ ਆਰੰਭ ਹੋਇਆ। ਸੰਤ ਭਗਤ ਸਿੰਘ ਦਾਤੇਵਾਲੀਏ ਨੇ ਧਾਰਨਾ ਲਈ—

ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ॥

ਰਸ ਬਣਿਆ...ਸ਼ਮਾਂ ਜਲੀ ਤਾਂ ਪਰਵਾਨਿਆਂ ਨੂੰ ਕੌਣ ਸਮਝਾਏ, ਦੀਵੇ ਵੱਲ ਉਡਾਰੀ ਨਹੀਂ ਮਾਰਨੀ। ਚੁੱਲ੍ਹੇ ਵਿਚ ਅੱਗ ਭਖੀ, ਸੌ ਡਿਗਰੀ ਟੇਂਪਰੇਚਰ ਹੋਇਆ, ਹੁਣ ਪਾਣੀ ਨੂੰ ਕੌਣ ਸਮਝਾਵੇ, ਉਬਲਣਾ ਨਹੀਂ। ਇਹੋ ਜਿਹੀ ਦੀਵਾਨਗੀ ਕੂਕਿਆਂ ਨੂੰ ਵਿਰਸੇ ਵਿਚ ਮਿਲੀ ਸੀ। ਸੰਗਤ ’ਚੋਂ ਕੂਕ ਉੱਠਦੀ...ਜਿਵੇਂ ਕਿਸੇ ਕੋਇਲ ਦੀ ਕੂਕ ਉੱਠਦੀ ਤੇ ਸ੍ਰੋਤਿਆਂ ਦਾ ਕਾਲਜਾ ਚੀਰ ਸੁੱਟਦੀ। ਹਵਲਦਾਰ ਨੱਥਾ ਸਿੰਘ ਵੀ ਮਸਤਾਂ ਦੇ ਦੇਸ਼ ਆਇਆ ਸੀ, ਦੀਵਾਨਗੀ ਦੇ ਆਲਮ ਵਿਚ ਸਿਰ ਹਿੱਲਣ ਲੱਗ ਪਿਆ। ਭੋਗ ਪਿਆ ਤਾਂ ਅਰਧ ਮੂਰਛਤ ਜਿਹਾ ਹੋਇਆ ਨੱਥਾ ਸਿੰਘ, ਸੰਤਾਂ ਦੇ ਨੇੜੇ ਜਾ ਮੱਥਾ ਟੇਕਿਆ। ਮੋਢਿਓਂ ਫੜ ਸੰਤਾਂ ਨੇ ਕੰਨ ਵਿਚ ਭਜਨ ਦੇ ਦਿੱਤਾ...ਫਿਰ ਹੋਸ਼ ਨਾ ਰਹੀ। ਕਿੰਨੀ ਦੇਰ ਮਗਰੋਂ ਹੋਸ਼ ਆਈ ਤਾਂ ਮੂੰਹ ਵਿਚ ਬੁੜਬੁੜਾਏ—ਸੇਖ ਫ਼ਰੀਦੈ ਖੈਰ ਦੀਜੈ ਬੰਦਗੀ...ਸੇਖ ਫਰੀਦੈ...।

ਤਾਂ ਪੰਜਵੇਂ ਪਾਤਸ਼ਾਹ ਫਰਮਾਉਂਦੇ ਹਨ—

ਬਿਨਾ ਸਾਧੂ ਨ ਸਿਧ੍ਹਤੇ॥

ਸੰਨ 1940! ਲਾਲੇ ਮੂਸੇ, ਮਾਂਡਲੇ ਰੇਲਵੇ ਸਟੇਸ਼ਨ ਤੋਂ ਪੰਜ ਛੇ ਮੀਲ, ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦਾ ਦੌਰਾ ਸੀ। ਵਿਰੋਧੀ ਸਿੱਖ ਧੜੇ ਨੇ, ਗੁਰੂ ਦਰਬਾਰ ਵਿਚ ਬੇਰਸੀ ਪਾਉਣ ਦਾ ਮਤਾ ਪਕਾਇਆ। ਇਲਾਕੇ ਦੇ ਨਾਮੀ ਬਦਮਾਸ਼ ਨੂੰ ਅੱਗੇ ਲਾਇਆ। ਉਸ ਦੇ ਪਿੱਛੇ ਕਈ ਸ਼ਰਾਰਤੀ ਲੋਕ ਹੈ ਸਨ। ਵਿਉਂਤ ਇਵੇਂ ਬਣਾਈ, ਇਹ ਪਹਿਲਵਾਨ, ਭਰੇ ਦੀਵਾਨ ਖੜ੍ਹਾ ਹੋ ਕੇ ਖਰੂਦ ਪਾਏਗਾ...ਉਸ ਦੇ ਨਾਲ ਹੀ ਪੰਜਾਹ ਸੱਠ ਬੰਦੇ ਲਾਲਾ ਲਾਲਾ ਕਰਦੇ ਪੈ ਜਾਣਗੇ। ਦੀਵਾਨ ਆਰੰਭ ਹੋਇਆ। ਸਤਿਗੁਰ ਜੀ ਆਸਣ ’ਤੇ ਬਿਰਾਜਮਾਨ ਹੋਏ। ਬਸ ਇਕ ਨਜ਼ਰ, ਥੋੜ੍ਹੀ ਦੂਰ ਬੈਠੇ ਪਹਿਲਵਾਨ ’ਤੇ ਪਈ। ਪ੍ਰੀਤਮ ਦੇ ਵਿਯੋਗ ਵਿਚ ਭਿੱਜੇ ਸ਼ਬਦਾਂ ਦੀ ਫੁਹਾਰ ਨੇ, ਉਸ ਪਹਿਲਵਾਨ ਦੀ ਅਗਨ ਨੂੰ ਕੁਝ ਸ਼ਾਂਤ ਕੀਤਾ...ਫਿਰ ਸਤਿਗੁਰ ਦੀ ਮੇਹਰ ਵਰਖਾ ਨੇ ਠੰਢਾ ਠਾਰ ਕਰ ਦਿੱਤਾ। ਗੱਲ ਵਿਚ ਪੱਲਾ ਪਾ ਕੇ, ਸਤਿਗੁਰਾਂ ਨੇੜੇ ਹੋ ਕੇ ਬਹਿ ਗਿਆ, “ਮੈਨੂੰ ਖਿਮਾ ਕਰੋ...ਮੈਂ ਤੁਹਡਾ ਅਪਰਾਧੀ ਹਾਂ...ਖਿਮਾ ਕਰੋ। ਪਹਿਲਵਾਨ ਦੀ ਇਹ ਦਸ਼ਾ ਵੇਖ ਕੇ ਪਿੱਛਲੱਗੂ ਸਾਰੇ ਸ਼ਰਾਰਤੀ ਪਿਛਾਂਹ ਹੀ ਖਿਸਕ ਗਏ। ਉਸ

ਨਾਮੀ ਬਦਮਾਸ਼ ਨੇ ਸਾਰੇ ਐਬ ਤਿਆਗ ਦਿੱਤੇ...ਮਰਿਆਦਾ ਧਾਰੀ ਕੂਕਾ ਬਣ, ਸਾਧਾਂ ਵਾਲਾ ਜੀਵਨ ਬਤੀਤ ਕੀਤਾ।

ਸੰਨ 1933 ਵਿਚ ਕੈਮਲਪੁਰ ਤੋਂ ਭਾਈ ਵਜੀਰੇ ਨੇ, ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਦੌਰੇ ਲਈ ਅਰਜ਼ ਕੀਤੀ। ਸੱਚੇ ਪਾਤਸ਼ਾਹ, ਗੁਜਰਾਂਵਾਲਾ, ਸਿਆਲਕੋਟ, ਰਾਵਲਪਿੰਡੀ ਹੁੰਦਿਆਂ ਕੈਮਲਪੁਰ ਪੁੱਜੇ। ਸੰਤ ਇੰਦਰ ਸਿੰਘ ਚਕ੍ਰਵਰਤੀ, ਸੰਤ ਨਿਧਾਨ ਸਿੰਘ ਆਲਮ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਸੰਤ ਬਹਾਦਰ ਸਿੰਘ, ਇੰਦਰ ਸਿੰਘ ਢੋਲਕੀਆ ਅਤੇ ਹੋਰ ਰਾਗੀਆਂ ਦੇ ਨਾਲ ਜੱਥਾ ਪਹੁੰਚਿਆ। ਸਤਿਗੁਰ ਬਾਲਕ ਸਿੰਘ ਸੱਚੇ ਪਾਤਸ਼ਾਹ ਨੇ, ਕੈਮਲਪੁਰ ਦੇ ਬਾਬੇ ਸੰਗਤੇ ਨੂੰ ਮੰਜੀ ਬਖਸ਼ੀ ਸੀ। ਦੋ ਕੁ ਸਾਲ ਪਹਿਲਾਂ, ਇਸ ਮੰਜੀ ਦੇ ਸੰਚਾਲਕ ਬਾਬਾ ਲਛਮਣ ਦਾਸ ਹੈ ਸਨ। ਅਕਾਲੀਆਂ ਸਿੰਘਾਂ ਨੇ ਕਿਸੇ ਧਾਰਮਿਕ ਸਮਾਗਮ ਲਈ, ਬਾਬਾ ਲਛਮਣ ਦਾਸ ਤੋਂ ਡੇਰੇ ਦੇ ਵੱਡੇ ਗੁਰਦੁਆਰਾ ਹਾਲ ਵਿਚ, ਇਕ ਰੋਜ਼ਾ ਸਮਾਗਮ ਲਈ ਇਜਾਜ਼ਤ ਲਈ। ਸਮਾਗਮ ਸੰਪੂਰਨ ਹੋਇਆ। ਬਾਬਾ ਲਛਮਣ ਦਾਸ ਨੇ ਭੋਗ ਦੀ ਅਰਦਾਸ ਕੀਤੀ। ਸ੍ਰੀ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਸਤਿਗੁਰ ਬਾਲਕ ਸਿੰਘ ਤਕ ਤੇ ਅੱਗੋਂ ਬਾਬਾ ਸੰਗਤਾ ਜੀ ਦਾ ਨਾਂ ਵੀ ਅਰਦਾਸ ਵਿਚ ਲਿਆ। ਅਕਾਲੀ ਸਿੱਖ ਭੜਕ ਉੱਠੇ। ਵਿਵਾਦ ਵਧਿਆ...ਉਨ੍ਹਾਂ ਬਾਬਾ ਲਛਮਣ ਦਾਸ ਦਾ ਕਤਲ ਕਰ ਦਿੱਤਾ। ਉਪਰੰਤ ਬਾਬਾ ਭਗਵਾਨ ਦਾਸ, ਉਸ ਡੇਰੇ ਦੇ ਮੁੱਖ ਸੰਚਾਲਕ ਬਣੇ। ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦਾ ਦੌਰਾ ਹੋਇਆ। ਬਹੁਤ ਸਤਿਕਾਰ ਨਾਲ ਸਤਿਗੁਰ ਜੀ ਅੱਗੇ; ਉਸ ਗੁਰਦੁਆਰੇ ਬਸੰਤ ਮੇਲੇ ਦੀ ਅਰਜ਼ ਕੀਤੀ। ਅਰਜ਼ ਪਰਵਾਨ ਹੋਈ। ਤਿੰਨ ਦਿਨ 'ਬਸੰਤ' ਮੇਲਾ ਭਰਿਆ। ਆਸਾ ਕੀ ਵਾਰ, ਨਾਮ ਸਿਮਰਨ ਹੁੰਦਾ। ਵਿਦਵਾਨ ਜਥੇਦਾਰਾਂ ਦੇ ਦੀਵਾਨ ਲਗਦੇ। ਦੂਰੋਂ ਦੂਰੋਂ ਸੰਗਤ ਆਉਂਦੀ ਰਹੀ। ਤੀਜੇ ਦਿਨ ਆਲਮ ਜੀ ਨੇ ਧਾਰਨਾ ਲਾਈ—

ਸਤਿਗੁਰ ਮੇਰੇ ਕੀ ਵਡਿਆਈ॥
ਪ੍ਰਗਟੁ ਭਈ ਹੈ ਸਭਨੀ ਥਾਈ॥

ਉਹੋ ਸੰਗਤ, ਉਹੀ ਲੋਗ ਜਿਨ੍ਹਾਂ ਨੇ ਕੁਝ ਸਮਾਂ ਪਹਿਲਾਂ ਬਾਬੇ ਲਛਮਣ ਦਾਸ ਦਾ ਰੰਜਿਸ਼ ਵਿਚ ਕਤਲ ਕਰ ਦਿੱਤਾ ਸੀ...ਉਹੀ ਲੋਗ, ਸਤਿਗੁਰ ਜੀ ਨੂੰ ਨਿਵ ਨਿਵ ਕੇ ਮੱਥਾ ਟੇਕਦੇ ਰਹੇ, ਭੋਗ ਉਪਰੰਤ ਘਰਾਂ ਨੂੰ ਜਾਂਦਿਆਂ, ਗੁਰਬਾਣੀ ਦੀਆਂ ਤੁਕਾਂ ਮੂੰਹ ਵਿਚ ਗਾਉਂਦੇ ਜਾਂਦੇ—ਸਤਿਗੁਰ ਮੇਰੇ ਕੀ ਵਡਿਆਈ...॥

ਤਾਂ ਸਤਿਗੁਰ ਕਹਿੰਦੇ ਹਨ, ਬਿਨਾ ਸਾਧੂ ਨ ਸਿਧ੍ਤੇ॥

ਕੋਈ ਪੂਰਨ ਸਾਧ...ਕੋਈ ਪੂਰਨ ਸਤਿਗੁਰੂ, ਜਿਸ ਨੇ ਇੰਦ੍ਰੀਆਂ ਨੂੰ ਸਾਧ ਲਿਆ ਹੈ, ਜਿਸ ਦੀ ਪ੍ਰਜਵਲਿਤ ਆਤਮ ਜੋਤਿ, ਪਰਮਜੋਤਿ ਦੇ ਰੂਬਰੂ ਸਦਾ ਰਹਿੰਦੀ ਹੈ, ਉਹ ਪਰਮੇਸ਼ਰ ਨੂੰ ਪ੍ਰਮਾਣਿਤ ਕਰੇਗਾ...ਨਿਰੰਕਾਰ ਨੂੰ ਸਿੱਧ ਕਰੇਗਾ।

# ਹਰਿ ਅੰਮ੍ਰਿਤ ਭਿੰਨੇ ਲੋਇਣਾ

ਜਗਤ ਦੇ ਨੇਤਰਾਂ ਵਿਚ ਹੰਝੂ ਹਨ। ਦੁੱਖ, ਵਿਸਾਦ, ਤਣਾਅ ਵਿਚ ਵਗਦੇ ਹੰਝੂ। ਤਨ ਨੂੰ ਰੋਗ ਲਗਾ, ਧਨ ਦੀ ਤੋਟ ਹੈ, ਸਮਾਜਿਕ ਸਨਮਾਨ ਵਿਚ ਸੱਟ ਲੱਗੀ, ਰਿਸ਼ਤਿਆਂ ਵਿਚ ਤ੍ਰੇੜ ਆ ਗਈ...ਸੰਵੇਦਨਸ਼ੀਲ ਹੋ ਗਏ...ਹੰਝੂਆਂ ਦੀ ਗ੍ਰੰਥੀ ਨੇ ਪਾਣੀ ਜਿਹੇ ਤਰਲ ਪਦਾਰਥ ਨੂੰ ਡਿਸਚਾਰਜ ਕੀਤਾ ਔਰ ਅੱਖਾਂ ਭਰ ਗਈਆਂ। ਇਹ ਹੰਝੂ ਹਨ। ਦੁੱਖ ਦੇ ਹੰਝੂ! ਕਦੇ ਸੁਖੇਵਾਂ ਸਮਾਂ ਆਇਆ। ਚਿਰਾਂ ਦੀ ਉਡੀਕ ਪੂਰੀ ਹੋਈ...ਵਿਛੜੇ ਸੱਜਣਾਂ ਨਾਲ ਮਿਲਾਪ ਹੋਇਆ...ਸਤਿਗੁਰ ਦੀ ਮੇਹਰ ਹੋਈ, ਕਾਰਜ ਵਿਚ ਸਫਲਤਾ ਮਿਲੀ...ਰੋਗ, ਦੁੱਖ, ਮੁਕੱਦਮਾ ਗਲੋਂ ਲੱਥਾ ਤਾਂ ਸ਼ੁਕਰਾਨੇ ਵਜੋਂ ਨੇਤਰਾਂ ਵਿਚ ਜਲ ਭਰ ਆਇਆ, ਇਹ ਖ਼ੁਸ਼ੀ ਦੇ ਹੰਝੂ ਹਨ। ਨੇਤਰਾਂ ਵਿਚ ਹੰਝੂ ਛਲਕਦੇ ਰਹਿੰਦੇ, ਕਦੇ ਦੁੱਖ ਦੇ ਤੇ ਕਦੇ ਸੁਖ ਦੇ।

ਚੌਥੇ ਪਾਤਸ਼ਾਹ, ਆਸਾ ਰਾਗ ਵਿਚ ਫੁਰਮਾਉਂਦੇ ਹਨ, ਜਗ ਵਿਚ ਕੁਝ ਨਿਵੇਕਲੇ ਨੇਤਰ, ਜਿਨ੍ਹਾਂ ਵਿਚ 'ਅੰਮ੍ਰਿਤ' ਹੁੰਦਾ ਹੈ। ਟੁੱਟਦੀਆਂ ਆਸਾਂ ਅਤੇ ਥਿੜਕਦੇ ਜੀਵਨ ਨੂੰ ਮੁੜ ਸੁਰਜੀਤ ਕਰਨ ਦੀ ਸਮਰੱਥਾ ਜੋਗ ਅੰਮ੍ਰਿਤ। ਜਗ ਵਿਚ ਵਿਰਲੇ ਸਾਧ, ਸੰਤ, ਸਤਿਗੁਰ ਜਾਂ ਗੁਰੂ ਮਾਤਾਵਾਂ, ਜਿਨ੍ਹਾਂ ਦੇ ਨੇਤਰਾਂ ਵਿਚ ਸਾਰਿਆਂ ਲਈ ਕਰੁਣਾ ਹੈ...ਮਨ ਵਿਚ ਪ੍ਰੇਮ ਹੈ...ਸਰਬੱਤ ਦੇ ਭਲੇ ਲਈ ਅਰਦਾਸ ਹੈ। ਸਿੱਖ ਜਗਤ ਵਿਚ ਇਵੇਂ ਦੇ ਸੰਤ, ਸਤਿਗੁਰ ਜਾਂ ਗੁਰੂ ਮਾਤਾਵਾਂ ਦੇ ਕਈ ਪ੍ਰਸੰਗ ਪ੍ਰਚਲਿਤ ਹਨ।

ਤੀਜੇ ਪਾਤਸ਼ਾਹ ਦੇ ਸਮੇਂ, ਭਾਈ ਲੰਗਾਹ ਤਲਵੰਡੀ ਦਾ ਰਹਿਣ ਵਾਲਾ। ਬਚਪਨ ਵਿਚ ਸੱਟ ਲੱਗੀ, ਇਕ ਪੈਰ ਵਿਚ ਨੁਕਸ ਪੈ ਗਿਆ। ਲੰਗੜਾ ਕੇ ਟੁਰਦਾ ਸੀ...ਨਾਂ ਪੈ ਗਿਆ ਭਾਈ ਲੰਗਾਹ। ਤੀਜੇ ਪਾਤਸ਼ਾਹ ਦੇ ਚਰਨਾਂ ਵਿਚ ਪ੍ਰੀਤ ਸੀ...ਭਰੋਸਾ ਸੀ। ਹਰ ਰੋਜ਼, ਘਰ ਦੀ ਗਊ ਦਾ ਦੁੱਧ ਜਮਾਉਂਦੇ। ਅਗਲੇ ਦਿਨ ਇਸ਼ਨਾਨ ਪਾਣੀ ਕਰ ਕੇ ਸੁੱਚੇ ਬਸਤਰ ਵਿਚ ਦਹੀ ਦਾ ਭਾਂਡਾ ਲਵੇਟ ਕੇ ਸਿਰ 'ਤੇ ਰੱਖ ਕੇ ਟੁਰ ਪੈਂਦੇ। ਰੋਜ਼ ਦਾ ਨਿਯਮ ਸੀ, ਤਲਵੰਡੀ ਤੋਂ ਦਹੀਂ ਲੈ ਕੇ ਟੁਰਦੇ, ਸ੍ਰੀ ਗੋਇੰਦਵਾਲ ਸਤਿਗੁਰ ਜੀ ਦੇ ਪ੍ਰਸ਼ਾਦਾ ਛਕਣ ਦੇ ਸਮੇਂ ਤਕ ਪਹੁੰਚ ਜਾਂਦੇ। ਇਕ ਦਿਨ, ਰੋਜ਼ ਦੀ ਤਰ੍ਹਾਂ ਭਾਈ ਜੀ ਟੁਰੇ। ਪਿੰਡ ਤੋਂ ਬਾਹਰ, ਪਿੰਡ ਦਾ ਚੌਧਰੀ, ਜਿਹੜਾ ਸਰਪੰਚ ਵੀ ਹੈ ਸੀ...ਆਪਣੇ ਸਾਥੀਆਂ ਨਾਲ ਹਾਸੇ ਮਜ਼ਾਕਾਂ ਕਰ ਰਿਹਾ ਸੀ। ਸਾਹਵੇਂ ਭਾਈ ਲੰਗਾਹ, ਦਹੀਂ ਦਾ ਕੁੱਜਾ ਸਿਰ 'ਤੇ ਰੱਖ ਲੰਘ ਰਿਹਾ ਸੀ। ਚੌਧਰੀ ਨੂੰ ਹਾਸੇ ਮਜ਼ਾਕ ਦਾ ਸਬੱਬ ਹੱਥ ਲੱਗਾ।

ਕਿਉਂ ਭਾਈ ਲੰਗਾਹ! ਇਹ ਰੋਜ਼ ਕੁੱਜਾ ਸਿਰ ’ਤੇ ਰੱਖ ਕਿੱਥੇ ਜਾਂਦਾ ਹੈਂ ? ਚੌਧਰੀ ਨੇ ਛੇੜਿਆ।

ਜੀ...ਮੈਂ ਆਪਣੇ ਗੁਰੂ ਪਰਮੇਸ਼ਰ ਲਈ ਦਹੀਂ ਲੈ ਕੇ, ਸ੍ਰੀ ਗੋਇੰਦਵਾਲ ਸਾਹਿਬ ਜਾਂਦਾ ਹਾਂ—ਭਾਈ ਲੰਗਾਹ ਨੇ ਜਵਾਬ ਦਿੱਤਾ।

ਚੰਗਾ ਤੇਰਾ ਗੁਰੂ ਪਰਮੇਸ਼ਰ ਹੈ...ਤੇਰਾ ਪੈਰ ਤਾਂ ਠੀਕ ਕਰ ਨਹੀਂ ਸਕਿਆ...ਕਿਵੇਂ ਦਾ ਪਰਮੇਸ਼ਰ ਹੈ ?

ਭਾਈ ਲੰਗਾਹ, ਗੁਰੂ ਪ੍ਰਤੀ ਸ਼ੰਕਾ ਦੇ ਬੋਲ ਸੁਣ ਨਾ ਸਕਿਆ, ਅੱਗੇ ਟੁਰਦਾ ਗਿਆ।

ਅੱਜ ਪਾਤਸ਼ਾਹ ਨੂੰ ਭਾਈ ਲੰਗਾਹ ਦੀ ਉਡੀਕ ਹੈ। ਸਮੇਂ ਤੋਂ ਪਹਿਲਾਂ ਹੀ ਭਾਈ ਬੱਲੂ ਨੂੰ ਕਹਿੰਦੇ, ਬੱਲੂ! ਵੇਖੀਂ ਭਾਈ ਲੰਗਾਹ ਆਇਆ ਤਾਂ ਨਹੀਂ। ਪ੍ਰਸ਼ਾਦਾ ਛਕਣਾ ਹੈ।

ਭਾਈ ਲੰਗਾਹ, ਉਦਾਸ ਜਿਹਾ ਟੁਰੀ ਆਉਂਦਾ ਹੈ। ਵਾਰ ਵਾਰ ਚੌਧਰੀ ਦੇ ਬੋਲ ਕੰਨਾਂ ਵਿਚ ਨਸ਼ਤਰ ਵਾਂਗ ਚੁਭ ਰਹੇ ਸਨ...“ਚੰਗਾ ਤੇਰਾ ਗੁਰੂ ਪਰਮੇਸ਼ਰ ਹੈ...ਤੇਰਾ ਪੈਰ ਤਾਂ ਠੀਕ ਕਰ ਨਹੀਂ ਸਕਿਆ...ਕਿਵੇਂ ਦਾ ਪਰਮੇਸ਼ਰ...।”

ਸ੍ਰੀ ਗੋਇੰਦਵਾਲ ਸਾਹਿਬ ਪਹੁੰਚ ਗਿਆ। ਸਤਿਗੁਰੂ ਜੀ ਉਡੀਕ ਕਰਦੇ ਦਿਸੇ।

ਕਿਉਂ ਭਾਈ ਲੰਗਾਹ! ਅੱਜ ਦੇਰ ਹੋ ਗਈ ?

ਹਾਂ ਜੀ...ਗਰੀਬ ਨਿਵਾਜ਼ ਦੇਰ ਹੋ ਗਈ—ਭਾਈ ਲੰਗਾਹ ਨੇਤਰ ਨੀਵੇਂ ਰੱਖ ਕੇ ਬੋਲਿਆ। ਡਰਦਾ ਸੀ, ਕਿਤੇ ਨੇਤਰਾਂ ਵਿਚ ਭਰ ਆਇਆ ਜਲ ਬਾਹਰ ਨਾ ਛਲਕ ਪਵੇ।

ਸਤਿਗੁਰ...ਅੰਤਰਯਾਮੀ ਪਾਤਸ਼ਾਹ ਕਹਿੰਦੇ, ਭਾਈ ਲੰਗਾਹ, ਉਹ ਗੱਲ ਦੱਸ, ਜਿਹੜੀ ਚੌਧਰੀ ਨੇ ਤੈਨੂੰ ਕਹੀ ਸੀ।

ਭਾਈ ਲੰਗਾਹ ਦੇ ਨੇਤਰਾਂ ਤੋਂ ਜਲ ਛਲਕ ਆਇਆ। ਪਾਤਸ਼ਾਹ...ਉਹ ਅਨਜਾਣ ਲੋਗ ਹਨ...ਸਤਿਗੁਰੂ ਦੀ ਮਹਿਮਾ ਨਹੀਂ ਜਾਣਦੇ...ਕਹਿੰਦਾ ਸੀ, “ਕਿਵੇਂ ਦਾ ਗੁਰੂ ਪਰਮੇਸ਼ਰ”...ਅਗਲੀ ਗੱਲ ਭਾਈ ਲੰਗਾਹ ਨਾ ਕਰ ਸਕਿਆ...ਰੋਣ ਲੱਗ ਪਿਆ।

ਜਾ...ਉਹ ਬਾਹਰ ਬਾਬਾ ਬੁੱਢਾ ਜੀ ਦੀ ਕੁਟੀਆ ਹੈ। ਤੇਰਾ ਪੈਰ ਠੀਕ ਕਰ ਦੇਣਗੇ।

ਬਾਬਾ ਬੁੱਢਾ ਜੀ, ਦਉਰੀ ਡੰਡੇ ਨਾਲ ਸ਼ਰਦਾਈ ਰਗੜ ਰਹੇ ਸੀ। ਵੱਡੀ ਸਾਰੀ ਦਉਰੀ ਤੇ ਮੋਟਾ ਡੰਡਾ।

ਭਾਈ ਲੰਗਾਹ ਨੇੜੇ ਹੋਇਆ।

ਹਾਂ, ਦੱਸ ਭਾਈ, ਕੀ ਗੱਲ ਹੈ ? ਬਾਬਾ ਬੁੱਢਾ ਜੀ ਪੁੱਛਿਆ।

ਬਾਬਾ ਜੀ ਤੇ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਕਿਰਪਾ ਹੋਈ ਹੋਈ ਸੀ...ਅੰਦਰ ਦੀਆਂ ਜਾਣ ਲੈਂਦੇ ਸਨ।

ਸਹਿਮਿਆ ਹੋਇਆ, ਭਾਈ ਲੰਗਾਹ ਬੋਲਿਆ—ਜੀ ਬਾਬਾ ਜੀ...ਸਤਿਗੁਰੂ ਜੀ ਨੇ ਭੇਜਿਆ ਹੈ...ਇਹ ਪੈਰ ਠੀਕ ਕਰਨ ਨੂੰ।

"ਤੇਰੀ ਤੇ..." ਬਾਬਾ ਬੁੱਢਾ ਜੀ ਨੇ, ਸ਼ਰਦਾਈ ਵਾਲਾ ਮੋਟਾ ਸੋਟਾ, ਭਾਈ ਲੰਗਾਹ ਨੂੰ ਮਾਰਨ ਲਈ ਚੁੱਕਿਆ।

ਭਾਈ ਲੰਗਾਹ ਡਰ ਕੇ ਭੱਜਿਆ। ਕਿਤੇ ਦੂਜੀ ਲੱਤ ਵੀ ਨਾ ਭੰਨ ਦੇਣ। ਪੂਰਾ ਜ਼ੋਰ ਲਾ ਕੇ ਭੱਜਿਆ...ਔਰ ਕਮਾਲ ਹੋ ਗਿਆ। ਐਥਲੀਟ ਵਾਂਗ ਦੌੜ ਪਿਆ...ਪੈਰ ਨਵਾਂ ਨਰੋਆ ਹੋ ਗਿਆ। ਹੈਰਾਨ ਹੋਇਆ ਭਾਈ ਲੰਗਾਹ, ਬਾਬਾ ਬੁੱਢਾ ਜੀ ਦੇ ਚਰਨਾਂ ਤੇ ਸੀਸ ਨਿਵਾਇਆ...ਰੋਣ ਲੱਗ ਪਿਆ...ਖ਼ੁਸ਼ੀ ਦੇ ਹੰਝੂ ਡੁੱਲ੍ਹਣ ਲੱਗੇ।

ਬਾਬਾ ਜੀ ਨੇ ਭਾਈ ਲੰਗਾਹ ਨੂੰ ਪਿਆਰ ਨਾਲ ਨੇੜੇ ਬਿਠਾਇਆ ਤੇ ਭੇਦ ਖੋਲ੍ਹਿਆ—ਭਾਈ ਜੀ, ਤੁਹਾਡੀ ਲੱਤ ਤਾਂ ਉਦੋਂ ਹੀ ਠੀਕ ਹੋ ਗਈ ਸੀ, ਜਦੋਂ ਸਤਿਗੁਰੂ ਜੀ ਦਾ ਬਚਨ ਹੋਇਆ। ਇਹ ਤਾਂ ਮੇਰੇ ਵੱਲ ਭੇਜਣਾ, ਇਕ ਓਹਲਾ ਰੱਖਣ ਵਾਲੀ ਗੱਲ ਹੈ। ਗੁਰੂ ਦੇ ਨੇਤਰਾਂ ਵਿਚ ਅੰਮ੍ਰਿਤ ਹੁੰਦਾ ਹੈ...ਮ੍ਰਿਤਕ ਨੂੰ ਜੀਉਂਦਿਆਂ ਕਰ ਦੇਣ ਵਾਲੀ ਸੰਜੀਵਨੀ, ਜਗ ਦੇ ਦੁੱਖ ਦੂਰ ਕਰ ਦੇਣ ਜੋਗ ਸਮਰੱਥਾ ਦੀ ਦ੍ਰਿਸ਼ਟੀ।

ਸੰਨ 1700 ਵਿਚ ਪਹਾੜੀ ਰਾਜੇ ਕੇਸਰੀ ਚੰਦ ਨੇ ਕਲਗੀਧਰ ਪਿਤਾ ਦੇ ਹੁਕਮ ਨਾਲ ਸ਼ਰਾਬੀ ਹਾਥੀ ਨੂੰ ਮਾਰਿਆ ਤਾਂ ਉਹ ਕਹਿੰਦੇ ਹਨ, ਮੇਰਾ ਤੇ ਬਹਾਨਾ ਸੀ...ਹਾਥੀ ਤਾਂ ਦਰਅਸਲ ਉਦੋਂ ਹੀ ਮਰ ਗਿਆ ਸੀ, ਜਦੋਂ ਸਤਿਗੁਰੂ ਦਾ ਬਚਨ ਹੋ ਗਿਆ...ਸਤਿਗੁਰਾਂ ਦੀ ਮੇਹਰ ਭਰੀ ਨਜ਼ਰ ਮੇਰੇ 'ਤੇ ਪਈ...ਹਰਿ ਅੰਮ੍ਰਿਤ ਭਿੰਨੇ ਲੋਇਣਾ...।

ਸੰਨ 1705! ਮੁਕਤਸਰ, ਖਿਦਰਾਣੇ ਦੀ ਢਾਬ 'ਤੇ ਸਰਹਿੰਦ ਤੋਂ ਆਈ ਮੁਗ਼ਲ ਫ਼ੌਜ ਨਾਲ ਜੰਗ ਹੋਈ। ਕਿਸੇ ਕੁਲੱਖਣੀ ਘੜੀ, ਬੇਦਾਵਾ ਲਿਖ ਕੇ ਘਰਾਂ ਨੂੰ ਟੁਰ ਗਏ ਚਾਲ੍ਹੀ ਸਿੱਖ ਯੋਧਿਆਂ ਨੂੰ ਪ੍ਰੇਰ ਕੇ ਮਾਈ ਭਾਗੋ, ਝਬਾਲ, ਸ੍ਰੀ ਅੰਮ੍ਰਿਤਸਰ ਤੋਂ ਚੱਲ ਕੇ ਮੁਕਤਸਰ ਪਹੁੰਚ, ਜੰਗ ਵਿਚ ਸ਼ਹੀਦ ਹੋਏ ਅਤੇ ਫੱਟੜ ਹੋਏ, ਇਕ ਇਕ ਸਿੱਖ ਵੱਲ ਪਿਆਰ ਸਨੇਹ ਨਾਲ ਵੇਖਦੇ ਅਤੇ ਮੁਖਾਰਬਿੰਦ ਤੋਂ ਉਚਾਰਦੇ—ਇਹ ਬੀਸ ਹਜਾਰੀ, ਇਹ ਤੀਸ ਹਜਾਰੀ, ਇਸਕੀ ਹੋਏ ਲਾਖੋਂ ਸਿਰਦਾਰੀ...। ਇਹ ਮੇਰਾ ਸਿੱਖ ਵੀਹ ਹਜ਼ਾਰ 'ਤੇ ਇਕੱਲਾ ਭਾਰੀ ਪੈਂਦਾ ਸੀ...ਇਹ ਤੀਹ ਹਜ਼ਾਰ ਨਾਲ ਇਕੱਲਾ ਜੂਝਦਾ ਸੀ...ਇਹ ਤਾਂ ਲੱਖਾਂ ਤੇ ਸਰਦਾਰੀ ਕਰਦਾ ਭਾਵ ਦੁਸ਼ਮਣਾਂ ਦੇ ਲੱਖਾਂ ਦੇ ਝੁੰਡ ਨੂੰ ਇਕੱਲਾ ਫਤਹਿ ਕਰ ਆਉਂਦਾ। ਇਸੇ ਤਰ੍ਹਾਂ ਆਪਣੇ ਪਿਆਰਿਆਂ ਸਿੰਘ ਸ਼ਹੀਦਾਂ ਨੂੰ ਨਿਹਾਰਦੇ, ਹੰਝੂ ਦੀਆਂ ਦੋ ਬੂੰਦਾਂ ਮਮਤਾ ਵਜੋਂ ਨੇਤਰ 'ਚੋਂ ਡਿੱਗ ਕੇ ਉਨ੍ਹਾਂ ਜੋਧਿਆਂ 'ਤੇ ਪੈਂਦੀਆਂ ਔਰ ਆਪ ਅੱਗੇ ਵਧ ਜਾਂਦੇ। ਵੇਖਿਆ, ਅੱਗੇ ਭਾਈ ਮਹਾ ਸਿੰਘ...ਸਰੀਰ 'ਤੇ ਦੁਸ਼ਮਣਾਂ ਦੇ ਅਨੇਕਾਂ ਫੱਟ...ਲਹੂ ਅਤੇ ਮਿੱਟੀ ਨਾਲ ਲਿਬੜਿਆ ਸਰੀਰ! ਕੋਲ ਧਰਤੀ 'ਤੇ ਪਾਤਸ਼ਾਹ ਬੈਠ ਗਏ। ਭਾਈ ਮਹਾਂ ਸਿੰਘ ਦਾ ਸਿਰ, ਹੱਥਾਂ ਨਾਲ ਚੁੱਕ

ਕੇ ਆਪਣੇ ਪੈਰਾਂ 'ਤੇ ਰੱਖਿਆ...ਰੁਮਾਲੀ ਨਾਲ ਮੂੰਹ ਸਾਫ਼ ਕੀਤਾ।

ਭਾਈ ਮਹਾਂ ਸਿੰਘ! ਕਲਗੀਧਰ ਬੋਲੇ, ਅੱਖਾਂ ਖੋਲ੍ਹ!

ਮੇਰੇ ਸਤਿਗੁਰ! ਪ੍ਰਾਣ ਨੂੰ ਤੁਹਾਡੀ ਉਡੀਕ ਸੀ। ਭਾਈ ਮਹਾਂ ਸਿੰਘ ਨੇ ਲਹੂ ਨਾਲ ਚੰਬੜੀਆਂ ਅੱਖਾਂ ਖੋਲ੍ਹੀਆਂ...ਗੁਰੂ ਦਾ ਦੀਦਾਰ ਹੋਇਆ...ਸ਼ੁਕਰਾਨੇ ਵਜੋਂ ਦੋਵੇਂ ਹੱਥ ਜੁੜ ਗਏ।

ਦਸਮੇਸ਼ ਪਿਤਾ, ਸਿਰ 'ਤੇ ਹੱਥ ਫੇਰਦੇ ਹਨ...ਪਿਆਰ ਵਿਚ ਬਚਨ ਕੀਤਾ...ਭਾਈ ਮਹਾਂ ਸਿੰਘ! ਜੇ ਕਹੇਂ ਤੈਨੂੰ ਲੰਮੀ ਉਮਰ ਦੇ ਦੇਵਾਂ...ਕਹੇਂ ਤਾਂ ਸੰਸਾਰ ਦੇ ਸਾਰੇ ਸੁਖ ਬਿਲਾਸ ਤੇਰੀ ਝੋਲੀ ਪਾ ਦੇਵਾਂ। ਮੰਗ...ਜੋ ਕੁਝ ਵੀ ਚਾਹੀਦਾ ਹੈ।

ਵਸਤ ਅਦੇਯ ਨਹੀਂ ਅਸ ਕੋਈ॥
ਤਵ ਮਾਂਗੇ ਤੇ ਦੇਯ ਨਾ ਹੋਈ॥

ਤਿੰਨੇ ਲੋਕਾਂ ਵਿਚ ਇੰਝ ਦੀ ਕੋਈ ਸ਼ੈਅ ਨਹੀਂ, ਜਿਹੜੀ ਤੂੰ ਮੰਗੇਂ ਤੇ ਮੈਂ ਦੇ ਨਾ ਸਕਾਂ।

ਪਾਤਸ਼ਾਹ ਜੀ! ਅੱਜ ਮੇਰੇ ਜਿਹਾ ਨਸੀਬਾਂ ਵਾਲਾ ਜਗ ਵਿਚ ਹੋਰ ਕਿਹੜਾ ਹੋਣੈ। ਸਤਿਗੁਰ ਪ੍ਰੀਤਮ ਦੇ ਚਰਨਾਂ 'ਤੇ ਸਿਰ ਹੋਵੇ ਅਤੇ ਪ੍ਰਾਣ ਨਿਕਲ ਜਾਏ। ਮੇਹਰ ਕਰੋ ਪਾਤਸ਼ਾਹ, ਹੁਣ ਜਿੰਦ ਨੂੰ ਰੁਖਸਤ ਹੋ ਜਾਣ ਦਿਉ। ਦੋ ਬੂੰਦਾਂ ਹੰਝੂ ਦੀਆਂ, ਭਾਈ ਮਹਾਂ ਸਿੰਘ ਦੇ ਮੱਥੇ 'ਤੇ ਡਿੱਗੀਆਂ ਔਰ ਪ੍ਰਾਣ, ਤਨ 'ਚੋਂ ਬਾਹਰ ਹੋ ਗਏ।

ਪਾਤਸ਼ਾਹ ਕਹਿੰਦੇ ਹਨ, "ਹਰਿ ਅੰਮ੍ਰਿਤ ਭਿੰਨੇ ਲੋਇਣਾ..." ਉਹ ਅੰਮ੍ਰਿਤ ਭਰੇ ਨੇਤਰ...ਜਗ ਨੂੰ ਸੁਖੀ ਕਰਨ ਵਾਲੇ ਨੇਤਰ...ਜੀਵਨ ਨੂੰ ਅੰਮ੍ਰਿਤ ਦਾ ਸੁਨੇਹਾ ਦਿੰਦੇ ਪਿਆਰ-ਮਮਤਾ ਭਰੇ ਨੈਣ...ਕੋਈ ਵਿਰਲੇ, ਭਾਗਾਂ ਵਾਲੇ...ਜਿਨ੍ਹਾਂ ਨੂੰ ਉਹ ਅਲੌਕਿਕ ਸ਼ਖ਼ਸੀਅਤਾਂ ਦੀ ਚਰਣ ਛੋਹ ਪ੍ਰਾਪਤ ਹੋਈ। ਪੰਜਵੇਂ ਪਾਤਸ਼ਾਹ ਕਹਿੰਦੇ ਹਨ—

ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥
ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥

ਉਹ ਵਿਰਲੇ, ਭਾਗਾਂ ਵਾਲੇ ਮਨੁੱਖ...ਉਹ ਜਗ ਤੋਂ ਨਿਵੇਕਲੀਆਂ ਅੱਖਾਂ, ਜਿਸ ਨੂੰ ਯਾਰ ਦਾ ਦੀਦਾਰ ਹੋਇਆ...ਜਿਨ੍ਹਾਂ ਨੇ ਅੰਮ੍ਰਿਤਮਈ ਸ਼ਖ਼ਸੀਅਤਾਂ ਦੇ ਦਰਸ਼ਨ ਕੀਤੇ ਹਨ।

ਮਾਤਾ ਭੁਪਿੰਦਰ ਕੌਰ ਜੀ! ਸੰਨ 1898, ਗੁਰੂਸਰ ਜ਼ਿਲ੍ਹਾ ਫਿਰੋਜ਼ਪੁਰ ਦਾ ਜਨਮ। ਸੰਨ 1914 ਵਿਚ, ਸ੍ਰੀ ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਨਾਲ ਆਨੰਦ ਕਾਰਜ ਹੋਇਆ। ਉਮਰ 16 ਸਾਲ! ਸੇਵਾ ਦੀ, ਪਿਆਰ ਮਮਤਾ ਦੀ ਮੂਰਤ! ਮੇਰੇ ਪਿਤਾ, ਸੂਬਾ ਦੀਵਾਨ ਸਿੰਘ ਜੀ, ਕਈ ਵਾਰ ਮਾਤਾ ਜੀ ਬਾਬਤ ਵਚਨ ਕਰਦੇ—ਉਹ ਮਾਤਾ, ਸਾਖਿਆਤ ਕੋਈ ਦੇਵੀ ਦਾ ਅਵਤਾਰ ਸੀ। ਅੱਧ ਮੁੰਦੇ, ਸਦਾ

ਥੱਕੇ ਝੁਕੇ ਨੈਣ...ਅੰਮ੍ਰਿਤ ਡੁੱਲ੍ਹਦਾ ਹੁੰਦਾ। ਅੰਗਰੇਜ਼ੀ ਹਕੂਮਤ...ਸ੍ਰੀ ਭੈਣੀ ਸਾਹਿਬ, ਡਿਓਢੀ ਬਾਹਰ ਪੱਕੀ ਪੁਲਿਸ ਚੌਂਕੀ। ਮਾਤਾ ਭੁਪਿੰਦਰ ਕੌਰ ਨੇ ਸ੍ਰੀ ਭੈਣੀ ਸਾਹਿਬ... ਸੇਵਾ ਸੰਭਾਲ...ਇਕ ਇਕ ਸਾਧਾਂ ਦੀਆਂ ਜ਼ਰੂਰਤਾਂ ਦਾ ਖਿਆਲ ਰੱਖਣਾ, ਲੰਗਰ ਪ੍ਰਬੰਧ....ਹਰ ਕਾਜ ਸੁਚੱਜਾ...ਸਮਝਦਾਰੀ ਭਰਪੂਰ। ਮਾਤਾ ਜੀਵਨ ਕੌਰ ਜੀ, ਮਾਤਾ ਫਤਹਿ ਕੌਰ ਜੀ ਨੇ ਕਈ ਵਾਰ ਅਸੀਸਾਂ ਦੇਣੀਆਂ—ਪੁੱਤਰ "ਸਤਿਗੁਰੁ ਤੇਰੀ ਲੰਮੀ ਉਮਰ ਕਰਨ..."। ਨਾ ਮਾਤਾ ਜੀ, ਲੰਮੀਆਂ ਉਮਰਾਂ ਤੋਂ ਕੀ ਲੈਣਾ...ਉਮਰ ਉਹ ਚੰਗੀ, ਜਿਹੜੀ ਸੇਵਾ ਸਿਮਰਨ ਵਿਚ ਲੰਘੇ।

ਬੀੜ, ਸਤਿਗੁਰ ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ, ਭਜਨ ਦੀ ਅਖੰਡ ਵਰਨੀ ਚਲਦੀ ਸੀ। ਕੁਝ ਸਾਧ ਬੀੜ ਡੇਰੇ ਵਿਚ ਰਹਿੰਦੇ, ਵਰਨੀ ਵਿਚ ਆਪਣੀ ਰੋਲ ਲਾਉਂਦੇ...ਲੰਗਰ ਚਲਦਾ ਰਹਿੰਦਾ। ਇਕ ਵਾਰ ਰਸਦ ਮੁੱਕ ਗਈ, ਲੰਗਰ ਮਸਤਾਨਾ ਹੋ ਗਿਆ। ਰਸਦ ਸ੍ਰੀ ਭੈਣੀ ਸਾਹਿਬ ਤੋਂ ਆਉਂਦੀ ਸੀ। ਸਤਿਗੁਰੂ ਸੱਚੇ ਪਾਤਸ਼ਾਹ ਪੱਛਮੀ ਪੰਜਾਬ ਪਾਸੇ ਦੌਰੇ 'ਤੇ ਗਏ ਸੀ। ਇਕ ਦਿਨ ਸਾਧਾਂ ਨੇ ਭੁੱਖਿਆਂ ਲੰਘਾਇਆ। ਵਰਨੀ ਚਲਦੀ ਰਹੀ। ਦੂਜੇ ਦਿਨ, ਇਕ ਸਾਧ ਸ੍ਰੀ ਭੈਣੀ ਸਾਹਿਬ ਗਿਆ। ਸਤਿਗੁਰੂ ਜੀ ਦੌਰੇ 'ਤੇ ਹੈ ਸਨ। ਮਾਤਾ ਭੁਪਿੰਦਰ ਕੌਰ ਜੀ ਨੂੰ ਅਰਜ਼ ਕੀਤੀ। ਇਕ ਮਿੰਟ ਮਾਤਾ ਜੀ ਮੌਨ ਰਹੇ। ਕੋਲ ਪੈਸੇ ਹੈ ਨਹੀਂ ਸਨ। ਦੂਜੇ ਖਿਣ ਬਚਨ ਕੀਤਾ, ਸੰਤ ਜੀ, ਖੜ੍ਹ ਜਾਓ, ਮੈਂ ਵੇਖਦੀ ਹਾਂ। ਇਕ ਬਕਸਾ ਜਿਹਾ ਫਰੋਲਣ ਲੱਗੇ। ਮਾਤਾ ਜੀ ਦੇ ਕਪੜੇ ਲੀੜੇ ਰੱਖੇ ਸਨ। ਕਪੜੇ ਬਾਹਰ ਕੱਢਦਿਆਂ, ਇਕ ਸੋਨੇ ਦੀ ਮੁੰਦਰੀ ਹੱਥ ਆ ਗਈ। ਵਿਆਹ ਵੇਲੇ, ਮਾਤਾ ਨੇ ਦਿੱਤੀ ਸੀ।

ਲਓ ਸੰਤ ਜੀ...ਇਹ ਵੇਚ ਕੇ ਜ਼ਰੂਰੀ ਰਸਦ ਲੈ ਆਉ। ਦੋ ਕੁ ਦਿਨਾਂ ਤਕ ਪਾਤਸ਼ਾਹ ਜੀ ਨੇ ਆ ਜਾਣਾ ਹੈ, ਫਿਰ ਇਕੱਠੀ ਰਸਦ ਭੇਜ ਦਿਆਂਗੇ।

ਸੰਨ 1920 ਵਿਚ ਜਪ ਪ੍ਰਯੋਗ ਆਰੰਭ ਹੋਇਆ। ਸੰਤ ਅਤਰ ਸਿੰਘ, ਸੰਤ ਆਲ੍ਹਾ ਸਿੰਘ, ਸੰਤ ਮੋਹਨ ਸਿੰਘ, ਸੰਤ ਭਗਤ ਸਿੰਘ ਦਾਤੇਵਾਲੀਏ...ਸਾਰੇ ਵੱਡੀ ਕਰਨੀ ਵਾਲੇ ਸੰਤ ਸਾਧ, ਸ੍ਰੀ ਭੈਣੀ ਸਾਹਿਬ ਡੇਰੇ ਲਾਏ ਹੋਏ ਸਨ। ਸੰਤ ਆਲਾ ਸਿੰਘ ਨੇ ਮਾਤਾ ਭੁਪਿੰਦਰ ਕੌਰ ਜੀ ਨੂੰ ਪ੍ਰੇਰਿਆ, ਮਾਤਾ ਜੀ ਬੀਬੀਆਂ ਦਾ ਜਪ ਪ੍ਰਯੋਗ ਵੀ ਚਲਣਾ ਚਾਹੀਦਾ ਹੈ। ਭਾਦੋਂ 1920 ਦਾ ਉਹ ਸਮਾਂ ਸੀ। ਮਾਤਾ ਜੀ ਨੂੰ ਅੱਠ ਮਹੀਨੇ ਦਾ ਗਰਭ ਸੀ। ਉਸ ਅਵਸਥਾ ਵਿਚ ਵੀ ਸੰਗਤ ਲਈ ਰਿਹਾਇਸ਼, ਲੰਗਰ ਪ੍ਰਬੰਧ, ਸਾਰੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਂਦਿਆਂ ਹੋਇਆਂ, ਬੀਬੀਆਂ ਦਾ ਜਪ ਪ੍ਰਯੋਗ ਵੀ ਆਰੰਭ ਕਰਵਾਇਆ।

ਨਵੰਬਰ, ਸੰਨ 1920 ਵਿਚ ਹੀ, ਸਤਿਗੁਰ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਹੋਇਆ।

ਸੰਨ 1924! ਮਹਾਰਾਜ ਬੀਰ ਸਿੰਘ ਹੋਰਾਂ ਦਾ ਜਨਮ ਹੋਇਆ। ਸੂਤਕ ਵਿਚ,

ਬੁਖਾਰ ਚੜ੍ਹ ਗਿਆ। ਮਰਜ਼ ਵਧ ਕੇ ਤਪਦਿਕ (ਟੀ.ਬੀ.) ਹੋ ਗਿਆ। ਉਨ੍ਹਾਂ ਦਿਨਾਂ ਵਿਚ ਟੀ.ਬੀ. ਦਾ ਕੋਈ ਇਲਾਜ ਨਹੀਂ ਸੀ। ਰੋਗ ਵਧਦਾ ਗਿਆ। ਭਾਦੋਂ ਦਾ ਮਹੀਨਾ ਸੀ। 29 ਭਾਦੋਂ ਦਾ ਦਿਨ ਸੀ। ਸੇਵਕ ਨੇ ਸਤਿਗੁਰੂ ਜੀ ਅੱਗੇ ਅਰਜ਼ ਕੀਤੀ, ਮਾਤਾ ਜੀ ਔਖੇ ਸਵਾਸ ਲੈ ਰਹੇ ਹਨ। ਸਤਿਗੁਰ ਜੀ ਕੋਠੀ ਗਏ। ਮਾਤਾ ਜੀ ਦੇ ਨੇਤਰ ਦਰਵਾਜ਼ੇ ਵੱਲ ਲੱਗੇ ਹੋਏ ਸਨ। ਰੂਹ ਉਡੀਕ ਵਿਚ ਸੀ। ਸਤਿਗੁਰੂ ਜੀ ਕਮਰੇ ਵਿਚ ਦਾਖਿਲ ਹੋਏ। ਮਾਤਾ ਜੀ ਦੇ ਸਵਾਸ ਰੁਕ-ਰੁਕ ਕੇ ਜਿਵੇਂ ਔਖੇ ਆ ਰਹੇ ਸਨ। ਨੇੜੇ ਇਕ ਚੌਕੀ ’ਤੇ ਬੈਠ, ਮਾਤਾ ਜੀ ਦੇ ਭਾਈ ਸੂਬਾ ਮੀਹਾ ਸਿੰਘ ਹੋਰੀ ‘ਸੁਖਮਨੀ’ ਪਾਠ ਕਰ ਰਹੇ ਸਨ। 22ਵੀਂ ਅਸ਼ਟਪਦੀ ਚੱਲ ਰਹੀ ਸੀ। ਮਾਤਾ ਜੀ ਨੇ ਲੇਟਿਆਂ ਹੋਇਆਂ ਹੱਥ ਜੋੜੇ...ਨੇਤਰਾਂ ਨੇ ਵਿਦਾਇਗੀ ਲਈ ਆਗਿਆ ਮੰਗੀ। ਸਤਿਗੁਰ ਸੱਚੇ ਪਾਤਸ਼ਾਹ ਜੀ ਦੀ ਉਡੀਕ ਵਿਚ ਪ੍ਰਾਣ ਅਟਕੇ ਹੋਏ ਸਨ। ਸਤਿਗੁਰ ਜੀ ਨੇ ਪਿਆਰ ਨਾਲ ਸਿਰ ’ਤੇ ਹੱਥ ਫੇਰਿਆ... ਅਤੇ ਨੇਤਰ ਬੰਦ ਕਰ ਦਿੱਤੇ...ਬਸ, ਪ੍ਰਾਣ ਪੰਖੇਰੂ ਉਡਾਰੀ ਮਾਰ ਗਏ। ਅੰਮ੍ਰਿਤ ਭਰੇ, ਉਹ ਮਮਤਾ ਭਰੇ ਨੇਤਰ...ਅੱਜ ਬੰਦ ਹੋ ਗਏ।

ਹਰਿ ਅੰਮ੍ਰਿਤ ਭਿੰਨੇ ਲੋਇਣਾ...

# ਵਿਚਿ ਦੁਨੀਆ ਸੇਵ ਕਮਾਈਐ

ਸੰਸਾਰ ਦੁਖੀ ਹੈ...ਰਾਜਾ ਰੰਕ ਸਾਰੇ ਦੁਖੀ ਹਨ :

ਨਾਨਕ ਦੁਖੀਆ ਸਭੁ ਸੰਸਾਰੁ॥

ਮਨੁੱਖ ਦਾ ਮਨੋਵਿਗਿਆਨ ਉਲਟ ਵੱਲ ਆਕਰਖਤ ਹੁੰਦਾ ਹੈ। ਬਹੁਤ ਗਰਮੀ ਹੈ ਤਾਂ ਠੰਢ ਭਾਲਦਾ ਹੈ...ਸਰਦ ਰੁੱਤ ਵਿਚ ਅੱਗ ਦੀ ਕਾਂਗੜੀ, ਹੀਟਰ, ਕੁਝ ਗਰਮਾਇਸ਼ ਚਾਹੁੰਦਾ ਹੈ। ਇਹ ਵਿਪਰੀਤ ਦਾ ਮਨੋ ਵਿਗਿਆਨ ਹੈ। ਤਾਂ, ਹਰ ਮਨੁੱਖ ਸੁਖ ਚਾਹੁੰਦਾ ਹੈ। ਦੁੱਖ ਝੋਲੀ ਵਿਚ ਪਏ ਹੋਏ ਹਨ, ਸੁਖ ਭਾਲਦਾ ਹੈ। ਭੁੱਖਾ ਹੈ, ਭੋਜਨ ਦੀ ਤਲਾਸ਼ ਕਰ ਰਿਹੈ...ਨਿਰਧਨ ਹੈ ਤਾਂ ਧਨ ਚਾਹੀਦਾ ਹੈ। ਸੁਖ, ਮਨੁੱਖ ਦੀ ਮਨੋਦਸ਼ਾ ਵਿਚ ਸਥਾਪਤ ਹੈ। ਹਰ ਮਨੁੱਖ ਸੁਖੀ ਹੋਣ ਲਈ, ਭੋਗ ਦੇ ਸਾਧਨ ਇਕੱਤਰ ਕਰਦਾ ਹੈ। ਜੀਵਨ ਦੌੜ ਦਾ ਪਾਰਿਆਇ ...ਇਕ ਅਨੰਤ ਰੇਸ ਦਾ ਟਰੈਕ ਬਣ ਗਿਆ ਹੈ। ਪਰ ਇਹ ਸੁੱਖ ਦੀ ਰੇਸ ਕਦੇ ਮੁੱਕਦੀ ਨਹੀਂ, ਕਿਉਂਕਿ ਸੁਖ-ਭੋਗ ਦਾ ਲਖਸ਼ ਨਿਰੰਤਰ ਉਪਰ ਉੱਠਦਾ ਰਹਿੰਦਾ ਹੈ, ਕੋਈ ਵਾਹਨ ਦੀ ਸਵਾਰੀ, ਫਿਰ ਵੱਡੀ ਸਵਾਰੀ...ਫਿਰ ਹੋਰ ਵੱਡੀ। ਘਰ ਵੱਡਾ...ਫਿਰ ਹੋਰ ਵੱਡਾ! ਉੜੀਸਾ ਦੇ ਰਾਜੇ ਪਰਤਾਪੁਰਦੇਵ ਕੋਲ ਸੰਗਮਰਮਰ ਦੇ ਮਹਿਲ ਹਨ, ਸੁਖ-ਸੰਪਦਾ, ਸੇਵਕ, ਫੌਜ, ਸਭ ਕੁਝ ਹੈ ਪਰ ਅਜੇ ਰੱਜ ਨਹੀਂ, ਸਿਦਕ ਨਹੀਂ। ਅਰਜ਼ ਕਰਦਾ ਹੈ, ਗੁਰੂ ਨਾਨਕ ਨੂੰ, ਕਿਰਪਾ ਕਰੋ, ਮੇਰੇ ਮਹਿਲਾਂ ਵਿਚ, ਮੇਰੇ ਸਾਮਰਾਜ ਵਿਚ, ਸੁੱਖਾਂ ਵਿਚ ਵਾਧਾ ਹੋਵੇ। ਗੁਰੂ ਨਾਨਕ ਪਾਤਸ਼ਾਹ ਬਚਨ ਕੀਤਾ—

ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ॥
ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥

ਬਾਦਸ਼ਾਹ, ਮੈਂ ਕਾਰੂ ਬਾਦਸ਼ਾਹ ਦਾ ਉਜੜਿਆ ਹੋਇਆ ਮਹਿਲ ਵੇਖਿਆ ਹੈ, ਰਾਵਣ ਦੀ ਢੱਠੀ ਹੋਈ ਲੰਕਾ ਨੂੰ ਵੀ ਵੇਖ ਆਇਆ ਹਾਂ—"ਸੇ ਭੀ ਢਹਦੇ ਡਿਠੁ ਮੈ" ਉਹ ਸਾਰੇ ਢੱਠੇ ਉਜੜੇ ਹੋਏ ਵੇਖ ਆਇਆ ਹਾਂ। ਇਸ ਜਗਤ ਵਿਚ, ਹਰ ਖਿਣ ਦ੍ਰਿਸ਼ ਬਦਲ ਜਾਂਦੇ ਹਨ।

ਇਹ ਦੁੱਖ-ਸੁੱਖ ਦੀ ਕਮਿਸਟਰੀ, ਪਰਮਾਤਮਾ ਨੇ ਗ਼ਜ਼ਬ ਦੀ ਬਣਾਈ ਹੈ। ਇਕ ਦੇ ਬਗ਼ੈਰ ਦੂਜਾ ਟਿਕ ਨਹੀਂ ਸਕਦਾ। ਰਾਤ ਹੋਵੇ ਤਾਂ ਦਿਨ ਦਾ ਉਦੈ ਦਿਸਦਾ

ਹੈ... ਭੁੱਖ ਹੋਵੇ ਤਾਂ ਭੋਜਨ ਸੁਆਦਲਾ ਲੱਗਦਾ ਹੈ...ਦੁੱਖ 'ਚੋਂ ਗੁਜ਼ਰੇ ਹੋਈਏ ਤਾਂ ਥੋੜ੍ਹੇ ਜਿਹੇ ਸੁਖ ਦਾ ਆਨੰਦ ਮਾਣ ਸਕਦੇ ਹਾਂ।

ਸਿਰਜਣਹਾਰ ਨੇ ਸ੍ਰਿਸ਼ਟੀ ਰਚੀ ਤਾਂ ਪਹਿਲਾਂ ਗਹਿਰੀ ਰਾਤ ਰਚੀ...ਕਰੋੜਾਂ ਸਾਲ ਨਿਰੰਤਰ ਗਹਿਰਾ ਹਨੇਰਾ, ਫਿਰ ਧੁੰਧ ਔਰ ਫਿਰ ਚਾਨਣ ਰਚਿਆ। ਦਸਮ ਪਾਤਸ਼ਾਹ ਨੂੰ ਅਕਾਲ ਪੁਰਖ ਸਿਰਜਣ ਰਹੱਸ ਦੱਸਦੇ ਹਨ—

ਜਬ ਪਹਿਲੇ ਹਮ ਸ੍ਰਿਸਟਿ ਬਨਾਈ॥
ਦਈਤ ਰਚੇ ਦੁਸਟ ਦੁਖਦਾਈ॥

ਜਦ ਮੈਂ ਸ੍ਰਿਸਟਿ ਬਣਾਈ, ਪਹਿਲਾਂ ਦੁਸ਼ਟ ਦੁਖਦਾਈ, ਦੈਂਤ ਰਚੇ। ਬਹੁਤ ਵੱਡਾ ਮਨੋਵਿਗਿਆਨ ਹੈ। ਦੁਸ਼ਟ, ਦੁਰਜਨ ਤੋਂ ਬਾਦ ਸੱਜਣ ਮਿਲੇ, ਸੰਤ ਸਾਧ ਮਿਲੇ ਤਾਂ ਬਹੁਤ ਸੁਖੇਵਾਂ ਲੱਗਦਾ ਹੈ। ਬਿਮਾਰੀ ਤੋਂ ਬਾਦ ਸਿਹਤ ਦੀ ਕਦਰ ਸਮਝ ਆਉਂਦੀ ਹੈ ਤਾਂ ਪਰਮੇਸ਼ਰ ਦੀ ਸ੍ਰਿਸ਼ਟੀ ਵਿਚ ਦੇਵਤੇ, ਦੈਂਤ, ਰਿਸ਼ੀ ਮੁਨੀ, ਮਨੁੱਖ ਰਚੇ...ਉਨ੍ਹਾਂ ਦੇ ਕਰਮਾਂ ਅਨੁਸਾਰ, ਦੁੱਖ ਸੁਖ ਦੀ ਆਮਦ ਭੀ ਨਿਰਧਾਰਤ ਹੋਈ।

ਮਨੁੱਖ ਸੁਖ ਹੀ ਚਾਹੁੰਦਾ ਹੈ, ਦੁੱਖ ਨਹੀਂ। ਫੁੱਲ ਹੀ ਚਾਹੁੰਦਾ ਹੈ, ਕੰਡੇ ਨਹੀਂ। ਇਸ ਲੋਕ ਵਿਚ, ਤਨ ਦਾ ਸੁਖ, ਮਨ ਦਾ ਸੁਖ ਅਤੇ ਪਰਲੋਕ ਵਿਚ ਜਦੋਂ ਆਤਮਾ ਜਾਏ..ਮੌਤ ਉਪਰਾਂਤ... ਤਾਂ ਉਸ ਸੁਖ ਦੀ ਪ੍ਰਾਪਤੀ ਲਈ ਭਗਤੀ ਕਰਦੇ ਹਾਂ—

ਕਰਹਿ ਭਗਤਿ ਆਤਮ ਕੈ ਚਾਇ॥
ਪ੍ਰਭ ਅਪਨੇ ਸਿਉ ਰਹਹਿ ਸਮਾਇ॥

ਸੰਸਾਰ ਵਿਚ ਸਰੀਰ ਦਾ ਸੁਖ...ਸਰੀਰ ਨਾਲ ਜੁੜੇ ਹੋਏ ਪਰਿਵਾਰ, ਵਾਪਾਰ ਦਾ ਸੁਖ! ਆਤਮਾ ਦਾ ਚਾਅ, ਆਤਮਾ ਦਾ ਸੁਖ ਹੋਵੇ, ਉਸ ਲਈ ਧਰਮ ਕਰਮ, ਭਗਤੀ ਕਰਦੇ ਹਾਂ। ਹਰ ਹਾਲ...ਹਰ ਥਾਂ ਸੁਖ ਚਾਹੀਦਾ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ, ਸੁਖ ਪ੍ਰਾਪਤੀ ਦਾ ਮੰਤਰ ਦਿੰਦੇ ਹਨ, ਸਿਰੀ ਰਾਗ ਵਿਚ—

ਸੁਖੁ ਹੋਵੈ ਸੇਵ ਕਮਾਣੀਆ॥
ਸਭ ਦੁਨੀਆ ਆਵਣ ਜਾਣੀਆ॥
ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥

ਸੁਖ ਲੋੜਦੇ ਹੋ ਤਾਂ ਸੇਵਾ ਕਰੋ। ਇਹ ਸੇਵਾ, ਦੁਨੀਆਂ ਨੂੰ ਸੁਖੀ ਕਰਦੀ ਹੈ। ਪਹਿਲਾਂ ਆਪਣੇ ਸੁਖ ਲਈ ਪ੍ਰਸ਼ਾਦਾ ਛਕਦੇ ਸਾਂ...ਸਤਿਗੁਰ ਕਹਿੰਦੇ ਹਨ, ਭੁੱਖੇ ਨੂੰ...ਕਿਸੇ ਲੋੜਵੰਦ ਨੂੰ ਪ੍ਰਸ਼ਾਦਾ ਛਕਾਉ।ਉਹ ਤ੍ਰਿਪਤ ਹੋਵੇਗਾ, ਸੁਖੀ ਹੋਵੇਗਾ, ਪਰਮਾਤਮਾ ਤੈਨੂੰ ਸੁਖੀ ਰੱਖੇਗਾ।

ਸੁਖੁ ਹੋਵੈ ਸੇਵ ਕਮਾਣੀਆ॥

ਕਿਸੇ ਨੂੰ ਸੁਖੀ ਕਰਨਾ ਹੈ ਤਾਂ ਉਸ ਦੇ ਦੁਖ ਪ੍ਰਤੀ ਸੰਵਦੇਨਸ਼ੀਲ ਹੋਣਾ ਜ਼ਰੂਰੀ ਹੈ...ਕਰੁਣਾਮਈ ਹੋਣਾ ਲਾਜ਼ਮੀ ਹੈ। ਉਸ ਦੇ ਦੁੱਖ ਪ੍ਰਤੀ, ਕਿਸੇ ਪਰਾਏ ਦੇ ਦੁੱਖ ਦਾ ਆਪਣੇ ਵਿਚ ਅਹਿਸਾਸ ਕਰਨਾ ਇਹੀ ਕਰੁਣਾ ਹੈ, ਦਇਆ ਹੈ। ਅੰਦਰ, ਕਰੁਣਾ ਜਾਗੀ, ਕਿਸੇ ਦੇ ਦੁੱਖ ਤੋਂ ਦ੍ਰਵਿਤ ਹੋਇ, ਅੱਖਾਂ 'ਚੋਂ ਹੰਝੂ ਨਿਕਲ ਪਏ...ਇਹ ਸੇਵਾ ਦਾ ਜਨਮ ਸਮਝ ਲਉ।

ਮਹਾਰਿਸ਼ੀ ਬਾਲਮੀਕਿ ਅਤੇ ਮਹਾਂਰਿਸ਼ੀ ਭਾਰਦਵਾਜ, ਦੋਵੇਂ ਮਿੱਤਰ ਇਕ ਸ਼ਾਮ ਤਪਸਾ ਨਦੀ ਦੇ ਕਿਨਾਰੇ ਬੈਠ, ਪ੍ਰਭੂ ਚਰਚਾ ਕਰ ਰਹੇ ਸਨ...ਜੀਵਨ ਅਤੇ ਮੋਖ਼ਸ਼ ਦੀਆਂ ਗੁੰਝਲੀਆਂ ਤੰਦਾਂ ਖੋਲ੍ਹਣ ਦਾ ਜਤਨ ਕਰ ਰਹੇ ਸਨ। ਸਾਮ੍ਹਣੇ ਦਰੱਖ਼ਤ ਦੀ ਇਕ ਸ਼ਾਖ ਤੇ ਕ੍ਰੌਚ ਪੰਖੀਆਂ ਦਾ ਇਕ ਪ੍ਰੇਮੀ ਜੋੜਾ ਕਲੋਲ ਕਰ ਰਹੇ ਸਨ। ਪਿਆਰ ਵਿਚ ਡੁੱਬੇ ਹੋਏ ਦੋਹਾਂ ਮਾਸੂਮ ਪੰਖੀਆਂ ਨੂੰ, ਇਕ ਸ਼ਿਕਾਰੀ ਨੇ ਤੀਰ ਮਾਰਿਆ। ਨਰ-ਪੰਖੀ ਨੂੰ ਲੱਗਾ...ਚੀਂ...ਚੀਂ ਦੀ ਆਰਤ ਧੁਨੀ ਕਰਦਾ ਹੋਇਆ ਨਰ ਕ੍ਰੌਂਚ, ਥੱਲੇ ਧਰਤੀ 'ਤੇ ਡਿੱਗਾ। ਮਾਦਾ ਪੰਖੀ, ਵਿਲਾਪ ਦੇ ਸੁਰ ਵਿਚ ਚੀਂ ਚੀਂ ਕਰਨ ਲੱਗ ਪਈ। ਦੋਹਾਂ ਮਹਾਂਰਿਸ਼ੀਆਂ ਦਾ ਹਿਰਦਾ, ਪੰਖੀ ਪ੍ਰਤੀ ਕਰੁਣਾ ਅਤੇ ਸ਼ਿਕਾਰੀ ਪ੍ਰਤੀ ਕ੍ਰੋਧ ਨਾਲ ਭਰ ਗਿਆ। ਬਾਲਮੀਕੀ ਦੇ ਮੂੰਹ 'ਚੋਂ ਨਿਕਲਿਆ—

ਮਾ ਨਿਸਾਦ ਪ੍ਰਤਿਸਠਾਂ ਤਵਮਗਮ: ਸ਼ਾਸ਼ਵਤੀ ਸਮਾ:<br>
ਯਤ ਕ੍ਰੌਂਚ ਮਿਥੁਨ ਆਦੇਕਮ ਵਧੀ: ਕਾਮ ਮੋਹਿਤਮ।

ਹੇ ਨਿਸ਼ਾਦ! ਹੇ ਸ਼ਿਕਾਰੀ! ਤੇਰਾ ਕਦੇ ਭਲਾ ਨਾ ਹੋਵੇ...ਅਨੰਤ ਕਾਲ ਤਕ ਤੇਰੀ ਆਤਮਾ ਭਟਕਦੀ ਰਹੇ ਕਿਉਂਕਿ ਤੂੰ ਪ੍ਰੇਮ ਲੀਲਾ ਵਿਚ ਮਗਨ ਕ੍ਰੌਂਚ ਪੰਖੀ ਨੂੰ ਮਾਰ ਦਿੱਤਾ। ਕਹਿੰਦੇ ਹਨ, ਮਹਾਂਰਿਸ਼ੀ ਬਾਲਮੀਕਿ ਦੇ ਮੂੰਹ 'ਚੋਂ ਕਰੁਣਾ ਦੇ ਸ਼ਬਦ ਨਿਕਲੇ, ਉਹ ਜਗ ਦੀ ਪਹਿਲੀ ਕਵਿਤਾ ਸੀ। ਆਦਿ ਕਵੀ ਬਾਲਮੀਕਿ ਜਗ ਦੇ ਪਹਿਲੇ ਕਵੀ! **ਬਾਲਮੀਕਿ ਰਮਾਇਣ** ਇਸੇ ਕਰੁਣਾਮਈ ਸਲੋਕ ਤੋਂ ਆਰੰਭ ਹੁੰਦੀ ਹੈ। ਇਹੋ ਕਰੁਣਾ ਅੱਗੇ ਜਾ ਕੇ, ਗਰਭਵਤੀ ਮਾਤਾ ਸੀਤਾ ਅਤੇ ਬੱਚੇ ਲਵ ਕੁਸ਼ ਦੀ ਸੇਵਾ ਰੂਪ ਵਿਚ ਪਰਗਟ ਹੋਈ।

ਭਗਵਾਨ ਬੁੱਧ ਕਹਿੰਦੇ, ਈਸ਼ਵਰ ਦਾ ਤਾਂ ਨਹੀਂ ਪਤਾ...ਇਹ ਜੋ ਜੀਵ ਹਨ, ਮਨੁੱਖ ਹਨ, ਇਹ ਸਾਰੇ ਆਪਣੇ ਆਪ ਵਿਚ ਈਸ਼ਵਰ ਦੀ ਸੰਪੂਰਨ ਸੁੰਦਰਤਾ ਲੈ ਕੇ ਆਏ ਹਨ; ਇਨ੍ਹਾਂ ਦੀ ਸੇਵਾ ਕਰੋ। ਇਨ੍ਹਾਂ ਸਾਰੇ ਜੀਆਂ ਨੂੰ ਯਥਾਸ਼ਕਤ ਕੁਝ ਵੀ ਦਿਉ! ਇਕ ਮੁੱਠ ਅਨਾਜ...ਜਾਂ ਨਾ ਹੋਵੇ ਤਾਂ ਜਲ ਦਾ ਇਕ ਪਾਤਰ...ਉਹ ਵੀ ਨਾ ਸੰਭਵ ਹੋਵੇ ਤਾਂ ਦੋ ਮਿੱਠੇ ਬੋਲ! ਸਾਂਤਵਨਾ ਭਰੇ, ਸੁਹਿਰਦਤਾ ਭਰੇ, ਤੇਰੇ ਦੋ ਮਮਤਾਮਈ ਸ਼ਬਦ, ਕਿਸੇ ਦੁਖਦੇ ਹੋਏ ਜ਼ਖ਼ਮ ਦੀ ਅਉਖਧ ਬਣ ਜਾਣਗੇ।

**ਮਿਲਿੰਦ ਪ੍ਰਸ਼ਨ** ਬੋਧ ਗ੍ਰੰਥ ਵਿਚ, ਰਾਜਾ ਮਿਲਿੰਦ ਅਤੇ ਭਿਖੂ ਨਾਗਸੈਣ ਦੇ ਸੰਵਾਦ ਦਰਜ ਹਨ। ਇਕ ਥਾਂ 'ਤੇ ਪ੍ਰਸੰਗ ਹੈ, ਭਿਖੂ ਮਹਾਂਸੈਣ ਰੋਜ਼ ਪੰਜ ਘਰਾਂ 'ਚ ਭਿਖਿਆ ਮੰਗਣ ਜਾਂਦਾ। ਆਸ਼੍ਰਮ 'ਚੋਂ ਭਿਖਿਆ ਪਾਤਰ ਲੈ ਕੇ ਨਿਕਲਦਾ...ਪਿੰਡ ਵਿਚ ਪ੍ਰਵੇਸ਼ ਕਰਦਿਆਂ, ਪੰਜ ਘਰਾਂ 'ਚੋਂ ਤੀਜਾ ਘਰ ਇਕ ਬ੍ਰਾਹਮਣ ਦਾ ਸੀ। ਮਹਾਂ ਕੰਜੂਸ ਵੀ ਸੀ ਅਤੇ ਬੋਲੀ ਦਾ ਕੁਰੱਖ਼ਤ ਵੀ ਸੀ। ਰੋਜ਼ ਭਿੱਖੂ ਨੇਮ ਨਾਲ ਪੰਜ ਘਰ ਜਾਂਦਿਆਂ, ਤੀਜਾ ਘਰ ਬ੍ਰਾਹਮਣ ਦਾ ਆਉਂਦਾ, ਭਿਖਿਆ ਦੀ ਆਵਾਜ਼ ਲਗਾਉਂਦਾ। ਬ੍ਰਾਹਮਣ ਮੰਦਾ ਫਿੱਕਾ ਬੋਲਦਾ, ਭਿੱਖੂ ਸ਼ਾਂਤ ਚਿੱਤ ਅਗਲੇ ਘਰ ਲਈ ਟੁਰ ਪੈਂਦਾ। ਇਕ ਦਿਨ ਬ੍ਰਾਹਮਣ ਘਰ ਨਹੀਂ ਸੀ। ਭਿੱਖੂ ਨੇ ਭਿਖਿਆ ਦੀ ਆਵਾਜ਼ ਲਗਾਈ। ਅੰਦਰੋਂ ਪੰਡਿਤ ਜੀ ਦੀ ਘਰ ਵਾਲੀ ਆਈ। ਪਿਆਰ ਨਾਲ ਬੋਲੀ, ਭਿੱਖੂ ਜੀ! ਕੱਲ੍ਹ ਆਇਓ। ਭਿੱਖੂ, ਅੱਗੇ ਵਧ ਗਿਆ। ਅੱਗੋਂ ਉਹੋ ਬ੍ਰਾਹਮਣ ਮਿਲ ਪਿਆ। ਪੁੱਛਿਆ, ਭਿੱਖੂ! ਅੱਜ ਵੀ ਮੇਰੇ ਘਰ ਗਿਆ ਸੀ ?

ਹਾਂ ਜੀ! ਭਿੱਖੂ ਬੋਲਿਆ।

ਕੁਝ ਮਿਲਿਆ ? ਬ੍ਰਾਹਮਣ

ਹਾਂ ਜੀ, ਮਿਲਿਆ—ਭਿੱਖੂ ਸਹਿਜ ਭਾਵ ਬੋਲਿਆ।

ਪੰਡਿਤ ਜੀ ਕ੍ਰੋਧ ਵਿਚ ਭਰੇ ਹੋਏ ਘਰ ਵੱਲ ਤੇਜ਼ੀ ਨਾਲ ਲੰਘ ਗਏ। ਬ੍ਰਾਹਮਣੀ ਤੋਂ ਪੁੱਛਿਆ, ਉਸ ਵੇਹਲੜ ਭਿੱਖੂ ਨੂੰ ਕਿਉਂ ਭਿੱਖਿਆ ਦਿੱਤੀ ?

ਬ੍ਰਾਹਮਣੀ ਕਿਹਾ, ਜੀ ਨਹੀਂ ਦਿੱਤੀ।

ਦੂਜੇ ਦਿਨ, ਜਦੋਂ ਭਿੱਖੂ ਆਇਆ ਤਾਂ ਬ੍ਰਾਹਮਣ ਗ਼ੁੱਸੇ ਵਿਚ ਬੋਲਿਆ, ਓਏ ਭਿੱਖੂ! ਝੂਠ ਬੋਲਦਾ ਹੈਂ। ਇਥੋਂ ਤਾਂ ਤੈਨੂੰ ਕਿਸੇ ਕੁਝ ਦਿੱਤਾ ਨਹੀਂ...ਤੂੰ ਕਹਿਆ ਸੀ ਭਿਖਿਆ ਮਿਲੀ।

ਭਿੱਖੂ ਸਹਜ ਭਾਵ ਫਿਰ ਬੋਲਿਆ—ਜੀ ਬਿਲਕੁਲ ਮਿਲੀ ਸੀ, ਦੋ ਮਿੱਠੇ ਬੋਲ। "ਭਿਖੂ ਜੀ, ਕੱਲ੍ਹ ਆਇਓ।"

ਤਾਂ ਤਥਾਗਤ ਕਹਿੰਦੇ, ਕੁਝ ਹੋਰ ਸੰਭਵ ਨਾ ਹੋਵੇ ਤਾਂ ਦੋ ਮਿੱਠੇ ਬੋਲ ਵੀ ਤਨ-ਮਨ ਸ਼ੀਤਲ ਕਰ ਜਾਂਦੇ ਹਨ।

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ—

ਸੁਖੁ ਹੋਵੈ ਸੇਵ ਕਮਾਣੀਆ॥

# ਗੁਰੂ ਸਰਵਰ ਹਮ ਹੰਸ ਪਿਆਰੇ

ਸਤਿਗੁਰ ਬਾਬਤ, ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਕਹਿੰਦੇ ਹਨ—ਗੁਰੂ ਸਮੁੰਦਰ ਹੈ, ਹੀਰਿਆਂ, ਲਾਲਾਂ, ਰਤਨਾਂ ਭਰਿਆ, "ਸਾਗਰ ਮਹਿ ਰਤਨ ਲਾਲ ਬਹੁ ਸਾਰੇ"... ਅਤੇ ਗੁਰੂ ਦੇ ਸਿੱਖ, ਹੰਸ ਵਾਂਗ ਹਨ, ਗੁਰੂ ਆਦਰਸ਼ ਦੇ ਮੋਤੀ ਚੁਗਦੇ ਹੰਸ! ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਜੀਵਨ ਚਰਿੱਤਰ 'ਚੋਂ ਕੁਝ ਪ੍ਰਸੰਗ, ਗੁਰੂ ਅਤੇ ਸਿੱਖ ਦੇ ਸੰਦਰਭ ਵਿਚ ਵੇਖਾਂਗੇ।

ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ, 'ਬੀੜ' ਹਰ ਸਾਲ ਚਾਲ੍ਹੀ ਦਿਨਾਂ ਦਾ ਚਲੀਹਾ ਕੱਟਦੇ ਹੁੰਦੇ ਸਨ। ਉਹ ਚਾਲ੍ਹੀ ਦਿਨ ਅਲਪ ਆਹਾਰ ਸੁਲਪ ਸੀ ਨਿੰਦ੍ਰਾ ਅਤੇ ਵੱਧ ਤੋਂ ਵੱਧ ਮੌਨ ਰਹਿ ਕੇ ਸਿਮਰਨ ਵਿਚ ਗੁਜ਼ਾਰਦੇ। ਨਾਮ ਸਿਮਰਨ ਦੀ ਅਖੰਡ ਵਰਨੀ ਸਦਾ ਚਲਦੀ ਰਹਿੰਦੀ। ਤਿੰਨ ਚਾਰ ਸਾਧ ਉਥੇ ਸਦਾ ਰਹਿੰਦੇ। ਇਕ ਵਾਰ ਸਤਿਗੁਰ ਜੀ, ਪੱਛਮੀ ਪੰਜਾਬ ਦੇ ਦੌਰੇ 'ਤੇ ਗਏ ਹੋਏ ਸਨ। ਬੀੜ, ਰਾਸ਼ਨ ਮੁੱਕ ਗਿਆ। ਦੋ ਦਿਨ ਭੁੱਖਿਆਂ ਹੀ ਵਰਨੀ ਚਲਦੀ ਰਹੀ। ਤੀਜੇ ਦਿਨ, ਇਕ ਸਾਧ ਨੂੰ ਸ੍ਰੀ ਭੈਣੀ ਸਾਹਿਬ ਘੱਲਿਆ। ਸਤਿਗੁਰ ਜੀ ਦੌਰੇ 'ਤੇ ਸਨ। ਮਾਤਾ ਭੁਪਿੰਦਰ ਕੌਰ ਨੂੰ ਰਾਸ਼ਨ ਲਈ ਅਰਜ਼ ਕੀਤੀ। ਮਾਤਾ ਜੀ ਬਚਨ ਕੀਤਾ, ਮੇਰੇ ਕੋਲ ਵੀ ਪੈਸੇ ਨਹੀਂ ਹਨ। ਖਲੋ ਜਾਉ...ਵੇਖਦੀ ਹਾਂ। ਅੰਦਰ ਆਪਣੇ ਕਪੜਿਆਂ ਵਾਲਾ ਸੰਦੂਕ ਫੋਲਿਆ... ਸ਼ਾਇਦ ਕੁਝ ਭਾਲ ਰਹੇ ਸਨ। ਕਪੜਿਆਂ ਹੇਠ, ਇਕ ਸੋਨੇ ਦੀ ਮੁੰਦਰੀ, ਸ਼ਾਇਦ ਵਿਆਹ ਵੇਲੇ ਦੀ ਹੱਥ ਆ ਗਈ। ਅੰਦਰੋਂ ਲਿਆ ਕੇ ਸਾਧ ਹੱਥ ਫੜਾਈ...ਇਹ ਵੇਚ ਕੇ ਰਾਸ਼ਨ ਲੈ ਆਉ, ਉਦੋਂ ਤਾਈਂ ਸਤਿਗੁਰ ਜੀ ਨੇ ਆ ਜਾਣਾ ਹੈ।

ਸੰਨ 1952 ਵਿਚ, ਸਤਿਗੁਰ ਜੀ ਰੰਗੂਨ ਦਾ ਦੌਰਾ ਕੀਤਾ। ਸਦਾ ਗੁਰੂ ਰਾਮ ਸਿੰਘ ਦੇ ਵਿਯੋਗ ਵਿਚ ਰਹਿਣ ਵਾਲੇ, ਤਕਰੀਬਨ ਹਰ ਉਪਦੇਸ਼ ਵਿਚ ਸਤਿਗੁਰੂ ਰਾਮ ਸਿੰਘ ਨੂੰ ਯਾਦ ਕਰਨ ਵਾਲੇ, ਵੱਡ ਪ੍ਰਤਾਪੀ ਸਤਿਗੁਰੂ ਪ੍ਰਤੀ ਸੰਤ ਇੰਦਰ ਸਿੰਘ ਚਕ੍ਰਵਰਤੀ ਜੀ ਲਿਖਦੇ ਹਨ, ਸਮੁੰਦਰੀ ਜਹਾਜ਼ ਜਦੋਂ ਕਲਕੱਤੇ ਪੋਰਟ ਤੋਂ ਟੁਰਿਆ, ਸਤਿਗੁਰ ਜੀ ਆਪਣੀ ਸੀਟ ਤੋਂ ਉੱਠ ਕੇ ਉਪਰ ਡੈੱਕ 'ਤੇ ਜਾ ਖਲੋਤੇ। ਸਟੀਲ ਦੇ ਹੈਂਡਲ ਨੂੰ ਹੱਥ ਪਾ ਕਿਨਾਰੇ ਦੇ ਲੰਘਦੇ ਹੋਏ, ਘਰ ਮਕਾਨ ਹੌਲੀ ਹੌਲੀ ਦੂਰ ਹੁੰਦਾ ਕਲਕੱਤਾ ਸ਼ਹਿਰ ਵੇਖਦਿਆਂ, 'ਮਾਹੀ' ਦੀ ਯਾਦ ਆ ਗਈ। ਇਸੇ ਰਾਹ ਤੋਂ ਸਤਿਗੁਰ ਚੀਨੀ ਵਾਲੇ ਦਾ ਜਹਾਜ਼ ਲੰਘਿਆ ਹੋਵੇਗਾ। ਸਰਕਾਰੀ ਸੰਤਰੀਆਂ ਦੀ ਕੈਦ

ਵਿਚ, ਇਸੇ ਰਾਹ ਪ੍ਰਦੇਸ ਟੁਰ ਗਏ। ਅੱਖਾਂ 'ਚੋਂ ਛਮ ਛਮ ਹੰਝੂ ਡਿੱਗਣ ਲੱਗੇ। ਚਕ੍ਰਵਰਤੀ ਜੀ ਚੁੱਪ ਚੁਪੀਤੇ ਕੋਲ ਆ ਖੜੇ ਹੋਏ। ਸਤਿਗੁਰ ਜੀ ਬਚਨ ਕੀਤਾ, ਚਕ੍ਰਵਰਤੀ ਜੀ ਅੱਜ ਮੁਲਕ ਆਜ਼ਾਦ ਹੋ ਗਿਐ। ਅਸੀਂ ਸੰਗਤਾਂ ਨਾਲ ਆਪਣੀ ਮਰਜ਼ੀ ਨਾਲ ਯਾਤਰਾ ਕਰ ਰਹੇ ਹਾਂ। ਗੁੱਜਰਾਂ, ਵਪਾਰੀਆਂ ਦੀਆਂ ਗਊਆਂ ਵੀ ਜਹਾਜ਼ ਤੇ ਰੰਗੂਨ ਜਾ ਰਹੀਆਂ ਹਨ। ਗਊ ਦਾ ਦੁੱਧ ਮਨਮਰਜ਼ੀ ਦਾ ਮਿਲ ਰਿਹੈ...ਲੰਗਰ ਪਾਣੀ ਦੀ ਵਿਵਸਥਾ ਵੀ ਚਲ ਰਹੀ ਹੈ। ਸਤਿਗੁਰ ਜੀ ਵੇਲੇ...? ਬੱਸ ਇਕ ਗੜਵਾ ਜਲ ਦਾ...! ਰੰਗੂਨ ਤੋਂ ਮਰਗੋਈ ਜਾਂਦਿਆਂ, ਉਹ ਗੜਵਾ ਵੀ ਸਮੁੰਦਰ ਵਿਚ ਸੁੱਟ ਦਿੱਤਾ। ਕਿਵੇਂ ਭੁੱਖੇ, ਤ੍ਰਿਹਾਏ ਸਫ਼ਰ ਪੂਰਾ ਕੀਤਾ ਹੋਏਗਾ ? ਨੇਤਰ ਭਿੱਜ ਗਏ।

ਸੰਨ 1950 ਵਿਚ ਸੰਤ ਦਸੌਂਧਾ ਸਿੰਘ ਹੋਰਾਂ ਨੂੰ ਰਾਤ ਦ੍ਰਿਸ਼ਟਾਂਤ ਹੋਇਆ। ਸਤਿਗੁਰ ਰਾਮ ਸਿੰਘ ਪਾਤਸ਼ਾਹ ਹੁਕਮ ਕੀਤਾ, "ਸੁਹੇਵੇ ਸਾਹਿਬ, ਮੇਰੇ ਨਮਿਤ ਪੰਜ ਸੌ ਇਕ ਅਖੰਡ ਪਾਠ ਕਰਵਾ ਕੇ ਭੋਗ ਪਾਉ।"

ਦਸੌਂਧਾ ਸਿੰਘ ਹੋਰਾਂ ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਨੂੰ 'ਗੁਰੂ ਆਦੇਸ਼' ਸੁਣਾਇਆ। ਉਜਾੜ...ਦੂਰ ਦੂਰ ਤਕ ਰੇਤ ਦੇ ਟਿੱਬਿਆਂ ਵਿਚਾਲੇ, ਖੂਹ ਦੀ ਭਾਲ ਕਰ ਕੇ ਪਾਠ ਦੀ ਤਿਆਰੀ ਆਰੰਭ ਹੋ ਗਈ। ਇਕ ਪਾਠ ਦਾ ਮੋਖ ਇਕ ਸੌ ਇਕ ਰੁਪਿਆ ਰੱਖਿਆ। ਕਈਆਂ ਨੇ ਬਲਦਾਂ ਦੀ ਜੋੜੀ ਵੇਚ ਕੇ ਹਿੱਸਾ ਪਾਇਆ। ਰਾਗੀ ਹਜੂਰਾ ਸਿੰਘ ਨੇ, ਆਪਣਾ ਮਨਪਸੰਦ ਵਾਜਾ ਵੇਚ ਕੇ, ਪਾਠ ਲਈ ਲੋੜੀਂਦਾ ਇਕ ਸੌ ਇਕ ਰੁਪਿਆ ਭੇਟ ਕੀਤਾ। ਮਾਸਟਰ ਬਲਵੰਤ ਸਿੰਘ ਉਗਰਾਹੀ ਕਰ ਰਹੇ ਸਨ। ਇਕ ਮਜ਼੍ਹਬੀ ਮਸਤਾਨਾ, ਰਤਨ ਸਿੰਘ ਵੀ ਹਿੱਸਾ ਪਾਉਣਾ ਚਾਹੁੰਦਾ ਸੀ। ਦਿਹਾੜੀਆਂ ਕਰ ਕੇ ਦਸ ਰੁਪਏ ਜੋੜੇ ਹੋਏ ਸਨ। ਪੰਜ ਕਿਸੇ ਦਾ ਕਰਜ਼ ਸੀ, ਉਹ ਲਾਹਿਆ। ਪੰਜ ਰੁਪਏ ਲੈ ਕੇ ਆਇਆ, ਮਾਸਟਰ ਜੀ ਇਕ ਪਾਠ ਮੇਰੇ ਵੱਲੋਂ ਕਰ ਦਿਉ। ਮਾਸਟਰ ਜੀ ਸਮਝਾਉਣ ਲੱਗੇ, ਪਾਠ ਦਾ ਮੋਖ ਇਕ ਸੌ ਇਕ ਰੁਪਿਆ ਹੈ। ਉਧਰੋਂ ਸੱਚੇ ਪਾਤਸ਼ਾਹ ਆ ਗਏ। ਗੱਲ ਬਾਤ ਮਸਤਾਨੇ ਦੀ ਸੁਣ ਲਈ। "ਕੋਈ ਗੱਲ ਨਹੀਂ" ਸਤਿਗੁਰ ਜੀ ਬਚਨ ਕੀਤਾ, "ਤੇਰੇ ਕਪੜੇ ਘਿਸ ਗਏ ਹਨ...ਤੂੰ ਆਪਣਾ ਝੱਗਾ ਸਵਾਂ ਲੈ, ਪਾਠ ਤੇਰਾ ਅਸੀਂ ਕਰਵਾ ਦਿੰਦੇ ਹਾਂ।"

ਨਹੀਂ, ਪਾਤਸ਼ਾਹ ਜੀ! ਬਹੁਤ ਮਿਹਨਤ ਕਰ ਕੇ ਇਹ ਰਕਮ ਜੋੜੀ ਹੈ...ਮੇਰਾ ਹਿੱਸਾ ਪਾ ਲਵੋ।

ਸਤਿਗੁਰ ਜੀ, ਮਾਸਟਰ ਜੀ ਨੂੰ ਕਿਹਾ, ਰੱਖ ਲਉ ਮਾਸਟਰ ਜੀ...ਖੌਰੇ ਇਸ ਕਿਰਤੀਏ ਮਸਤਾਨੇ ਸਦਕਾ, ਸਾਨੂੰ ਵੀ 'ਚੀਨੀ ਵਾਲੇ' ਦੇ ਦਰਸ਼ਨ ਹੋ ਜਾਣ।

ਕਹਿੰਦੇ 'ਸਤਿਗੁਰ ਸਦ ਬਖਸ਼ਿੰਦ ਹੈ'। 1956 ਦੇ ਜਪ ਪ੍ਰਯੋਗ, ਭੋਗ ਵਾਲੇ ਦਿਨ ਸੰਗਤ ਨੂੰ ਉਪਦੇਸ਼ ਦਿੰਦਿਆਂ ਬਚਨ ਕੀਤਾ, "ਅੱਜ ਸਾਰੇ ਬਖਸ਼ੇ।" ਜਿਹੜੇ ਇਥੇ ਆ ਗਏ...ਜਿਹੜੇ ਨਹੀਂ ਆ ਸਕੇ, ਸਾਰੇ ਬਖਸ਼ੇ। ਨਾਲ ਫਿਰ ਬਚਨ ਕੀਤਾ,

ਰਾਵਲਪਿੰਡੀ ਦੇ ਹੋਲੇ ਮੁਹੱਲੇ ਦੇ ਭੋਗ ਉਪਰੰਤ, ਰੇਲ ਗੱਡੀ ਤੇ ਲਾਹੌਰ ਆਉਂਦਿਆਂ ਸੰਤ ਕੇਸਰ ਸਿੰਘ ਚਵਿੰਡੇ ਵਾਲਿਆਂ ਮੈਨੂੰ ਮੋਢਿਉਂ ਫੜ ਕਿਹਾ ਸੀ, ਇਹ ਗੁਰੂ ਰਾਮ ਸਿੰਘ ਦਾ ਦਰ ਹੈ...ਵੇਖੀਂ ਕਿਤੇ ਬਖ਼ਸ਼-ਦਰ ਨਾ ਬੰਦ ਕਰ ਦੇਵੀਂ...ਸਿੱਖ ਤਾਂ ਰੋਜ਼ ਭੁੱਲਾਂ ਕਰਦਾ ਹੈ।

ਮਾਲਵੇ, ਰੂਪੇ ਪਿੰਡ ਦੇ ਬ੍ਰਾਹਮਣ ਵਿਦਵਾਨ ਪੰਡਤ ਕੁੰਦਨ ਲਾਲ ਕਹਿੰਦੇ। ਸੰਸਕ੍ਰਿਤ, ਬ੍ਰਿਜ ਭਾਸ਼ਾ ਦੇ ਪ੍ਰਕਾਂਡ ਵਿਦਵਾਨ। ਵੇਦਾਂਤ, ਉਪਨਿਸ਼ਦ ਦੇ ਮਰਮ ਗਿਆਨੀ। ਰਾਜਿਆਂ-ਮਹਾਰਾਜਿਆਂ ਦੇ ਸੱਦੇ ’ਤੇ ਪਾਠ ਕਥਾ ਕਰਨ ਜਾਂਦੇ। ਰੂਪੇ ਦੇ ਹੀ ਸੰਤ ਗੋਪਾਲ ਸਿੰਘ ਨਾਲ ਸਹਿਚਾਰ ਸੀ। ਕਈ ਵਾਰ ਉਨ੍ਹਾਂ ਨਾਲ ਕੂਕਿਆਂ ਦੇ ਦੀਵਾਨ ਵੇਖੇ ਸੁਣੇ ਸਨ...ਮਸਤਾਨੀ ਹੁੰਦੀ ਸੰਗਤ ਵੇਖੀ ਸੀ। ਕਈ ਵਾਰ ਸੰਤ ਗੋਪਾਲ ਸਿੰਘ ਹੋਰੀਂ ਕਹਿੰਦੇ, ਪੰਡਿਤ ਜੀ, ਇਕ ਵਾਰ ਸਤਿਗੁਰ ਜੀ ਦੇ ਦਰਸ਼ਨ ਕਰ ਲਉ, ਤਸੱਲੀ ਹੋ ਜਾਏਗੀ। ਇਕ ਵਾਰ ਸਬੱਬ ਨਾਲ ਘੋੜੇ ’ਤੇ ਬੈਠ ਦੌਰਾ ਕਰਦਿਆਂ, ਭੈਣੀ ਸਾਹਿਬ ਨੇੜਿਉਂ ਲੰਘਦਿਆਂ, ਚਿੱਤ ਵਿਚ ਆਇਆ, ਇਕ ਵਾਰ ‘ਭੈਣੀ’ ਹੋ ਆਈਏ। ਸਤਿਗੁਰ ਜੀ ਕਿਤੇ ਬਾਹਰ ਗਏ ਸਨ। ਮਾਤਾ ਜੀਉਣ ਕੌਰ ਨੇ, ਬੜੇ ਸਤਿਕਾਰ ਪਿਆਰ ਨਾਲ ਪੰਡਿਤ ਜੀ ਨੂੰ ਲੰਗਰ ਛਕਾਇਆ। ਰਾਜ ਮਹਿਲਾਂ ਦੇ ਵਿਅੰਜਨ ਅੱਜ ਫਿੱਕੇ ਪੈ ਗਏ। ਮਾਤਾ ਜੀਉਣ ਕੌਰ ਹੱਥੋਂ ਲੰਗਰ ਦਾ ਪਰਸ਼ਾਦਾ ਛਕ ਨਿਹਾਲ ਹੋ ਗਏ। ਕੁਝ ਸਮੇਂ ਮਗਰੋਂ, ‘ਕੋਠਾ ਗੁਰੂ’ ਬਠਿੰਡੇ ਤੋਂ 12 ਕੋਹ ’ਤੇ ਮੇਲਾ ਹੋਇਆ। ਸਤਿਗੁਰ ਜੀ ਆਸਣ ’ਤੇ ਦਰਸ਼ਨ ਦੇ ਰਹੇ ਸਨ। ਭਗਤੇ ਦੇ ਜਥੇਦਾਰ ਚੂਹੜ ਸਿੰਘ ਹੋਰਾਂ ਦੀਵਾਨ ਲਾਇਆ ਸੀ। ਸੰਤ ਗੋਪਾਲ ਸਿੰਘ ਨਾਲ ਪੰਡਿਤ ਜੀ ਵੀ ਆ ਗਏ। ਗੋਪਾਲ ਸਿੰਘ ਹੋਰਾਂ ਪੰਡਿਤ ਜੀ ਨੂੰ ਅੱਗੇ ਹੋ, ਮੱਥਾ ਟੇਕਣ ਅਤੇ ਭਜਨ ਲੈਣ ਲਈ ਪ੍ਰੇਰਿਆ। ਪੰਡਤ ਜੀ, ਸਤਿਗੁਰਾਂ ਸਨਮੁਖ ਆਏ ਤੇ ਕਿਹਾ, ਗੁਰੂ ਜੀ! ਮੈਂ ਕੌਡੀਆ ਸੱਪ ਹਾਂ...ਜੇ ਭਜਨ ਮਾਫਕ ਨਾ ਆਇਆ ਤਾਂ ਪੁੱਠਾ ਹੋਏ ਡੰਗ ਮਾਰਾਂਗਾ।

ਸਤਿਗੁਰ ਜੀ ਨੇ, ਸੂਬਾ ਮਸਤਾਨ ਸਿੰਘ ਰਾਇਸਰ ਵਾਲਿਆਂ ਨੂੰ ਹੁਕਮ ਕੀਤਾ, ਸੂਬਾ ਜੀ, ਤੁਸੀਂ ਪੰਡਿਤ ਜੀ ਦੇ ਕੰਨ ਵਿਚ ਭਜਨ ਦੇ ਦਿਉ...ਅੱਗੇ ਮੇਰੀ ਜ਼ਿੰਮੇਵਾਰੀ। ਭਜਨ ਜੋ ਲਿਆ, ਚਿਤ ਸ਼ਾਂਤ ਹੋ ਗਿਆ। ਇਕ ਗ਼ੈਬੀ ਜਿਹੀ ਰੰਗਤ ਚੜ੍ਹ ਗਈ। ਕੇਸ ਦਾਹੜਾ, ਸਿੱਖੀ ਸਰੂਪ ਧਾਰ ਲਿਆ। ਫੇਰ ਇਕ ਭੁੱਲ ਹੋ ਗਈ। ਪੰਡਿਤ ਜੀ ਦੀ ਇਕ ਲੜਕੀ ਬਹੁਤ ਪਹਿਲਾਂ ਹੀ ਆਪਣੀ ਬਿਰਾਦਰੀ ਵਿਚ ਮੰਗੀ ਹੋਈ ਸੀ। ਉਸ ਦਾ ਵਿਆਹ ਕੁੜਮਾਂ ਰਿਸ਼ਤੇਦਾਰਾਂ ਦੇ ਦਬਾਅ ਹੇਠ, ਖੁੱਲ੍ਹੀ ਰੀਤ-ਰਸਮ ਨਾਲ ਕਰ ਲਿਆ। ਤਨਖਾਹੀਏ ਹੋ ਗਏ। ਇਕੱਲਿਆਂ, ਘਰ ਵਿਚ ਗੁੰਮ ਸੁੰਮ ਰਹਿੰਦੇ। ਗੁਰੂ ਦੀਦਾਰ ਲਈ ਮਨ ਲੋਚਦਾ, ਪਰ ਹਿੰਮਤ ਨਾ ਪੈਂਦੀ। ਇਕ ਦਿਨ ਸੂਬਾ ਵਰਿਆਮ ਸਿੰਘ, ਸੰਤ ਇੰਦਰ ਸਿੰਘ ਰੋਡੇ, ਸੰਤ ਦਇਆ ਸਿੰਘ ਕੱਕੜ, ਪੰਡਿਤ ਜੀ ਦੇ ਘਰ ਆ ਗਏ। ਪੰਡਿਤ ਜੀ ਨੂੰ ਪ੍ਰੇਰਿਆ, ਆਓ! ਸਤਿਗੁਰਾਂ ਕੋਲ ਬਖ਼ਸ਼ਾਉਣ

ਚਲਦੇ ਹਾਂ। ਪੰਡਿਤ ਜੀ ਕਿਹਾ, "ਮੈਂ ਤਨਖਾਹੀਆ ਹਾਂ।" ਸੂਬਾ ਜੀ ਕਿਹਾ, ਪ੍ਰਸ਼ਾਦਾ ਤੁਹਾਡੇ ਘਰੋਂ ਛਕ ਕੇ ਅਸੀਂ ਭੀ ਤਨਖਾਹੀਏ ਹੋਏ, ਤੁਹਾਡੇ ਨਾਲ ਚਲਦੇ ਹਾਂ। ਸ੍ਰੀ ਭੈਣੀ ਸਾਹਿਬ, ਪੰਡਿਤ ਜੀ ਨੂੰ ਨਾਲ ਲੈ ਕੇ, ਗਲ ਵਿਚ ਪੱਲਾ ਪਾ ਕੇ ਅਰਜ਼ ਕੀਤੀ, ਪਾਤਸ਼ਾਹ, ਅਸੀਂ ਵੀ ਪੰਡਿਤ ਜੀ ਦੇ ਨਾਲ ਹੀ ਤਨਖਾਹੀਏ ਹਾਂ...ਕਿਰਪਾ ਕਰੋ, ਬਖ਼ਸ਼ ਦਿਉ! ਜੋ ਡੰਡ ਲਾਉ, ਸਿਰ ਮੱਥੇ। ਸਤਿਗੁਰ ਜੀ ਬਚਨ ਕੀਤਾ, ਧੰਨ ਸਤਿਗੁਰ ਦੇ ਸਿੱਖ! ਤੁਸਾਂ ਭਾਈ ਲੱਧਾ ਜੀ ਵਾਲਾ ਪਰਉਪਕਾਰ ਕੀਤਾ ਹੈ। ਜਾਓ, ਪੰਡਿਤ ਜੀ ਨਾਲ ਤੁਸੀਂ ਵੀ ਅੱਜ, ਗੁਰੂ ਸਰੋਵਰ ਦੇ ਹੰਸ ਵਾਂਗ ਉਸਤਤਿ ਜੋਗ ਹੋ ਗਏ। ਗੁਰੂ ਅਤੇ ਸਿੱਖ ਦੇ ਐਸੇ ਹੀ ਰੂਹਾਨੀ ਰਿਸ਼ਤੇ ਬਾਬਤ, ਸ੍ਰੀ ਗੁਰੂ ਨਾਨਕ ਪਾਤਸ਼ਾਹ, ਮਾਰੂ ਰਾਗ ਵਿਚ ਕਹਿੰਦੇ ਹਨ—

ਗੁਰੁ ਸਰਵਰੁ ਹਮ ਹੰਸ ਪਿਆਰੇ॥
ਸਾਗਰ ਮਹਿ ਰਤਨ ਲਾਲ ਬਹੁ ਸਾਰੇ॥